@Qpatrika | @qaumipatrika punjabi | instagram.com/qaumipatrika

Largest Circulated

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ

**Punjabi National Daily** **Qaumi Patrika** **NO.1**

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।

Wednesday, 15 October 2025

VISIT: www.qaumipatrika.org
Email: qpatrika@gmail.com

ਨਵੀਂ ਦਿੱਲੀ: ਬੁੱਧਵਾਰ 15 ਅਕਤੂਬਰ 2025, 1 ਕੱਤਕ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81— ਸੰਪਾਦਕ – ਗੁਰਚਰਨ ਸਿੰਘ ਬੱਬਰ – ਸਾਲ – 43, ਅੰਕ 336, qpatrika@gmail.com ਫੋਨ : 9971359517 www.qaumipatrika.org

## ਸੀਨੀਅਰ ਅਧਿਕਾਰੀਆਂ ਨੂੰ ਵੀ ਸਮਾਜਿਕ ਨਿਆਂ ਦੀ ਪ੍ਰੀਖਿਆ ਤੋਂ ਵਾਂਝਾ ਕਰਦਾ ਹੈ ਸ਼ਾਸਕਾਂ ਦਾ ਪੱਖਪਾਤ : ਸੋਨੀਆ

ਕੌਮੀ ਪਤ੍ਰਿਕਾ
ਤੇਜਿੰਦਰ ਕੌਰ ਬੱਬਰ

ਨੈਸ਼ਨਲ ਡੈਸਕ 14 ਅਕਤੂਬਰ। ਕਾਂਗਰਸ ਸੰਸਦੀ ਦਲ ਦੀ ਮੁਖੀ ਸੋਨੀਆ ਗਾਂਧੀ ਨੇ ਆਈਪੀਐਸ ਅਧਿਕਾਰੀ ਵਾਈ. ਪੂਰਨ ਕੁਮਾਰ ਦੀ ਪਤਨੀ ਨੂੰ ਇੱਕ ਸ਼ੋਕ ਸੰਦੇਸ਼ ਭੇਜ ਕੇ ਆਪਣਾ ਦੁੱਖ ਪ੍ਰਗਟ ਕੀਤਾ, ਜਿਸਨੇ ਕਥਿਤ ਤੌਰ 'ਤੇ ਖੁਦਕੁਸ਼ੀ ਕੀਤੀ ਸੀ ਅਤੇ ਕਿਹਾ ਕਿ ਅੱਜ ਵੀ ਸ਼ਾਸਕਾਂ ਦਾ ਪੱਖਪਾਤੀ ਅਤੇ ਪੱਖਪਾਤੀ ਰਵੱਈਆ ਉੱਚ ਅਧਿਕਾਰੀਆਂ ਨੂੰ ਵੀ ਸਮਾਜਿਕ ਨਿਆਂ ਦੀ ਪ੍ਰੀਖਿਆ



ਤੋਂ ਵਾਂਝਾ ਕਰਦਾ ਹੈ। ਭਾਰਤੀ ਪੁਲਿਸ ਸੇਵਾ (ਆਈਪੀਐਸ) ਅਧਿਕਾਰੀ ਪੂਰਨ ਕੁਮਾਰ ਨੇ ਪਿਛਲੇ ਮੰਗਲਵਾਰ ਆਪਣੇ ਚੰਡੀਗੜ੍ਹ ਨਿਵਾਸ 'ਤੇ ਕਥਿਤ ਤੌਰ 'ਤੇ ਆਪਣੇ ਆਪ ਨੂੰ ਗੋਲੀ ਮਾਰ ਲਈ ਅਤੇ ਇੱਕ ਖੁਦਕੁਸ਼ੀ ਨੋਟ ਛੱਡ ਦਿੱਤਾ। 10 ਅਕਤੂਬਰ ਨੂੰ ਕੁਮਾਰ ਦੀ ਪਤਨੀ ਅਮਨੀਤ ਪੀ. ਕੁਮਾਰ ਨੂੰ ਲਿਖੇ ਇੱਕ ਪੱਤਰ ਵਿੱਚ ਗਾਂਧੀ ਨੇ ਲਿਖਿਆ, ਤੁਹਾਡੇ ਪਤੀ ਅਤੇ ਸੀਨੀਅਰ ਆਈਪੀਐਸ ਅਧਿਕਾਰੀ, ਸ਼੍ਰੀ ਵਾਈ. ਪੂਰਨ ਕੁਮਾਰ ਦੇ ਦੇਹਾਂਤ ਦੀ ਖ਼ਬਰ ਹੈਰਾਨ ਕਰਨ ਵਾਲੀ ਅਤੇ ਡੂੰਘੀ ਦੁਖਦਾਈ ਹੈ। ਇਸ ਮੁਸ਼ਕਲ ਸਮੇਂ ਵਿੱਚ ਤੁਹਾਡੇ ਅਤੇ ਤੁਹਾਡੇ ਪੂਰੇ ਪਰਿਵਾਰ ਪ੍ਰਤੀ ਮੇਰੀ ਡੂੰਘੀ ਸੰਵੇਦਨਾ ਹੈ। ਉਨ੍ਹਾਂ ਕਿਹਾ ਕਿ ਕੁਮਾਰ ਦੀ ਮੌਤ ਇੱਕ ਯਾਦ ਦਿਵਾਉਣ ਵਾਲੀ ਗੱਲ ਹੋਵੇਗੀ ਕਿ ਅੱਜ ਵੀ, ਸੱਤਾ ਵਿੱਚ ਬੈਠੇ ਲੋਕਾਂ ਦਾ ਪੱਖਪਾਤੀ, ਪੱਖਪਾਤੀ ਰਵੱਈਆ ਸਭ ਤੋਂ ਸੀਨੀਅਰ ਅਧਿਕਾਰੀਆਂ ਨੂੰ ਵੀ ਸਮਾਜਿਕ ਨਿਆਂ ਦੀ ਪ੍ਰੀਖਿਆ ਤੋਂ ਵਾਂਝਾ ਕਰਦਾ ਹੈ।

## ਝਾਰਖੰਡ 'ਚ ਘਾਟਸੀਲਾ ਵਿਧਾਨ ਸਭਾ ਸੀਟ ਦੀ ਉਪ ਚੋਣ ਲਈ ਨਾਮਜ਼ਦਗੀਆਂ ਸ਼ੁਰੂ

ਰਾਂਚੀ 14 ਅਕਤੂਬਰ। ਝਾਰਖੰਡ ਵਿੱਚ ਘਾਟਸੀਲਾ (ਅਨੁਸੂਚਿਤ ਜਨਜਾਤੀ ਰਾਖਵੀਂ) ਵਿਧਾਨ ਸਭਾ ਸੀਟ ਲਈ ਨਾਮਜ਼ਦਗੀ ਪ੍ਰਕਿਰਿਆ ਸੋਮਵਾਰ ਨੂੰ ਨੋਟੀਫਿਕੇਸ਼ਨ ਜਾਰੀ ਹੋਣ ਦੇ ਨਾਲ ਸ਼ੁਰੂ ਹੋਈ। ਰਾਜ ਦੇ ਮੁੱਖ ਚੋਣ ਅਧਿਕਾਰੀ ਕੇ. ਰਵੀ ਕੁਮਾਰ ਨੇ ਇਹ ਜਾਣਕਾਰੀ ਦਿੱਤੀ। ਨਾਮਜ਼ਦਗੀ ਪੱਤਰ ਸਵੇਰੇ 11 ਵਜੇ ਤੋਂ ਦੁਪਹਿਰ 3 ਵਜੇ ਤੱਕ ਸਵੀਕਾਰ ਕੀਤੇ ਜਾਣਗੇ। ਕੁਮਾਰ ਨੇ ਦੱਸਿਆ ਕਿ ਨਾਮਜ਼ਦਗੀਆਂ ਦਾਖਲ ਕਰਨ ਦੀ ਆਖਰੀ ਮਿਤੀ 21 ਅਕਤੂਬਰ ਹੈ। ਨਾਮਜ਼ਦਗੀਆਂ ਦੀ ਜਾਂਚ 22 ਅਕਤੂਬਰ ਨੂੰ ਹੋਵੇਗੀ, ਜਦੋਂ ਕਿ ਵਾਪਸੀ ਦੀ ਆਖਰੀ ਮਿਤੀ 24 ਅਕਤੂਬਰ ਹੈ। ਉਪ ਚੋਣ ਲਈ ਵੋਟਿੰਗ 11 ਨਵੰਬਰ ਨੂੰ ਸਵੇਰੇ 7 ਵਜੇ ਤੋਂ ਸ਼ਾਮ 5 ਵਜੇ ਤੱਕ ਹੋਵੇਗੀ, ਅਤੇ ਗਿਣਤੀ 14 ਨਵੰਬਰ ਨੂੰ ਹੋਵੇਗੀ। ਘਾਟਸੀਲਾ ਹਲਕੇ 'ਚ 2.55 ਲੱਖ ਵੋਟਰ ਹਨ, ਜਿਨ੍ਹਾਂ 'ਚੋਂ 1.30 ਲੱਖ ਔਰਤਾਂ ਹਨ।

# ਮੁੱਖ ਮੰਤਰੀ ਰੇਖਾ ਨੇ ਨਵੀਂ ਦਿੱਲੀ ਸਟੇਸ਼ਨ ਦੀਆਂ ਵਿਵਸਥਾਵਾਂ ਦਾ ਜਾਇਜ਼ਾ ਲਿਆ

ਕੌਮੀ ਪਤ੍ਰਿਕਾ
ਸਿੰਮੀ ਕੌਰ ਬੱਬਰ

ਨਵੀਂ ਦਿੱਲੀ, 14 ਅਕਤੂਬਰ: ਤਿਉਹਾਰਾਂ ਦੇ ਸੀਜ਼ਨ ਦੇ ਮੱਦੇਨਜ਼ਰ, ਮੁੱਖ ਮੰਤਰੀ ਰੇਖਾ ਗੁਪਤਾ ਨੇ ਕੱਲ੍ਹ ਨਵੀਂ ਦਿੱਲੀ ਰੇਲਵੇ ਸਟੇਸ਼ਨ 'ਤੇ ਪ੍ਰਬੰਧਾਂ ਦਾ ਨਿਰੀਖਣ ਕੀਤਾ ਅਤੇ ਰੇਲਵੇ ਅਧਿਕਾਰੀਆਂ ਤੋਂ ਸਟੇਸ਼ਨ 'ਤੇ ਯਾਤਰੀਆਂ ਦੀ ਸੰਭਾਵਿਤ ਗਿਣਤੀ ਅਤੇ ਉਨ੍ਹਾਂ ਦੇ ਪ੍ਰਬੰਧਨ ਬਾਰੇ ਜਾਣਕਾਰੀ ਮੰਗੀ। ਮੁੱਖ ਮੰਤਰੀ ਨੇ ਸਟੇਸ਼ਨ ਦੇ ਸਾਰੇ ਪਲੇਟਫਾਰਮਾਂ 'ਤੇ ਸੁਰੱਖਿਆ ਸਮੇਤ ਹੋਰ ਉਪਾਵਾਂ ਦੀ ਵੀ ਸਮੀਖਿਆ ਕੀਤੀ। ਨਿਰੀਖਣ ਦੌਰਾਨ, ਮੁੱਖ ਮੰਤਰੀ ਨੇ ਯਾਤਰੀਆਂ ਨਾਲ ਗੱਲਬਾਤ ਵੀ ਕੀਤੀ, ਉਨ੍ਹਾਂ ਦੀਆਂ ਸਮੱਸਿਆਵਾਂ ਸੁਣੀਆਂ ਅਤੇ ਅਧਿਕਾਰੀਆਂ ਨੂੰ ਜ਼ਰੂਰੀ ਨਿਰਦੇਸ਼ ਦਿੱਤੇ। ਉਨ੍ਹਾਂ ਕਿਹਾ ਕਿ ਸਾਰੇ ਵਿਭਾਗਾਂ ਨੂੰ ਤਾਲਮੇਲ ਨਾਲ ਕੰਮ ਕਰਨਾ ਚਾਹੀਦਾ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਤਿਉਹਾਰਾਂ ਦੌਰਾਨ ਕਿਸੇ ਵੀ ਯਾਤਰੀ ਨੂੰ ਕੋਈ ਅਸੁਵਿਧਾ ਨਾ ਹੋਵੇ। ਮੁੱਖ ਮੰਤਰੀ ਨੇ ਸਟੇਸ਼ਨ 'ਤੇ ਬਣੇ ਯਾਤਰੀ ਸਹੂਲਤ ਕੇਂਦਰ ਦਾ ਵੀ ਨਿਰੀਖਣ ਕੀਤਾ, ਜਿੱਥੇ ਯਾਤਰੀਆਂ ਲਈ ਵਿਸ਼ੇਸ਼ ਸਹੂਲਤਾਂ ਦਾ ਪ੍ਰਬੰਧ ਕੀਤਾ ਗਿਆ ਹੈ। ਇਸ ਨਿਰੀਖਣ ਦੌਰੇ 'ਤੇ ਮੁੱਖ ਮੰਤਰੀ ਦੇ ਨਾਲ ਸੰਸਦ ਮੈਂਬਰ ਮਨੋਜ ਤਿਵਾੜੀ ਵੀ ਸਨ। ਇਸ ਮੌਕੇ 'ਤੇ ਬੋਲਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਦਿੱਲੀ ਸਰਕਾਰ ਅਤੇ ਕੇਂਦਰ ਸਰਕਾਰ ਮਿਲ ਕੇ ਕੰਮ ਕਰ ਰਹੀਆਂ ਹਨ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਦੱਸਿਆ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਦੇਸ਼ ਭਰ ਦੇ ਯਾਤਰੀਆਂ ਲਈ ਵਿਸ਼ੇਸ਼



ਕਿ ਕਿਸੇ ਵੀ ਯਾਤਰੀ ਦੀ ਯਾਤਰਾ ਵਿੱਚ ਵਿਘਨ ਨਾ ਪਵੇ। ਇਹ ਇੱਕ ਅਜਿਹੀ ਸਰਕਾਰ ਹੈ ਜੋ ਜਨਤਾ ਦੀ ਸੇਵਾ ਲਈ 24x7 ਖੜ੍ਹੀ ਹੈ। ਮੁੱਖ ਮੰਤਰੀ ਨੇ ਇਹ ਵੀ ਰੇਲ ਗੱਡੀਆਂ ਚਲਾਈਆਂ ਗਈਆਂ ਹਨ ਤਾਂ ਜੋ ਸਾਰੇ ਨਾਗਰਿਕ ਆਪਣੇ ਪਰਿਵਾਰਾਂ ਨਾਲ ਖੁਸ਼ੀ ਨਾਲ ਤਿਉਹਾਰ ਮਨਾ ਸਕਣ। ਉਨ੍ਹਾਂ ਕਿਹਾ ਕਿ ਇਹ ਪਹਿਲਕਦਮੀ ÷ਜਨਤਕ ਸਹੂਲਤ, ਜਨਤਕ ਸੁਰੱਖਿਆ ਅਤੇ ਜਨਤਕ ਸੱਭਿਆਚਾਰ÷ ਪ੍ਰਤੀ ਸਰਕਾਰ ਦੀ ਵਚਨਬੱਧਤਾ ਨੂੰ ਦਰਸਾਉਂਦੀ ਹੈ। ਮੁੱਖ ਮੰਤਰੀ ਨੇ ਇਹ ਵੀ ਦੱਸਿਆ ਕਿ ਯਾਤਰੀਆਂ ਦੀ ਸਹੂਲਤ ਲਈ ਬਣਾਇਆ ਗਿਆ ਯਾਤਰੀ ਸੁਵਿਧਾ ਕੇਂਦਰ ਪ੍ਰਧਾਨ ਮੰਤਰੀ ਦੀ ਪਹਿਲਕਦਮੀ ਦਾ ਨਤੀਜਾ ਹੈ, ਜਿਸਦਾ ਉਦੇਸ਼ ਤਿਉਹਾਰਾਂ ਦੌਰਾਨ ਯਾਤਰੀਆਂ ਨੂੰ ਸੁਰੱਖਿਅਤ, ਸੁਚਾਰੂ ਅਤੇ ਸੁਵਿਧਾਜਨਕ ਯਾਤਰਾ ਅਨੁਭਵ ਪ੍ਰਦਾਨ ਕਰਨਾ ਹੈ। ਉਨ੍ਹਾਂ ਕਿਹਾ ਕਿ ਇਸ ਸ਼ੁਭ ਤਿਉਹਾਰਾਂ ਦੇ ਸੀਜ਼ਨ ਦੌਰਾਨ ਦਿੱਲੀ ਵਾਸੀਆਂ ਦੀ ਸਹੂਲਤ ਲਈ ਤਿਆਰ ਕੀਤੀ ਗਈ ਇਹ ਆਧੁਨਿਕ ਸਹੂਲਤ ਸਿਰਫ਼ ਤਿੰਨ ਮਹੀਨਿਆਂ ਵਿੱਚ ਪੂਰੀ ਹੋ ਗਈ ਹੈ। ਇਹ ਸਹੂਲਤ ਇੱਕ ਛੱਤ ਹੇਠ ਰੋਜ਼ਾਨਾ ਹਜ਼ਾਰਾਂ ਯਾਤਰੀਆਂ ਨੂੰ ਰਿਹਾਇਸ਼, ਟਿਕਟਿੰਗ, ਆਰਾਮ ਅਤੇ ਜ਼ਰੂਰੀ ਸੇਵਾਵਾਂ ਪ੍ਰਦਾਨ ਕਰੇਗੀ। ਉਨ੍ਹਾਂ ਕਿਹਾ ਕਿ ਯਾਤਰੀਆਂ ਨੂੰ ਹੁਣ ਟਿਕਟਾਂ ਲਈ ਲੰਬੀਆਂ ਕਤਾਰਾਂ ਵਿੱਚ ਖੜ੍ਹੇ ਹੋਣ ਦੀ ਲੋੜ ਨਹੀਂ ਪਵੇਗੀ। ਇਸ ਸਹੂਲਤ ਵਿੱਚ ਸਾਫ਼ ਪਖਾਨੇ, ਢੁਕਵੀਂ ਬੈਠਣ ਦੀ ਜਗ?ਹਾ, ਸਾਫ਼ ਪੀਣ ਵਾਲਾ ਪਾਣੀ ਅਤੇ ਔਰਤਾਂ, ਬਜ਼ੁਰਗ ਨਾਗਰਿਕਾਂ ਅਤੇ ਅਪਾਹਜਾਂ ਲਈ ਵਿਸ਼ੇਸ਼ ਪ੍ਰਬੰਧਾਂ ਵਰਗੀਆਂ ਸਹੂਲਤਾਂ ਯਕੀਨੀ ਬਣਾਈਆਂ ਗਈਆਂ ਹਨ।

Contd................page-3

## ਠਾਣੇ ਜ਼ਿਲ੍ਹੇ 'ਚ ਪਲਾਸਟਿਕ ਫੈਕਟਰੀ 'ਚ ਲੱਗੀ ਅੱਗ

ਠਾਣੇ 14 ਅਕਤੂਬਰ। ਮਹਾਰਾਸ਼ਟਰ ਦੇ ਠਾਣੇ ਜ਼ਿਲ੍ਹੇ ਦੇ ਉਦਯੋਗਿਕ ਖੇਤਰ ਵਿੱਚ ਇੱਕ ਪਲਾਸਟਿਕ ਨਿਰਮਾਣ ਫੈਕਟਰੀ ਵਿੱਚ ਅੱਗ ਲੱਗ ਗਈ। ਅਧਿਕਾਰੀਆਂ ਨੇ ਇਹ ਜਾਣਕਾਰੀ ਦਿੱਤੀ। ਸ਼ਾਹਪੁਰ ਤਾਲੁਕਾ ਦੇ ਆਸਣਗਾਂਵ ਵਿੱਚ ਸਥਿਤ ਫੈਕਟਰੀ ਵਿੱਚ ਸਵੇਰੇ 10 ਵਜੇ ਦੇ ਕਰੀਬ ਲੱਗੀ ਅੱਗ ਵਿੱਚ ਕੋਈ ਜਾਨੀ ਨੁਕਸਾਨ ਨਹੀਂ ਹੋਇਆ। ਆਫ਼ਤ ਪ੍ਰਬੰਧਨ ਕੇਂਦਰ ਦੇ ਮੁਖੀ ਵਸੰਤ ਚੌਧਰੀ ਨੇ ਕਿਹਾ, ਕਈ ਫਾਇਰ ਸਟੇਸ਼ਨਾਂ ਦੀਆਂ ਟੀਮਾਂ ਤੁਰੰਤ ਮੌਕੇ 'ਤੇ ਪਹੁੰਚ ਗਈਆਂ ਅਤੇ ਕਾਰਵਾਈ ਜਾਰੀ ਹੈ। ਉਨ੍ਹਾਂ ਕਿਹਾ ਕਿ ਮੌਕੇ 'ਤੇ ਚਾਰ ਫਾਇਰ ਇੰਜਣ ਅਤੇ 10 ਪਾਣੀ ਦੇ ਟੈਂਕਰ ਤਾਇਨਾਤ ਕੀਤੇ ਗਏ ਹਨ। ਅਧਿਕਾਰੀ ਨੇ ਕਿਹਾ, ਵੱਡੀ ਮਾਤਰਾ ਵਿੱਚ ਪਲਾਸਟਿਕ ਸਮੱਗਰੀ ਹੋਣ ਕਾਰਨ, ਅੱਗ ਨੂੰ ਪੂਰੀ ਤਰ੍ਹਾਂ ਬੁਝਾਉਣ ਵਿੱਚ ਸਮਾਂ ਲੱਗ ਰਿਹਾ ਹੈ ਕਿਉਂਕਿ ਇਹ ਹੌਲੀ-ਹੌਲੀ ਸੜਦੀ ਹੈ ਅਤੇ ਸੰਘਣਾ ਧੂੰਆਂ ਅਤੇ ਬਦਬੂ ਛੱਡਦੀ ਹੈ। ਉਨ੍ਹਾਂ ਕਿਹਾ ਕਿ ਅੱਗ ਲੱਗਣ ਦੇ ਕਾਰਨਾਂ ਦਾ ਅਜੇ ਪਤਾ ਨਹੀਂ ਲੱਗ ਸਕਿਆ ਹੈ ਅਤੇ ਅਧਿਕਾਰੀ ਜਾਂਚ ਕਰ ਰਹੇ ਹਨ ਕਿ ਕੀ ਇਹ ਸ਼ਾਰਟ ਸਰਕਟ ਜਾਂ ਮਸ਼ੀਨਰੀ ਦਾ ਜ਼ਿਆਦਾ ਗਰਮ ਹੋਣਾ ਹੋ ਸਕਦਾ ਹੈ। ਸਾਵਧਾਨੀ ਦੇ ਤੌਰ 'ਤੇ ਸਥਾਨਕ ਪੁਲਸ ਅਤੇ ਆਫ਼ਤ ਪ੍ਰਬੰਧਨ ਟੀਮਾਂ ਨੇ ਖੇਤਰ ਨੂੰ ਘੇਰ ਲਿਆ ਹੈ ਅਤੇ ਆਸ-ਪਾਸ ਦੇ ਕਰਮਚਾਰੀਆਂ ਅਤੇ ਨਿਵਾਸੀਆਂ ਨੂੰ ਸੁਰੱਖਿਅਤ ਥਾਵਾਂ 'ਤੇ ਭੇਜ ਦਿੱਤਾ ਗਿਆ ਹੈ।

## ਅਜੇ ਵੀ ਆਪਣੇ ਮਾੜੇ ਕੰਮਾਂ ਲਈ ਮੁਆਫ਼ੀ ਮੰਗਣ ਤੋਂ ਕਤਰਾਉਂਦਾ ਹੈ ਗਾਂਧੀ ਪਰਿਵਾਰ : ਹਰਸਿਮਰਤ

ਚੰਡੀਗੜ੍ਹ 14 ਅਕਤੂਬਰ। ਸ਼?ਰੋਮਣੀ ਅਕਾਲੀ ਦਲ ਦੇ ਲੋਕ ਸਭਾ ਮੈਂਬਰ ਹਰਸਿਮਰਤ ਕੌਰ ਬਾਦਲ ਨੇ ਗਾਂਧੀ ਪਰਿਵਾਰ ਅਤੇ ਕਾਂਗਰਸ ਪਾਰਟੀ 'ਤੇ ਇਕ ਵਾਰ ਫਿਰ ਤਿੱਖਾ ਹਮਲਾ ਕੀਤਾ ਹੈ। ਸ੍ਰੀ ਦਰਬਾਰ ਸਾਹਿਬ 'ਤੇ ਹਮਲੇ ਨੂੰ ਸਾਬਕਾ ਗ੍ਰਹਿ ਮੰਤਰੀ ਤੇ ਸੀਨੀਅਰ ਕਾਂਗਰਸੀ ਆਗੂ ਪੀ. ਚਿਦਾਂਬਰਮ ਵੱਲੋਂ ਗ਼ਲਤ ਦੱਸਣ ਮਗਰੋਂ 'ਐਕਸ' 'ਤੇ ਪਾਈ ਪੋਸਟ 'ਚ ਉਨ੍ਹਾਂ ਲਿਖਿਆ ਕਿ ਸਾਕਾ 'ਨੀਲਾ ਤਾਰਾ' ਤੋਂ 45 ਸਾਲ ਬਾਅਦ ਆਖ਼?ਰਕਾਰ ਕੁਝ ਕਾਂਗਰਸੀ ਨੇਤਾ ਉਸ ਕਾਲੇ ਅਧਿਆਇ ਦੀ ਸੱਚਾਈ ਕਬੂਲ ਰਹੇ ਹਨ ਪਰ ਗਾਂਧੀ ਪਰਿਵਾਰ ਅਜੇ ਵੀ ਆਪਣੇ ਮਾੜੇ ਕੰਮਾਂ ਲਈ ਮੁਆਫ਼ੀ ਮੰਗਣ ਤੋਂ ਕਤਰਾਉਂਦਾ ਹੈ। ਉਨ੍ਹਾਂ ਕਿਹਾ ਕਿ ਇੰਦਰਾ ਗਾਂਧੀ ਨੇ ਸ੍ਰੀ ਦਰਬਾਰ ਸਾਹਿਬ 'ਤੇ ਟੈਂਕਾਂ ਨਾਲ ਹਮਲਾ ਕਰਵਾਇਆ, ਜਿਸ ਦਾ ਮਕਸਦ ਸਿੱਖ ਕੌਮ ਅਤੇ ਉਸ ਦੇ ਸਭ ਤੋਂ ਪਵਿੱਤਰ ਧਾਰਮਿਕ ਅਸਥਾਨ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਤਬਾਹ ਕਰਨਾ ਸੀ। ਇਸ ਹਮਲੇ ਦੌਰਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਹੋਈ, ਜਿਸ ਨਾਲ ਸਿੱਖ ਕੌਮ ਦੇ ਮਨ 'ਤੇ ਕਦੇ ਨਾ ਭਰਨ ਵਾਲਾ ਜ਼ਖ਼ਮ ਲੱਗਾ। ਉਨ੍ਹਾਂ ਕਿਹਾ ਕਿ ਇੰਦਰਾ ਗਾਂਧੀ ਤੋਂ ਬਾਅਦ ਰਾਜੀਵ ਗਾਂਧੀ ਦੇ ਸਮੇਂ ਕਾਂਗਰਸ ਸਰਕਾਰ ਨੇ 1984 'ਚ ਸਿੱਖਾਂ ਦਾ ਵੱਡੇ ਪੱਧਰ 'ਤੇ ਕਤਲੇਆਮ ਕੀਤਾ, ਖ਼ਾਸ ਕਰ ਕੇ ਦਿੱਲੀ 'ਚ ਹਜ਼ਾਰਾਂ ਸਿੱਖਾਂ ਨੂੰ ਜ਼ਿੰਦਾ ਸਾੜ ਦਿੱਤਾ ਗਿਆ ਤੇ ਸਿੱਖ ਪਰਿਵਾਰਾਂ ਦੀਆਂ ਪੂਰੀਆਂ ਪੀੜ੍ਹੀਆਂ ਤਬਾਹ ਹੋ ਗਈਆਂ। ਉਨ੍ਹਾਂ ਕਿਹਾ ਕਿ ਪਤਾ ਨਹੀਂ ਗਾਂਧੀ ਪਰਿਵਾਰ ਨੂੰ ਆਪਣੇ ਵਡੇਰਿਆਂ ਦੇ ਮਾੜੇ ਕੰਮਾਂ ਲਈ ਸਿੱਖ ਕੌਮ ਅੱਗੇ ਮੁਆਫ਼ੀ ਮੰਗਣ 'ਚ ਹੋਰ ਕਿੰਨੀਆਂ ਪੀੜ੍ਹੀਆਂ ਲੱਗਣਗੀਆਂ।




ਰਾਸ਼ਟਰੀ ਵੈਕਟਰ ਜਨਿਤ ਰੋਗ ਨਿਯੰਤਰਣ ਪ੍ਰੋਗ੍ਰਾਮ ਸਵਾਸਥ ਸੇਵਾਵਾਂ ਨਿਦੇਸ਼ਾਲਾ, ਰਾਸ਼ਟਰੀ ਰਾਜਧਾਨੀ ਖੇਤਰ, ਦਿੱਲੀ ਸਰਕਾਰ

# ਜਲੰਧਰ ਕਮਿਸ਼ਨਰੇਟ ਪੁਲਸ ਵੱਲੋਂ 2 ਕਿਲੋ ਹੈਰੋਇਨ, ਡਰੱਗ ਮਨੀ ਤੇ ਵਾਹਨਾਂ ਸਣੇ 3 ਮੁਲਜਮ ਗ੍ਰਿਫਤਾਰ

ਜਲੰਧਰ 14 ਅਕਤੂਬਰ। ਜਲੰਧਰ ਪੁਲਸ ਕਮਿਸਨਰੇਟ ਸਵਪਨ ਸਰਮਾ ਦੀ ਅਗਵਾਈ ਹੇਠ ਪੁਲਸ ਨੇ ਨਸਾ ਤਸਕਰੀ ਕਰਨ ਵਾਲੇ ਗਿਰੋਹ ਦਾ ਪਰਦਾਫਾਸ ਕਰਦਿਆਂ ਤਿੰਨ ਦੋਸ਼ੀਆਂ ਨੂੰ ਗ੍ਰਿਫਤਾਰ ਕਰਕੇ ਉਨ੍ਹਾਂ ਪਾਸੋਂ 2 ਕਿਲੋ ਹੈਰੋਇਨ, ਡਰੱਗ ਮਨੀ ਅਤੇ ਵਾਹਨ ਬਰਾਮਦ ਕੀਤੇ ਹਨ। ਇਸ ਸਬੰਧੀ ਜਾਣਕਾਰੀ ਦਿੰਦੇ ਪੁਲਸ ਕਮਿਸਨਰ ਨੇ ਦੱਸਿਆ ਕਿ ਕ੍ਰਾਈਮ ਬਰਾਂਚ ਦੀ ਇਕ ਪੁਲਸ ਪਾਰਟੀ ਵੱਲੋਂ ਇਤਲਾਹ ਦੇ ਆਧਾਰ 'ਤੇ ਲੰਮਾ ਪਿੰਡ ਤੋਂ ਜੰਡੂ ਸਿੰਘਾ ਸੜਕ ਨੇੜੇ ਨਾਕੇ ਲਗਾ ਕੇ ਚੈਕਿੰਗ ਕੀਤੀ ਜਾ ਰਹੀ ਸੀ, ਜਿਸ ਦੌਰਾਨ ਉਨ੍ਹਾਂ ਨੇ ਇਕ ਵਿਅਕਤੀ ਨੂੰ ਹੀਰੋ ਡੀਲਕਸ ਮੋਟਰਸਾਈਕਲ ਰਜਿਸਟ੍ਰੇਸਨ ਨੰਬਰ ਪੀ. ਬੀ. 08-ਡੀ. ਐਕਸ-7821 'ਤੇ ਜਾਂਦੇ ਵੇਖਿਆ। ਉਨ੍ਹਾਂ ਦੱਸਿਆ ਕਿ ਪੁਲਸ ਨੇ ਸੱਕ ਦੇ ਆਧਾਰ 'ਤੇ ਮੋਟਰਸਾਈਕਲ ਨੂੰ ਰੋਕ ਕੇ ਤਲਾਸੀ ਲੈਣ 'ਤੇ ਸਤੀਸ ਸੁਮਨ ਪੁੱਤਰ ਲਹਿੰਬਰ ਰਾਮ ਵਾਸੀ ਗੁਰੂ ਰਵਿਦਾਸ ਮੰਦਰ ਗੰਨਾ ਪਿੰਡ ਜਲੰਧਰ ਪਾਸੋਂ 1 ਕਿਲੋ ਹੈਰੋਇਨ ਬਰਾਮਦ ਕੀਤੀ। ਸਵਪਨ ਸਰਮਾ ਨੇ ਦੱਸਿਆ ਕਿ ਤਫਤੀਸ ਦੌਰਾਨ ਇਹ ਗੱਲ ਸਾਹਮਣੇ ਆਈ ਕਿ ਸੁਮਨ ਬਲਕਾਰ ਸਿੰਘ ਪੁੱਤਰ ਮੁਖਤਿਆਰ ਸਿੰਘ ਵਾਸੀ ਪਿੰਡ ਲਖਨਪਾਲ ਥਾਣਾ ਸਦਰ ਜਲੰਧਰ ਅਤੇ ਹੁਣ ਵਾਸੀ ਗੁਰੂ ਰਵਿਦਾਸ ਨਗਰ ਆਕਾਸ ਕਾਲੋਨੀ ਨੇੜੇ ਗਲੀ ਨੰਬਰ 1, ਹੁਸ਼ਿਆਰਪੁਰ ਨਾਲ ਮਿਲ ਕੇ ਇਸ ਵਾਰਦਾਤ ਨੂੰ ਅੰਜਾਮ ਦੇ ਰਹੀ ਸੀ। ਪੁਲਸ ਨੇ ਬਲਕਾਰ ਨੂੰ ਗ੍ਰਿਫਤਾਰ ਕਰਕੇ ਉਸ ਕੋਲੋਂ 720 ਗ੍ਰਾਮ ਹੈਰੋਇਨ, 12 ਲੱਖ ਰੁਪਏ ਡਰੱਗ ਮਨੀ, ਇਕ ਆਈ-20 ਕਾਰ (ਪੀ. ਬੀ. 36-ਜੇ-9289) ਅਤੇ ਇਕ ਛੋਟੀ



ਇਲੈਕਟ੍ਰਾਨਿਕ ਤੋਲਣ ਵਾਲੀ ਮਸੀਨ ਬਰਾਮਦ ਕੀਤੀ ਹੈ । ਪੁਲਸ ਕਮਿਸਨਰ ਨੇ ਦੱਸਿਆ ਕਿ ਇਸ ਮਾਮਲੇ 'ਚ ਇਕ ਹੋਰ ਦੋਸੀ ਜਿਸ ਦੀ ਪਛਾਣ ਕੁਲਵੰਤ ਰਾਮ ਪੁੱਤਰ ਮੱਖਣ ਲਾਲ ਵਾਸੀ ਪਿੰਡ ਕਿਲਾ ਬਰੁਣ ਰਾਮ ਕਾਲੋਨੀ ਕੈਂਪ ਬਜਵਾੜਾ ਥਾਣਾ ਸਦਰ ਹੁਸ਼ਿਆਰਪੁਰ ਵਜੋਂ ਹੋਈ ਹੈ, ਨੂੰ ਵੀ ਬਾਅਦ ਵਿੱਚ ਗ੍ਰਿਫਤਾਰ ਕਰ ਲਿਆ ਗਿਆ ਅਤੇ ਉਸ ਕੋਲੋਂ 280 ਗ੍ਰਾਮ ਹੈਰੋਇਨ, ਇਕ ਆਈ 20 ਕਾਰ (ਪੀ. ਬੀ. 07)-ਬੀ. ਐਚ.-2493) ਅਤੇ ਇਕ ਛੋਟੀ ਇਲੈਕਟ੍ਰਾਨਿਕ ਤੋਲਣ ਵਾਲੀ ਮਸੀਨ ਬਰਾਮਦ ਹੋਈ। ਉਸ ਨੇ ਦੱਸਿਆ ਕਿ ਪਤਾ ਲੱਗਾ ਹੈ ਕਿ ਸਤੀਸ ਸੁਮਨ ਆਪਣੇ ਪਿੰਡ ਦੇ ਵਸਨੀਕ ਲੱਕੀ, ਜੋਕਿ ਅਮਰੀਕਾ ਰਹਿੰਦਾ ਹੈ, ਦੇ ਸੰਪਰਕ ਵਿੱਚ ਆਇਆ ਸੀ, ਜਿਸ ਤੋਂ ਬਾਅਦ ਉਹ ਬਿਜਨੈੱਸ ਨਾਲ ਜੁੜ ਗਿਆ ਸੀ ਅਤੇ ਲੱਕੀ ਉਸ ਨੂੰ ਖੇਪ ਭੇਜਦਾ ਸੀ। ਸਵਪਨ ਸਰਮਾ ਨੇ ਦੱਸਿਆ ਕਿ ਬਲਕਾਰ ਨੂੰ ਪਹਿਲਾਂ ਇਕ ਕਿਲੋ ਹੈਰੋਇਨ ਸਮੇਤ ਗ੍ਰਿਫਤਾਰ ਕੀਤਾ ਗਿਆ ਸੀ ਅਤੇ ਉਹ ਤਿਹਾੜ ਜੇਲ੍ਹ ਵਿੱਚ ਬੰਦ ਸੀ ਪਰ ਪੈਰੋਲ ਤੇ ਰਿਹਾਅ ਹੋਣ ਤੋਂ ਬਾਅਦ ਉਹ ਵਾਪਸ ਜੇਲ੍ਹ ਨਹੀਂ ਗਿਆ। ਪੁਲਸ ਕਮਿਸਨਰ ਨੇ ਦੱਸਿਆ ਕਿ ਕੁਲਵੰਤ ਰਾਮ ਆਪਣੇ ਜੀਜਾ ਬਲਕਾਰ ਸਿੰਘ ਨਾਲ ਮਿਲ ਕੇ ਹੈਰੋਇਨ ਦੀ ਤਸਕਰੀ ਕਰਦਾ ਸੀ। ਉਨ੍ਹਾਂ ਦੱਸਿਆ ਕਿ ਤਿੰਨਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ ਪਰ ਲੱਕੀ ਅਜੇ ਫਰਾਰ ਹੈ ਅਤੇ ਐੱਫ. ਆਈ. ਆਰ. ਨੰਬਰ 125 ਮਿਤੀ 18-06-2024 ਅਧੀਨ 21ਸੀ-61-85 ਐੱਨ. ਡੀ. ਪੀ. ਐੱਸ. ਐਕਟ ਥਾਣਾ ਡਿਵੀਜਨ 8 ਜਲੰਧਰ ਦਰਜ ਕੀਤੀ ਗਈ ਹੈ। ਸਵਪਨ ਸਰਮਾ ਨੇ ਦੱਸਿਆ ਕਿ ਸਤੀਸ ਸੁਮਨ ਦਾ ਕੋਈ ਅਪਰਾਧਿਕ ਪਿਛੋਕੜ ਨਹੀਂ ਹੈ ਜਦਕਿ ਬਲਕਾਰ ਅਤੇ ਲੱਕੀ ਖ਼ਿਲਾਫ ਚਾਰ ਕੇਸ ਪੈਂਡਿੰਗ ਹਨ ਜਦਕਿ ਕੁਲਵੰਤ ਖ਼ਿਲਾਫ ਦੋ ਕੇਸ ਪੈਂਡਿੰਗ ਹਨ।

## ਯਾਤਰੀਆਂ ਦੀਆਂ ਸ਼ਿਕਾਇਤਾਂ 'ਤੇ ਰੇਲ ਮੰਡਲ ਦੀ ਸਖਤ ਕਾਰਵਾਈ, ਅਨਬਰਾਂਡਿਡ ਪਾਣੀ ਦੀਆਂ ਬੋਤਲਾਂ ਕੀਤੀਆਂ ਜਬਤ

ਫਿਰੋਜ਼ਪੁਰ 14 ਅਕਤੂਬਰ। ਰੇਲ ਮੰਡਲ ਵਿਚ 23 ਤੋਂ 29 ਜੂਨ ਤੱਕ ਚਲਾਈ ਜਾ ਰਹੀ ਖਾਣ-ਪੀਣ ਵਾਲੀਆਂ ਵਸਤੂਆਂ ਦੀ ਚੈਕਿੰਗ ਮੁਹਿੰਮ ਦੌਰਾਨ ਮੰਡਲ ਦੀ ਟੀਮ ਨੇ ਐਤਵਾਰ ਨੂੰ ਹਿਮਗਿਰੀ ਐਕਸਪ੍ਰੈੱਸ 'ਚ ਅਨਬਰਾਂਡੇਡ ਪਾਣੀ ਦੀਆਂ ਬੋਤਲਾਂ ਵੇਚ ਰਹੇ ਲੋਕਾਂ ਨੂੰ ਫੜ ਕੇ 102 ਬੋਤਲਾਂ ਜ਼ਬਤ ਕੀਤੀਆਂ ਹਨ। ਸੀਨੀਅਰ ਡੀ.ਸੀ.ਐੱਮ. ਪਰਮਦੀਪ ਸਿੰਘ ਸੈਣੀ ਨੇ ਦੱਸਿਆ ਕਿ ਗੱਡੀ 'ਚ ਚੈਕਿੰਗ ਦੌਰਾਨ 11 ਸ਼ਿਕਾਇਤਾਂ ਮਿਲੀਆਂ ਕਿ ਵੇਂਡਰਾਂ ਵੱਲੋਂ ਜੋ ਪਾਣੀ ਵੇਚਿਆ ਜਾ ਰਿਹਾ ਹੈ, ਉਸ ਦੇ ਲਈ ਨਿਰਧਾਰਤ ਕੀਮਤ ਤੋਂ ਜ਼ਿਆਦਾ ਪੈਸੇ ਵਸੂਲੇ ਜਾ ਰਹੇ ਹਨ। ਪੂਰੀ ਟਰੇਨ 'ਚ ਚੈਕਿੰਗ ਦੌਰਾਨ ਵੇਂਡਰਾਂ ਕੋਲੋਂ 102 ਅਨਬਰਾਂਡੇਡ ਪਾਣੀ ਦੀਆਂ ਬੋਤਲਾਂ ਜ਼ਬਤ ਕੀਤੀਆਂ ਗਈਆਂ ਹਨ। ਸੈਣੀ ਨੇ ਦੱਸਿਆ ਕਿ ਰੇਲਗੱਡੀਆਂ 'ਚ ਖਾਣ-ਪੀਣ ਦੀਆਂ ਵਸਤੂਆਂ ਦੀ ਕੁਆਲਟੀ ਅਤੇ ਮੁੱਲ ਸਬੰਧੀ ਜਾਂਚ ਦੇ ਲਈ ਇਹ ਮੁਹਿੰਮ ਚਲਾਈ ਜਾ ਰਹੀ ਹੈ ਅਤੇ ਕਮੀਆਂ ਮਿਲਣ 'ਤੇ ਤੁਰੰਤ ਐਕਸ਼ਨ ਲਿਆ ਜਾ ਰਿਹਾ ਹੈ।

## ਜਮੀਨ ਦੇ ਇੰਤਕਾਲ ਬਦਲੇ 10 ਹਜਾਰ ਦੀ ਰਿਸ਼ਵਤ ਲੈਂਦਾ ਪਟਵਾਰੀ ਰੰਗੇ ਹੱਥੀਂ ਗ੍ਰਿਫਤਾਰ

ਚੰਡੀਗੜ੍ਹ 14 ਅਕਤੂਬਰ। ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ 'ਚ ਭ੍ਰਿਸ਼ਟਾਚਾਰ ਖ਼ਿਲਾਫ ਚਲਾਈ ਮੁਹਿੰਮ ਤਹਿਤ ਜ਼ਿਲ੍ਹਾ ਗੁਰਦਾਸਪੁਰ ਦੇ ਮਾਲ ਹਲਕਾ ਢਪਈ, ਸਬ ਤਹਿਸੀਲ ਕਾਦੀਆਂ ਵਿਖੇ ਤਾਇਨਾਤ ਇੱਕ ਮਾਲ ਪਟਵਾਰੀ ਨਵਿੰਦਰਪਾਲ ਨੂੰ 10,000 ਰੁਪਏ ਰਿਸ਼ਵਤ ਮੰਗ ਕੇ ਲੈਂਦਿਆਂ ਰੰਗੇ ਹੱਥੀਂ ਕਾਬੂ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਰਾਜ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਉਕਤ ਪਟਵਾਰੀ ਨੂੰ ਗੁਰਦਾਸਪੁਰ ਦੇ ਪਿੰਡ ਢਪਈ ਦੇ ਵਸਨੀਕ ਹਰਜਾਪ ਸਿੰਘ ਵੱਲੋਂ ਦਰਜ



ਕਰਵਾਈ ਗਈ ਸ਼ਿਕਾਇਤ ਦੇ ਆਧਾਰ 'ਤੇ ਛਾਪਾ ਮਾਰ ਕੇ ਗ੍ਰਿਫ਼ਤਾਰ ਕੀਤਾ ਗਿਆ ਹੈ। ਬੁਲਾਰੇ ਨੇ ਅੱਗੇ ਦੱਸਿਆ ਕਿ ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਕੋਲ ਪਹੁੰਚ ਕਰਕੇ ਬਿਆਨ ਦਿੱਤਾ ਸੀ ਕਿ ਉਕਤ ਪਟਵਾਰੀ ਸ਼ਿਕਾਇਤਕਰਤਾ ਦੀ ਪਤਨੀ ਦੇ ਨਾਂ 'ਤੇ ਜ਼ਮੀਨ ਦਾ ਇੰਤਕਾਲ ਦਰਜ ਕਰਨ ਬਦਲੇ ਪਹਿਲਾਂ ਹੀ 2,000 ਰੁਪਏ ਰਿਸ਼ਵਤ ਵਜੋਂ ਲੈ ਚੁੱਕਾ ਹੈ ਅਤੇ ਹੁਣ 10,000 ਰੁਪਏ ਰਿਸ਼ਵਤ ਦੀ ਹੋਰ ਮੰਗ ਰਿਹਾ ਹੈ। ਬੁਲਾਰੇ ਨੇ ਦੱਸਿਆ ਕਿ ਸ਼ਿਕਾਇਤ ਦੀ ਮੁੱਢਲੀ ਪੜਤਾਲ ਤੋਂ ਬਾਅਦ ਵਿਜੀਲੈਂਸ ਬਿਊਰੋ ਦੀ ਟੀਮ ਨੇ ਮੁਲਜ਼ਮ ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜ਼ਰੀ ਵਿੱਚ ਸ਼ਿਕਾਇਤਕਰਤਾ ਤੋਂ 10,000 ਰੁਪਏ ਰਿਸ਼ਵਤ ਲੈਂਦੇ ਹੋਏ ਰੰਗੇ ਹੱਥੀਂ ਕਾਬੂ ਕਰ ਲਿਆ। ਬੁਲਾਰੇ ਨੇ ਦੱਸਿਆ ਕਿ ਇਸ ਸਬੰਧ ਵਿੱਚ ਵਿਜੀਲੈਂਸ ਬਿਊਰੋ ਦੇ ਥਾਣਾ ਅੰਮ੍ਰਿਤਸਰ ਰੇਂਜ ਵਿੱਚ ਮੁਲਜ਼ਮ ਪਟਵਾਰੀ ਖ਼ਿਲਾਫ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਕੇਸ ਦਰਜ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਉਕਤ ਪਟਵਾਰੀ ਨੂੰ ਭਲਕੇ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ ਅਤੇ ਅਗਲੇਰੀ ਪੁੱਛਗਿੱਛ ਜਾਰੀ ਹੈ।

## ਨਾਬਾਲਗਾ ਨਾਲ ਅਸ਼ਲੀਲ ਹਰਕਤਾਂ ਕਰਨ ਵਾਲਾ ਦੁਕਾਨਦਾਰ ਨਾਮਜਦ

ਤਰਨਤਾਰਨ 14 ਅਕਤੂਬਰ। ਥਾਣਾ ਸਦਰ ਪੱਟੀ ਪੁਲਸ ਨੇ ਨਾਬਾਲਗ ਕੁੜੀ ਨਾਲ ਅਸ਼ਲੀਲ ਹਰਕਤਾਂ ਕਰਨ ਵਾਲੇ ਇਕ ਦੁਕਾਨਦਾਰ ਖਿਲਾਫ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿਚ ਪੀੜਤ ਕੁੜੀ ਦੀ ਮਾਂ ਨੇ ਦੱਸਿਆ ਕਿ 23 ਜੂਨ ਨੂੰ ਉਸ ਦੀ ਕੁੜੀ ਪਲਕ ਕਾਲਪਨਿਕ ਨਾਮ (12) ਜੋ ਸਤਵੀਂ ਕਲਾਸ ਵਿਚ ਪੜ੍ਹਦੀ ਹੈ ਤੇ ਬਲੀ ਸਿੰਘ ਪੁੱਤਰ ਧਰਮ ਸਿੰਘ ਵਾਸੀ ਠੱਕਰਪੁਰਾ ਦੀ ਦੁਕਾਨ ਤੋਂ ਸਬਜੀ ਲੈਣ ਗਈ ਸੀ, ਜਦ ਉਹ ਵੀ ਆਪਣੀ ਕੁੜੀ ਦੇ ਮਗਰ ਦੁਕਾਨ 'ਤੇ ਗਈ ਤਾਂ ਦੇਖਿਆ ਕਿ ਮੁਲਜਮ ਨੇ ਉਸ ਦੀ ਕੁੜੀ ਨੂੰ ਦੁਕਾਨ ਅੰਦਰ ਵਾੜ ਕੇ ਦਰਵਾਜਾ ਬੰਦ ਕਰ ਲਿਆ ਤੇ ਅਸ਼ਲੀਲ ਹਰਕਤਾਂ ਕਰ ਰਿਹਾ ਸੀ, ਉਸ ਵੱਲੋਂ ਰੌਲਾ ਪਾਉਣ 'ਤੇ ਮੁਲਜਮ ਉਥੋਂ ਭੱਜ ਗਿਆ। ਤੁਰੰਤ ਇਸ ਦੀ ਜਾਣਕਾਰੀ ਉਨ੍ਹਾਂ ਨੇ ਪੁਲਸ ਨੂੰ ਦਿੱਤੀ। ਮਾਮਲੇ ਦੀ ਜਾਂਚ ਕਰ ਰਹੇ ਏ. ਐੱਸ. ਆਈ. ਸੁਖਵਿੰਦਰ ਸਿੰਘ ਨੇ ਦੱਸਿਆ ਕਿ ਪੁਲਸ ਨੇ ਮੁਲਜਮ ਖ਼ਿਲਾਫ ਮਾਮਲਾ ਦਰਜ ਕਰ ਕੇ ਉਸ ਦੀ ਗ੍ਰਿਫਤਾਰੀ ਲਈ ਛਾਪੇਮਾਰੀ ਸ਼ੁਰੂ ਕਰ ਦਿੱਤੀ ਹੈ

## ਬਠਿੰਡਾ ਪੁਲਸ ਦੇ ਹੱਥ ਲੱਗੀ ਵੱਡੀ ਸਫਲਤਾ, 1 ਕੁਇੰਟਲ 60 ਕਿੱਲੋ ਚਾਂਦੀ ਦੇ ਗਹਿਣਿਆਂ ਤੇ ਗੱਡੀ ਸਣੇ 3 ਕੀਤੇ ਕਾਬੂ

ਬਠਿੰਡਾ 14 ਅਕਤੂਬਰ। ਮਹਾਰਾਸਟਰ ਤੋਂ ਲਿਆਂਦੇ ਚਾਂਦੀ ਦੇ ਗਹਿਣਿਆਂ ਦੀ ਖੇਪ ਨੂੰ ਪੁਲਸ ਨੇ ਡੂਮਵਾਲੀ ਬੈਰੀਅਰ 'ਤੇ ਲਗਾਏ ਅੰਤਰਰਾਜੀ ਨਾਕੇ ਦੌਰਾਨ ਕਾਬੂ ਕੀਤਾ। ਮਹਾਰਾਸਟਰ ਨੰਬਰ ਵਾਲੀ ਕਾਰ 'ਚੋਂ ਇਕ ਕੁਇੰਟਲ 60 ਕਿਲੋ ਚਾਂਦੀ ਦੇ ਗਹਿਣੇ ਬਰਾਮਦ ਹੋਏ ਹਨ। ਕਾਰ ਸਵਾਰ ਉਕਤ ਗਹਿਣਿਆਂ ਸਬੰਧੀ ਕੋਈ ਸਬੂਤ ਪੇਸ ਨਹੀਂ ਕਰ ਸਕੇ। ਜਿਸ ਤੋਂ ਬਾਅਦ ਪੁਲਸ ਨੇ ਉਕਤ ਗਹਿਣੇ ਆਪਣੇ ਕਬਜੇ 'ਚ ਲੈ ਕੇ ਇਨਕਮ ਟੈਕਸ ਵਿਭਾਗ ਨੂੰ ਸੌਂਪ ਦਿੱਤੇ। ਆਮਦਨ ਕਰ ਵਿਭਾਗ ਨੇ ਇਸ ਸਬੰਧੀ ਅਗਲੇਰੀ ਕਾਰਵਾਈ ਸੁਰੂ ਕਰ ਦਿੱਤੀ ਹੈ। ਪਥਰਾਲਾ ਪੁਲਸ ਚੌਕੀ ਦੇ ਇੰਚਾਰਜ ਸਬ



ਇੰਸਪੈਕਟਰ ਹਰਬੰਸ ਸਿੰਘ ਨੇ ਦੱਸਿਆ ਕਿ ਐੱਸ.ਐੱਸ.ਪੀ. ਦੀਪਕ ਪਾਰੀਕ ਦੀਆਂ ਹਦਾਇਤਾਂ 'ਤੇ ਪੁਲਸ ਵੱਲੋਂ ਪੰਜਾਬ ਅਤੇ ਹਰਿਆਣਾ ਦੀ ਸਰਹੱਦ 'ਤੇ ਨਾਕਾਬੰਦੀ ਕੀਤੀ ਗਈ ਹੈ। ਸੁੱਕਰਵਾਰ ਨੂੰ ਨਾਕਾਬੰਦੀ ਦੌਰਾਨ ਪੁਲਸ ਟੀਮ ਨੇ ਇਕ ਮਹਾਰਾਸਟਰ ਨੰਬਰ ਦੀ ਡਸਟਰ ਕਾਰ ਨੂੰ ਸੱਕ ਦੇ ਆਧਾਰ 'ਤੇ ਰੋਕਿਆ। ਕਾਰ ਚਾਲਕ ਨੇ ਆਪਣਾ ਨਾਂ ਵੋਪਾਸੋ ਵਾਸੀ ਜ਼ਿਲਾ ਬੇਲਗਾਮ ਮਹਾਰਾਸਟਰ ਦੱਸਿਆ ਅਤੇ ਕੰਡਕਟਰ ਸੀਟ 'ਤੇ ਬੈਠੇ ਵਿਅਕਤੀ ਨੇ ਆਪਣਾ ਨਾਂ ਪ੍ਰਸ਼ਾਦ ਪ੍ਰਦੀਪ ਪਾਟਿਲ ਹੋਪੁਰੀ ਕੋਲਹਾਪੁਰ ਮਹਾਰਾਸਟਰ ਦੱਸਿਆ ਅਤੇ ਪਿੱਛੇ ਬੈਠੇ ਵਿਅਕਤੀ ਨੇ ਆਪਣਾ ਨਾਂ ਅਜੀਤ ਕੁਮਾਰ ਪਾਟਿਲ ਵਾਸੀ ਮਹਾਰਾਸਟਰ ਦੱਸਿਆ। ਜਦ ਪੁਲਸ ਨੇ ਕਾਰ ਦੀ ਤਲਾਸੀ ਲਈ ਤਾਂ ਉਸ ਵਿਚ ਵੱਡੀ ਮਾਤਰਾ ਵਿਚ ਚਾਂਦੀ ਦੇ ਗਹਿਣੇ ਰੱਖੇ ਹੋਏ ਸਨ। ਪੁਲਸ ਨੇ ਇਨਕਮ ਟੈਕਸ ਦੇ ਅਸਿਸਟੈਂਟ ਡਾਇਰੈਕਟਰ ਅਸੋਕ ਕੁਮਾਰ ਖੱਤਰੀ ਅਤੇ ਇੰਸਪੈਕਟਰ ਗੌਰਵ ਗਰਗ ਨੂੰ ਮੌਕੇ 'ਤੇ ਬੁਲਾਇਆ।

## ਡੀ. ਆਈ. ਜੀ. ਦੀ ਅਗਵਾਈ ਹੇਠ ਮੋਗਾ ਜ਼ਿਲ੍ਹੇ ਵਿਚ ਕਾਸੋ ਆਪ੍ਰੇਸ਼ਨ ਤਹਿਤ ਵੱਡੇ ਪੱਧਰ 'ਤੇ ਛਾਪੇਮਾਰੀ

ਮੋਗਾ 14 ਅਕਤੂਬਰ। ਪੰਜਾਬ ਸਰਕਾਰ ਵਲੋਂ ਨਸ਼ਿਆਂ ਵਿਰੁੱਧ ਚਲਾਈ ਮੁਹਿੰਮ ਤਹਿਤ ਪੰਜਾਬ ਭਰ ਦੇ ਵੱਖ-ਵੱਖ ਜ਼ਿਲ੍ਹਿਆਂ ਵਿਚ ਪੁਲਸ ਅਧਿਕਾਰੀਆਂ ਵਲੋਂ ਕਾਸੋ ਸਰਚ ਆਪ੍ਰੇਸ਼ਨ ਤਹਿਤ ਨਸ਼ਾ ਤਸਕਰਾਂ ਨੂੰ ਕਾਬੂ ਕਰਨ ਲਈ ਵਿਸ਼ੇਸ਼ ਮੁਹਿੰਮ ਚਲਾਈ ਜਾ ਰਹੀ ਹੈ। ਮੋਗਾ ਜ਼ਿਲ੍ਹੇ ਵਿਚ ਵੀ ਪਿਛਲੇ ਕਈ ਦਿਨਾਂ ਤੋਂ ਇਸ ਮੁਹਿੰਮ ਤਹਿਤ ਨਸ਼ਾ ਸਮੱਗਲਰਾਂ ਅਤੇ ਗਲਤ ਅਨਸਰਾਂ ਨੂੰ ਕਾਬੂ ਕਰਨ ਲਈ ਮੁਹਿੰਮ ਚਲਾਈ ਜਾ ਰਹੀ ਹੈ। ਅੱਜ ਮੋਗਾ ਜ਼ਿਲ੍ਹੇ ਵਿਚ ਡੀ. ਆਈ. ਜੀ. ਜਲੰਧਰ ਰੇਂਜ ਇੰਦਰਬੀਰ ਸਿੰਘ ਅਤੇ ਜ਼ਿਲ੍ਹਾ ਪੁਲਸ ਮੁਖੀ ਵਿਵੇਕਸ਼ੀਲ ਸੋਨੀ ਦੀ ਅਗਵਾਈ ਹੇਠ ਸਬ ਡਵੀਜ਼ਨਾਂ ਵਿਚ ਨਸ਼ਾ ਸਮੱਗਲਰਾਂ ਨੂੰ ਕਾਬੂ ਕਰਨ ਲਈ ਸ਼ੱਕੀ ਟਿਕਾਣਿਆ 'ਤੇ ਛਾਪੇਮਾਰੀ ਕੀਤੀ। ਇਸ ਸਬੰਧ ਵਿਚ ਜਾਣਕਾਰੀ ਦਿੰਦੇ ਹੋਏ ਡੀ. ਆਈ. ਜੀ. ਇੰਦਰਬੀਰ ਸਿੰਘ ਨੇ ਦੱਸਿਆ ਕਿ ਕਾਸੋ ਆਪ੍ਰੇਸ਼ਨ ਤਹਿਤ ਐੱਸ. ਪੀ. ਡੀ. ਬਾਲਕਿਸ਼ਨ ਸਿੰਗਲਾ, ਐੱਸ. ਪੀ. ਗੁਰਸ਼ਰਨ ਸਿੰਘ ਸੰਧੂ, ਡੀ. ਐੱਸ. ਪੀ. ਸਿਟੀ ਰਵਿੰਦਰ ਸਿੰਘ, ਡੀ. ਐੱਸ. ਪੀ. ਨਿਹਾਲ ਸਿੰਘ ਵਾਲਾ ਪਰਮਜੀਤ ਸਿੰਘ ਸੰਧੂ ਅਤੇ ਸਮੂਹ ਥਾਣਿਆਂ ਦੇ ਮੁਖੀਆ ਸਮੇਤ 350



ਮੁਲਾਜ਼ਮਾ ਨੇ ਭਾਗ ਲਿਆ। ਉਨ੍ਹਾਂ ਦੱਸਿਆ ਕਿ ਮੋਗਾ ਪੁਲਸ ਵਲੋਂ ਚਾਰਾਂ ਸਬ-ਡਵੀਜ਼ਨਾਂ ਦੀਆਂ ਲੋਕੇਸ਼ਨਾ ਪਹਿਲਾਂ ਹੀ ਤੈਅ ਕਰ ਲਈਆਂ ਸਨ, ਜਿਨ੍ਹਾਂ ਵਿਚ ਛਾਪੇਮਾਰੀ ਕੀਤੀ ਗਈ ਹੈ ਅਤੇ ਘਰਾਂ ਦੀਆਂ ਤਲਾਸ਼ੀਆਂ ਲਈਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਇਸ ਆਪ੍ਰੇਸ਼ਨ ਤਹਿਤ ਹੈਰੋਇਨ ਬਰਾਮਦ ਕੀਤੀ ਗਈ ਹੈ ਅਤੇ ਕੁੱਝ ਵਿਅਕਤੀਆਂ ਵਿਰੁੱਧ ਮੁਕੱਦਮੇ ਵੀ ਦਰਜ ਕੀਤੇ ਗਏ ਹਨ। ਉਨ੍ਹਾਂ ਆਖਿਆ ਕਿ ਪੰਜਾਬ ਸਰਕਾਰ ਵਲੋਂ ਦਿੱਤੇ ਸਖ਼ਤ ਨਿਰਦੇਸ਼ਾ ਤਹਿਤ ਨਸ਼ਾ ਵਿਕਰੀ ਕਰਨ ਵਾਲਿਆਂ 'ਤੇ ਤਿੱਖੀ ਨਜ਼ਰ ਰੱਖੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਪੁਲਸ ਵਲੋਂ ਵੱਡੇ ਨਸ਼ਾ ਤਸਕਰਾਂ ਦੀਆਂ ਜਾਇਦਾਦਾਂ ਨੂੰ ਸੀਲ ਕੀਤਾ ਜਾ ਚੁੱਕਾ ਹੈ। ਉਨ੍ਹਾਂ ਕਿਹਾ ਕਿ ਪੁਲਸ ਦੇ ਉੱਚ ਅਧਿਕਾਰੀਆਂ ਨੂੰ ਵੀ ਲਿਖ ਕੇ ਭੇਜਿਆ ਜਾ ਰਿਹਾ ਹੈ। ਸਾਡਾ ਉਦੇਸ਼ ਨਸ਼ਾ ਮੁਕਤ ਪੰਜਾਬ ਦੀ ਸਿਰਜਣਾ ਕਰਨਾ ਹੈ ਤਾਂ ਜੋ ਪੰਜਾਬ ਦੇ ਲੋਕ ਅਮਨ ਸ਼ਾਂਤੀ ਨਾਲ ਰਹਿ ਸਕਣ। ਇਸ ਮੌਕੇ ਜ਼ਿਲਾ ਪੁਲਸ ਮੁਖੀ ਵਿਵੇਕਸ਼ੀਲ ਸੋਨੀ ਨੇ ਕਿਹਾ ਕਿ ਨਸ਼ਾ ਤਸਕਰਾਂ ਨੂੰ ਕਈ ਵਾਰ ਚੇਤਾਵਨੀ ਦਿੱਤੀ ਗਈ ਹੈ ਕਿ ਉਹ ਕਾਲਾ ਧੰਦਾ ਛੱਡ ਦੇਣ ਪ੍ਰੰਤੂ ਫ਼ਿਰ ਵੀ ਇਹ ਸੁਥਰੇ ਨਹੀਂ ਜਿਸ ਕਰ ਕੇ ਹੁਣ ਕਾਨੂੰਨ ਤਹਿਤ ਸਖ਼ਤ ਸਜ਼ਾ ਦਿੱਤੀ ਜਾ ਰਹੀ ਹੈ।

## ਫਾਜਿਲਕਾ 'ਚ ਮਿਲਿਆ ਪਾਕਿਸਤਾਨ ਤੋਂ ਆਇਆ ਡਰੋਨ, ਹੈਰੋਇਨ ਦੀ ਖੇਪ ਬਰਾਮਦ

ਫਾਜਿਲਕਾ 14 ਅਕਤੂਬਰ। ਫਾਜ਼ਿਲਕਾ ਦੇ ਭਾਰਤ-ਪਾਕਿ ਸਰਹੱਦੀ ਇਲਾਕੇ 'ਚ ਪੰਜਾਬ ਪੁਲਸ ਅਤੇ ਬੀ. ਐੱਸ. ਐੱਫ. ਨੇ ਸਾਂਝੇ ਤੌਰ 'ਤੇ ਸਰਚ ਆਪਰੇਸ਼ਨ ਚਲਾ ਕੇ ਪਾਕਿਸਤਾਨ ਵਲੋਂ ਡਰੋਨ ਜਰੀਏ ਭੇਜੀ ਗਈ ਹੈਰੋਇਨ ਦੀ ਖੇਪ ਬਰਾਮਦ ਕੀਤੀ ਹੈ। ਇਸ ਦੇ ਨਾਲ ਹੀ ਡਰੋਨ ਵੀ ਬਰਾਮਦ ਕੀਤਾ ਗਿਆ ਹੈ, ਜੋ ਕਿ ਚਾਈਨਾ ਮੇਡ ਦੱਸਿਆ ਜਾ ਰਿਹਾ ਹੈ। ਫਿਲਹਾਲ ਪੁਲਸ ਵਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਬੀ. ਐੱਸ. ਐੱਫ. ਦੇ ਡੀ. ਆਈ. ਜੀ. ਵਿਜੇ ਕੁਮਾਰ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਸਰਹੱਦੀ ਇਲਾਕੇ 'ਚ ਲਗਾਤਾਰ ਹੋ ਰਹੀ ਡਰੋਨ ਦੀ ਹਰਕਤ 'ਤੇ ਬੀ. ਐੱਸ. ਐੱਫ. ਵਲੋਂ ਪੈਨੀ ਨਜਰ ਰੱਖੀ ਜਾ ਰਹੀ ਹੈ। ਜਦੋਂ ਪਿੰਡ ਗਹਿਲੇਵਾਲਾ ਇਲਾਕੇ 'ਚ ਡਰੋਨ ਦੀ ਹਰਕਤ ਦਾ ਸ਼ੱਕ ਹੋਇਆ ਤਾਂ ਬੀ. ਐੱਸ. ਐੱਫ. ਨੇ ਪੰਜਾਬ ਪੁਲਸ ਨੂੰ ਸੂਚਿਤ ਕੀਤਾ ਅਤੇ ਸਾਂਝੇ ਤੌਰ 'ਤੇ ਆਪਰੇਸ਼ਨ ਚਲਾਇਆ। ਇਸ ਦੌਰਾਨ ਪਾਕਿਸਤਾਨ ਵਲੋਂ ਹੈਰੋਇਨ ਲੈ ਕੇ ਆਇਆ ਡਰੋਨ ਬਰਾਮਦ ਹੋਇਆ। ਹੈਰੋਇਨ ਦੇ ਪੈਕਟਾਂ 'ਤੇ ਰੇਡੀਅਮ ਟੇਪ ਲਾਈ ਗਈ ਸੀ ਤਾਂ ਜੋ ਭਾਰਤ ਵਲੋਂ ਖੇਪ ਲੈ ਕੇ ਜਾਣ ਵਾਲੇ ਸ਼ਖਸ ਨੂੰ ਹਨ੍ਹੇਰੇ 'ਚ ਖੇਪ ਦੀ ਰੌਸ਼ਨੀ ਨਾਲ ਉਸ ਦੀ ਪਛਾਣ ਹੋ ਸਕੇ। ਅਜਿਹੇ 'ਚ ਡਰੋਨ ਨਾਲ ਬੰਨ੍ਹਿਆ ਹੋਇਆ ਹੈਰੋਇਨ ਦਾ ਪੈਕਟ ਵੀ ਮਿਲਿਆ ਹੈ। ਜਿਸ ਦਾ ਵਜਨ 520 ਗ੍ਰਾਮ ਦੱਸਿਆ ਜਾ ਰਿਹਾ ਹੈ। ਫਿਲਹਾਲ ਮਾਮਲਾ ਪੁਲਸ ਦੇ ਹਵਾਲੇ ਕਰ ਦਿੱਤਾ ਗਿਆ ਹੈ।

## ਜਮੀਨੀ ਵਿਵਾਦ 'ਚ ਵੱਡੀ ਵਾਰਦਾਤ, ਘਰ ਅੰਦਰ ਦਾਖਲ ਹੋ ਚਲਾਈਆਂ ਗੋਲੀਆਂ

ਪਟਿਆਲਾ 14 ਅਕਤੂਬਰ। ਸ਼ਹਿਰ ਦੇ ਮਨਜੀਤ ਨਗਰ ਇਲਾਕੇ 'ਚ ਜਮੀਨੀ ਵਿਵਾਦ ਨੂੰ ਲੈ ਕੇ ਘਰ ਵਿਚ ਵੜ ਕੇ ਫਾਇਰਿੰਗ ਕੀਤੇ ਜਾਣ ਦਾ ਸਮਾਚਾਰ ਮਿਲਿਆ ਹੈ। ਥਾਣਾ ਤ੍ਰਿਪੜੀ ਦੀ ਪੁਲਸ ਨੇ ਮਨਪ੍ਰੀਤ ਸਿੰਘ ਪੁੱਤਰ ਦਵਿੰਦਰ ਸਿੰਘ ਵਾਸੀ ਮਕਾਨ ਨੰਬਰ 225 ਮਨਜੀਤ ਨਗਰ ਭਾਦਸੋਂ ਰੋਡ ਪਟਿਆਲਾ ਦੀ ਸ਼ਿਕਾਇਤ 'ਤੇ ਕਰਨ ਪੁੱਤਰ ਹਰਦੀਪਕ ਸਿੰਘ ਵਾਸੀ ਜੈਤੋਂ, ਗੁਰਜੇਪਾਲ ਪੁੱਤਰ ਬਿਕਰਮ ਸਿੰਘ ਵਾਸੀ ਭਗਤੂਆਣਾ, ਸੁਖਬੀਰ ਸਿੰਘ ਪੁੱਤਰ ਪੀਟਰ ਵਾਸੀ ਬੀੜ ਬਹਿਮਣ ਜ਼ਿਲ੍ਹਾ ਬਠਿੰਡਾ, ਗੁਰਤੇਜ ਭੱਟੀ ਵਾਸੀ ਬਠਿੰਡਾ ਅਤੇ 4 ਹੋਰ ਅਣਪਛਾਤੇ ਵਿਅਕਤੀਆਂ ਖ਼ਿਲਾਫ 307, 458, 336, 506, 148, 149 ਆਈ. ਪੀ. ਸੀ. ਅਤੇ ਆਰਮਜ਼ ਐਕਟ ਤਹਿਤ ਕੇਸ ਦਰਜ ਕੀਤਾ ਹੈ। ਮਨਪ੍ਰੀਤ ਸਿੰਘ ਨੇ ਸ਼ਿਕਾਇਤ ਦਰਜ ਕਰਵਾਈ ਸੀ ਕਿ ਉਸ ਨੇ ਉੱਠ ਕੇ ਦੇਖਿਆ ਕਿ ਕਰਨ, ਗੁਰਜੇਪਾਲ, ਸੁਖਬੀਰ ਸਿੰਘ ਅਤੇ ਗੁਰਤੇਜ ਭੱਟੀ, ਉਨ੍ਹਾਂ ਦੇ ਘਰ ਦੇ ਵਿਹੜੇ 'ਚ ਖੜ੍ਹੇ ਸਨ, ਜਿਨ੍ਹਾਂ ਦੇ ਹੱਥਾਂ 'ਚ ਪਿਸਟਲ ਫੜੇ ਹੋਏ ਸਨ। ਉਹ ਗੇਟ ਟੱਪ ਕੇ ਅੰਦਰ ਆ ਗਏ ਤਾਂ ਉਸ ਨਾਲ ਗਾਲੀ-ਗਲੋਚ ਕਰਨ ਲੱਗ



ਪਏ ਅਤੇ ਉਸ ਦੀ ਕੁੱਟਮਾਰ ਸ਼ੁਰੂ ਕਰ ਦਿੱਤੀ। ਕਰਨ ਨੇ ਆਪਣੇ ਹੱਥ 'ਚ ਫੜੇ ਪਿਸਟਲ ਦਾ ਬੱਟ ਉਸ ਦੇ ਮੂੰਹ 'ਤੇ ਮਾਰਿਆ। ਜਦੋਂ ਉਸ ਦੀ ਪਤਨੀ ਛੁਡਾਉਣ ਲੱਗੀ ਤਾਂ ਉਸ ਦੇ ਕੰਨ 'ਤੇ ਪਿਸਟਲ ਲਗਾ ਕੇ ਲੜਕਿਆਂ ਨੂੰ ਬਾਹਰ ਬੁਲਾਉਣ ਲਈ ਕਿਹਾ। ਇਸ ਤੋਂ ਬਾਅਦ ਜਦੋਂ ਉਸ ਦਾ ਲੜਕਾ ਤੇਗਬੀਰ ਆਪਣੇ ਕਮਰੇ ਤੋਂ ਬਾਹਰ ਆਇਆ ਤਾਂ ਬਾਹਰ ਖੜ੍ਹੇ ਅਣਪਛਾਤੇ ਵਿਅਕਤੀਆਂ ਨੇ ਉਸ ਦੇ ਘਰ 'ਤੇ ਫਾਇਰਿੰਗ ਸ਼ੁਰੂ ਕਰ ਦਿੱਤੀ ਅਤੇ ਕਰਨ ਨੇ ਜਾਨੋਂ ਮਾਰਨ ਦੀ ਨੀਅਤ ਨਾਲ ਆਪਣੇ ਹੱਥ 'ਚ ਫੜੀ ਪਿਸਟਲ ਦਾ ਫਾਇਰ ਸ਼ਿਕਾਇਤਕਰਤਾ ਵੱਲ ਕੀਤਾ ਤਾਂ ਉਹ ਇਕ ਪਾਸੇ ਹੋ ਗਿਆ ਤੇ ਫਾਇਰ ਮੁਦਈ ਦੀ ਪਤਨੀ ਵੱਲੋਂ ਚੁੱਕੀ ਹੋਈ ਪੋਤੀ ਦੇ ਕੰਨ ਕੋਲ ਦੀ ਲੰਘ ਗਿਆ। ਇਸ ਤੋਂ ਬਾਅਦ 2 ਗੱਡੀਆਂ 'ਤੇ ਸਵਾਰ ਹੋ ਕੇ ਆਏ ਵਿਅਕਤੀਆਂ ਨੇ ਜਾਨੋਂ ਮਾਰਨ ਦੀ ਨੀਅਤ ਨਾਲ ਉਸ ਦੇ ਘਰ ਅੰਦਰ ਦਾਖਲ ਹੋ ਕੇ ਫਾਇਰਿੰਗ ਕੀਤੀ। ਉਨ੍ਹਾਂ ਦੱਸਿਆ ਕਿ ਇਸ ਝਗੜੇ ਦਾ ਕਾਰਨ ਜਮੀਨੀ ਵਿਵਾਦ ਹੈ। ਪੁਲਸ ਨੇ ਕੇਸ ਦਰਜ ਕਰ ਕੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## ਫਾਜ਼ਿਲਕਾ ਜ਼ਿਲ੍ਹੇ 'ਚ ਲਾਏ ਜਾਣਗੇ 10 ਲੱਖ ਨਵੇਂ ਪੌਦੇ : ਡਾ. ਸੇਨੂੰ ਦੁੱਗਲ

ਫਾਜ਼ਿਲਕਾ 14 ਅਕਤੂਬਰ। ਪੰਜਾਬ ਸਰਕਾਰ ਵੱਲੋਂ ਇਸ ਸਾਲ ਫਾਜ਼ਿਲਕਾ ਜ਼ਿਲ੍ਹੇ 'ਚ 10 ਲੱਖ ਨਵੇਂ ਪੌਦੇ ਲਾਉਣ ਦਾ ਟੀਚਾ ਮਿੱਥਿਆ ਗਿਆ ਹੈ। ਇਸ ਲਈ ਜ਼ਿਲ੍ਹਾ ਪ੍ਰਸ਼ਾਸਨ ਨੇ 8 ਲੱਖ ਪੌਦੇ ਜੰਗਲਾਤ ਵਿਭਾਗ ਤੋਂ ਵੱਖ ਨਰੇਗਾ ਰਾਹੀਂ ਵੀ ਤਿਆਰ ਕੀਤੇ ਹਨ, ਤਾਂ ਜੋ ਇਹ ਪੌਦੇ ਮੁਫਤ ਲੋਕਾਂ ਨੂੰ ਲਾਉਣ ਲਈ ਦਿੱਤੇ ਜਾ ਸਕਣ। ਇਹ ਜਾਣਕਾਰੀ ਡਿਪਟੀ ਕਮਿਸ਼ਨਰ ਡਾ. ਸੇਨੂੰ ਦੁੱਗਲ ਨੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਮੀਟਿੰਗ ਕਰਦਿਆਂ ਦਿੱਤੀ। ਡਾ. ਦੁੱਗਲ ਨੇ ਦੱਸਿਆ ਕਿ ਹਰੇਕ ਵਿਭਾਗ ਆਪੋ-ਆਪਣੇ ਵਿਭਾਗ ਨਾਲ ਸਬੰਧਿਤ ਥਾਵਾਂ ਅਤੇ ਵਿਭਾਗ ਨਾਲ ਜੁੜੇ ਲੋਕਾਂ ਰਾਹੀਂ ਵੱਧ ਤੋਂ ਵੱਧ ਪੌਦੇ ਲਾਏ। ਉਨ੍ਹਾਂ ਕਿਹਾ ਕਿ ਨਰੇਗਾ ਤਹਿਤ 8 ਲੱਖ ਪੌਦੇ ਤਿਆਰ ਕੀਤੇ ਗਏ ਹਨ, ਜਦ ਕਿ ਇਸ ਤੋਂ ਬਿਨਾਂ ਜੰਗਲਾਤ ਵਿਭਾਗ ਵੱਲੋਂ ਵੀ ਪੌਦੇ ਤਿਆਰ ਕੀਤੇ ਗਏ ਹਨ। ਉਨ੍ਹਾਂ ਆਖਿਆ ਕਿ ਕੋਈ ਵੀ ਜ਼ਿਲ੍ਹਾ ਵਾਸੀ ਨਰੇਗਾ ਤਹਿਤ ਤਿਆਰ ਕੀਤੇ ਪੌਦਿਆਂ ਦੀਆਂ ਨਰਸਰੀਆਂ ਤੋਂ ਮੁਫਤ ਪੌਦੇ ਪ੍ਰਾਪਤ ਕਰ ਕੇ ਆਪਣੇ ਘਰ, ਖੇਤ ਜਾਂ ਪਿੰਡ, ਸ਼ਹਿਰ 'ਚ ਲਗਾ ਸਕਦਾ ਹੈ। ਪੌਦੇ ਲੈਣ ਮੌਕੇ ਆਪਣੇ ਆਧਾਰ ਕਾਰਡ ਦੀ ਕਾਪੀ ਨਾਲ ਲੈ ਕੇ ਜਾਣੀ ਹੋਵੇਗੀ।

## ਪੁਰਾਣੇ ਝਗੜੇ ਕਾਰਨ ਵਿਅਕਤੀ ਨੂੰ ਮਾਰਨ ਦੀ ਨੀਅਤ ਨਾਲ ਕੀਤੇ ਫਾਇਰ

ਫਿਰੋਜ਼ਪੁਰ 14 ਅਕਤੂਬਰ। ਬਾਹਰਵਰ ਕੇਂਦਰੀ ਜੇਲ੍ਹ ਫਿਰੋਜ਼ਪੁਰ ਦੇ ਕੋਲ ਪੁਰਾਣੇ ਝਗੜੇ ਦੇ ਚੱਲਦਿਆਂ ਇਕ ਵਿਅਕਤੀ ਨੂੰ ਜਾਨੋਂ ਮਾਰਨ ਦੀ ਨੀਅਤ ਨਾਲ ਫਾਇਰ ਕਰਕੇ ਜ਼ਖਮੀ ਕਰਨ ਦੀ ਖਬਰ ਮਿਲੀ ਹੈ। ਇਸ ਸਬੰਧ ਵਿਚ ਥਾਣਾ ਸਿਟੀ ਫਿਰੋਜ਼ਪੁਰ ਪੁਲਸ ਨੇ ਤਿੰਨ ਵਿਅਕਤੀਆਂ ਖ਼ਿਲਾਫ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿਚ ਲਲਿਤ ਪਾਸੀ ਉਰਫ ਪਾਸੀ ਪੁੱਤਰ ਜਵਾਲਾ ਪ੍ਰਸ਼ਾਦ ਵਾਸੀ ਫਿਰੋਜ਼ਪੁਰ ਨੇ ਦੱਸਿਆ ਕਿ ਉਹ ਆਪਣੇ ਦੋਸਤਾਂ ਨਾਲ ਇਨੋਵਾ ਕਾਰ 'ਤੇ ਕੇਂਦਰੀ ਜੇਲ੍ਹ ਫਿਰੋਜ਼ਪੁਰ ਦੇ ਬਾਹਰ ਖੜ੍ਹੇ ਸੀ ਤਾਂ ਰਵੀ ਜੋ ਉਨ੍ਹਾਂ ਦਾ ਦੋਸਤ ਹੈ, ਜਿਸ ਨੇ ਕੇਂਦਰੀ ਜੇਲ੍ਹ ਫਿਰੋਜ਼ਪੁਰ ਵਿਚੋਂ ਜ਼ਮਾਨਤ 'ਤੇ ਬਾਹਰ ਆਉਣਾ ਸੀ, ਦੀ ਉਡੀਕ ਕਰ ਰਹੇ ਸੀ ਤਾਂ ਅਚਾਨਕ ਇਕ ਬੁਲਟ ਮੋਟਰਸਾਈਕਲ 'ਤੇ ਤਿੰਨ ਨੌਜਵਾਨ ਵਿਅਕਤੀ ਜਿਨ੍ਹਾਂ ਨੂੰ ਉਹ ਪਹਿਲਾ ਤੋਂ ਜਾਣਦਾ ਹੈ। ਨੰਨਾ ਮੁੱਸਲਾ ਪਿਸਟਲ, ਸਲੀਮ ਮੁੱਸਲਾ ਪਿਸਟਲ ਤੇ ਅਜੈ ਮੋਟਰਸਾਈਕਲ



ਚਲਾ ਰਿਹਾ ਸੀ। ਲਲਿਤ ਪਾਸੀ ਨੇ ਦੱਸਿਆ ਕਿ ਦੋਸ਼ੀ ਨੰਨਾ ਤੇ ਸਲੀਮ ਨੇ ਦਸਤੀ ਪਿਸਟਲਾਂ ਨਾਲ ਮਾਰ ਦੇਣ ਦੀ ਨੀਅਤ ਨਾਲ ਸਿੱਧ ਫਾਇਰ ਉਸ ਵੱਲ ਕੀਤੇ, ਜੋ ਇਕ ਫਾਇਰ ਉਸ ਦੇ ਪੇਟ 'ਤੇ ਦੂਜਾ ਖੱਬੇ ਪੱਟ ਤੋਂ ਥੋੜ੍ਹਾ ਉਪਰ ਲੱਗਾ ਤੇ ਦੋਸ਼ੀਅਨ ਸ਼ਹਿਰ ਵੱਲ ਆਪਣੇ ਹਥਿਆਰਾਂ ਸਮੇਤ ਭੱਜ ਗਏ। ਲਲਿਤ ਪਾਸੀ ਨੇ ਦੱਸਿਆ ਕਿ ਉਸ ਦਾ ਇਲਾਜ ਅਨਿਲ ਬਾਗੀ ਹਸਪਤਾਲ ਫਿਰੋਜ਼ਪੁਰ ਵਿਚ ਚੱਲ ਰਿਹਾ ਹੈ। ਇਸ ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣਾਦਾਰ ਗਹਿਣਾ ਰਾਮ ਨੇ ਦੱਸਿਆ ਕਿ ਪੁਲਿਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਉਕਤ ਦੋਸ਼ੀਅਨ ਖ਼ਿਲਾਫ ਮਾਮਲਾ ਦਰਜ ਕਰ ਲਿਆ ਗਿਆ ਹੈ।

## ਮਾਮੇ ਦੇ ਮੁੰਡੇ ਨੇ ਟੱਪੀਆਂ ਬੇਸ਼ਰਮੀ ਦੀਆਂ ਹੱਦਾਂ, ਭੈਣ ਨਾਲ ਜਬਰ-ਜਿਨਾਹ ਕਰਨ ਮਗਰੋਂ ਬਣਾ ਲਈ ਵੀਡੀਓ

ਲੁਧਿਆਣਾ 14 ਅਕਤੂਬਰ। ਇੱਥੇ ਥਾਣਾ ਮਿਹਰਬਾਨ ਦੀ ਪੁਲਸ ਨੇ ਇਕ ਕੁੜੀ ਦੀ ਸ਼ਿਕਾਇਤ 'ਤੇ ਉਸ ਦੇ ਮਾਮੇ ਦੇ ਮੁੰਡੇ ਖ਼ਿਲਾਫ ਜਬਰ-ਜ਼ਿਨਾਹ ਦਾ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਥਾਣਾ ਇੰਚਾਰਜ ਹਰਜਿੰਦਰ ਸਿੰਘ ਨੇ ਦੱਸਿਆ ਕਿ ਪੁਲਸ ਨੂੰ ਪੀੜਤ ਕੁੜੀ ਨੇ ਸ਼ਿਕਾਇਤ ਦਿੱਤੀ ਹੈ ਕਿ ਮਾਮੇ ਦੇ ਮੁੰਡੇ ਨੇ ਉਸ ਨਾਲ ਜਬਰ-ਜ਼ਿਨਾਹ ਵਰਗੀ ਘਿਨੌਣੀ ਹਰਕਤ ਨੂੰ ਅੰਜਾਮ ਦਿੱਤਾ ਹੈ। ਉਸ ਨੇ ਦੱਸਿਆ ਕਿ ਕੁੱਝ ਮਹੀਨੇ ਪਹਿਲਾਂ ਉਸ ਦੇ ਘਰ 'ਚ ਕੋਈ ਵੀ ਮੌਜੂਦ ਨਹੀਂ ਸੀ। ਇਸ ਦੌਰਾਨ ਉਸ ਦੇ ਮਾਮੇ ਦਾ ਮੁੰਡੇ ਘਰ ਆਇਆ ਅਤੇ ਜਬਰਦਸਤੀ ਉਸ ਨਾਲ ਸਰੀਰਕ ਸਬੰਧ ਬਣਾਏ। ਇਸ ਤੋਂ ਬਾਅਦ ਉਸ ਨੇ ਮੋਬਾਇਲ 'ਚ ਉਸ ਦੀ ਫੋਟੋ ਅਤੇ ਵੀਡੀਓ ਬਣਾਈ ਅਤੇ ਉਸ ਨੂੰ ਲਗਾਤਾਰ ਬਲੈਕਮੇਲ ਕਰਦਾ ਰਿਹਾ। ਪੀੜਤਾ ਨੇ ਹਿੰਮਤ ਕਰਕੇ ਪੁਲਸ ਨੂੰ ਇਸ ਦੀ ਸ਼ਿਕਾਇਤ ਦਿੱਤੀ, ਜਿਸ ਤੋਂ ਬਾਅਦ ਪੁਲਸ ਨੇ ਦੋਸ਼ੀ ਮੁੰਡੇ ਖ਼ਿਲਾਫ ਮਾਮਲਾ ਦਰਜ ਕਰ ਲਿਆ ਹੈ ਅਤੇ ਉਸ ਦੀ ਭਾਲ ਕੀਤੀ ਜਾ ਰਹੀ ਹੈ।

## 30 ਏਕੜ ਪੈਲੀ ਦੇ ਰੌਲੇ 'ਚ ਚੱਲੀਆਂ ਗੋਲੀਆਂ

ਪਟਿਆਲਾ/ਰਾਜਪੁਰਾ 14 ਅਕਤੂਬਰ। ਪਟਿਆਲਾ ਜ਼ਿਲ੍ਹ ਦੇ ਹਲਕਾ ਘਨੌਰ ਦੇ ਅਧੀਨ ਪੈਂਦੇ ਪਿੰਡ ਚਤਰ ਨਗਰ ਨੌਗਾਵਾ ਵਿਚ ਜਮੀਨੀ ਝਗੜੇ ਨੂੰ ਲੈ ਕੇ ਦੋ ਧਿਰਾਂ ਵਿਚ ਅੰਨ੍ਹੇਵਾਹ ਚੱਲੀਆਂ ਗੋਲੀਆਂ ਵਿਚ ਤਿੰਨ ਵਿਅਕਤੀਆਂ ਦੀ ਮੌਤ ਹੋ ਗਈ ਜਦਕਿ ਦੋ ਗੰਭੀਰ ਜਖਮੀ ਹੋਏ ਹਨ। ਸੂਤਰਾਂ ਮੁਤਾਬਕ ਮ੍ਰਿਤਕਾਂ ਵਿਚ ਪਿਓ-ਪੁੱਤ ਸ਼ਾਮਲ ਹਨ। ਜਾਣਕਾਰੀ ਅਨੁਸਾਰ ਇਹ ਝਗੜਾ 30 ਏਕੜ ਪੈਲੀ ਨੂੰ ਲੈ ਕੇ ਹੋਇਆ ਹੈ। ਦੋਵੇਂ ਧਿਰਾਂ ਉਸ ਜਮੀਨ 'ਤੇ ਕਬਜਾ ਲੈਣ ਲਈ ਪਹੁੰਚੀਆਂ ਹੋਈਆਂ ਸਨ, ਜਿੱਥੇ ਹੁਣ ਤੱਕ ਪ੍ਰਾਪਤ ਜਾਣਕਾਰੀ ਅਨੁਸਾਰ ਇਕ ਧਿਰ ਦੇ ਦੋ ਵਿਅਕਤੀਆਂ (ਜੋ ਪਿਓ-ਪੁੱਤ ਦੱਸੇ ਜਾ ਰਹੇ ਹਨ) ਦੀ ਮੌਤ ਹੋ ਗਈ ਅਤੇ ਦੂਸਰੇ ਧਿਰ ਦੇ ਇਕ ਵਿਅਕਤੀ ਦੀ ਮੌਤ ਹੋਈ ਹੈ। ਇਸ ਖੂਨੀ ਕਾਂਡ ਵਿਚ ਦੋ ਲੋਕ ਗੰਭੀਰ ਜਖਮੀ ਹੋਏ ਹਨ। ਵਾਰਦਾਤ ਦੀ ਸੂਚਨਾ ਮਿਲਣ ਤੋਂ ਬਾਅਦ ਵੱਡੀ ਗਿਣਤੀ ਪੁਲਸ ਮੌਕੇ 'ਤੇ ਪਹੁੰਚੀ ਅਤੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ। ਤਿੰਨੇ ਲਾਸ਼ਾਂ ਖੇਤਾਂ ਵਿਚ ਪਈਆਂ ਸਨ।

## ਸ਼ੱਕੀ ਹਾਲਾਤ 'ਚ ਵਿਆਹੁਤਾ ਦੀ ਮੌਤ, 9 ਸਾਲ ਪਹਿਲਾਂ ਹੋਇਆ ਸੀ ਵਿਆਹ, ਸਹੁਰਿਆਂ 'ਤੇ ਲੱਗੇ ਗੰਭੀਰ ਦੋਸ਼

ਨਕੋਦਰ 14 ਅਕਤੂਬਰ। ਥਾਣਾ ਸਦਰ ਦੇ ਅਧੀਨ ਆਉਂਦੇ ਪਿੰਡ ਤਲਵੰਡੀ ਸਲੇਮ ਵਿਖੇ ਸ਼ੱਕੀ ਹਾਲਾਤ 'ਚ ਇਕ ਵਿਆਹੁਤਾ ਮਹਿਲਾ ਦੀ ਮੌਤ ਹੋਣ ਦੀ ਖਬਰ ਮਿਲੀ ਹੈ। ਸੂਚਨਾ ਮਿਲਦੇ ਹੀ ਡੀ. ਐੱਸ. ਪੀ. ਨਕੋਦਰ ਕੁਲਵਿੰਦਰ ਸਿੰਘ ਵਿਰਕ, ਸਦਰ ਥਾਣਾ ਮੁਖੀ ਇੰਸਪੈਕਟਰ ਜੈਪਾਲ, ਚੌਂਕੀ ਇੰਚਾਰਜ ਉੱਗੀ ਏ. ਐੱਸ. ਆਈ. ਬਲਵੀਰ ਸਿੰਘ ਸਮੇਤ ਪੁਲਸ ਪਾਰਟੀ ਮੌਕੇ 'ਤੇ ਪਹੁੰਚ ਜਾਂਚ ਸ਼ੁਰੂ ਕਰ ਦਿੱਤੀ। ਮ੍ਰਿਤਕ ਮਹਿਲਾ ਦੀ ਪਛਾਣ ਰਾਜਵਿੰਦਰ ਕੌਰ (35) ਪਤਨੀ ਅਮਰੀਕ ਸਿੰਘ ਵਾਸੀ ਪਿੰਡ ਤਲਵੰਡੀ ਸਲੇਮ ਨਕੋਦਰ ਵਜੋਂ ਹੋਈ ਹੈ। ਪੁਲਸ ਨੂੰ ਦਿੱਤੇ ਬਿਆਨ 'ਚ ਮ੍ਰਿਤਕਾਂ ਦੇ ਜੀਜੇ ਰਾਜ ਕੁਮਾਰ ਪੁੱਤਰ ਪੂਰਨ ਚੰਦ ਵਾਸੀ ਪਿੰਡ ਉਧੋਵਾਲ ਨੇ ਦੱਸਿਆ ਕਿ ਉਹ ਮਿਹਨਤ ਮਜਦੂਰੀ ਦਾ ਕੰਮ ਕਰਦਾ ਹੈ। ਉਸ ਦੀਆਂ ਚਾਰ ਸਾਲੀਆਂ ਹਨ। ਇਕ ਸਾਲੀ ਰਾਜਵਿੰਦਰ ਕੌਰ (35) ਦਾ ਵਿਆਹ 9 ਸਾਲ ਪਹਿਲਾਂ ਅਮਰੀਕ ਸਿੰਘ ਵਾਸੀ ਤਲਵੰਡੀ ਸਲੇਮ ਨਾਲ ਹੋਇਆ ਸੀ, ਜਿਨ੍ਹਾਂ ਦੇ ਕੋਈ ਬੱਚਾ ਨਹੀਂ ਹੈ। ਅਮਰੀਕ ਸਿੰਘ ਉਸ ਦੀ ਮਾਤਾ ਬਲਵਿੰਦਰ ਕੌਰ ਉਰਫ ਬਿੰਦਰ ਅਤੇ ਦਿਓਰ ਜਸਕਰਨ ਸਿੰਘ ਉਰਫ ਜੱਸਾ ਵੀ ਨਾਲ ਰਹਿੰਦੇ ਹਨ। ਉਨ੍ਹਾਂ ਦਾ ਰਾਜਵਿੰਦਰ ਕੌਰ ਨਾਲ ਘਰੇਲੂ ਕਲੇਸ ਰਹਿੰਦਾ ਸੀ, ਜਿਸ ਸਬੰਧੀ ਕਈ ਵਾਰ ਮੋਹਤਵਾਰਾ ਨੇ ਫੈਸਲੇ ਕਰਵਾਏ ਸੀ ਅਤੇ ਕਰੀਬ 6 ਮਹੀਨੇ ਪਹਿਲਾਂ ਮਹਿਲਾ ਮੰਡਲ ਜਲੰਧਰ ਫੈਸਲਾ ਹੋਇਆ ਸੀ ਪਰ ਰਾਜਵਿੰਦਰ ਕੌਰ ਦੇ ਸੁਹਰੇ ਪਰਿਵਾਰ ਦੇ ਵਤੀਰੇ ਵਿੱਚ ਕਿਸੇ ਤਰ੍ਹਾਂ ਦਾ ਕੋਈ ਬਦਲਾਅ ਨਹੀਂ ਸੀ ਆਇਆ। ਅੱਜ ਸਵੇਰੇ 6 ਵਜੇ ਅਮਰੀਕ ਸਿੰਘ ਨੇ ਫੋਨ ਕਰਕੇ ਸਾਨੂੰ ਦੱਸਿਆ ਕਿ ਰਾਜਵਿੰਦਰ ਕੌਰ ਬੋਲ ਨਹੀਂ ਰਹੀ, ਜਿਸ ਨੂੰ ਇਲਾਜ ਲਈ ਜਲੰਧਰ ਹਸਪਤਾਲ ਲੈ ਕੇ ਜਾ ਰਹੇ ਹਨ, ਕਹਿ ਕੇ ਫੋਨ ਕੱਟ ਦਿੱਤਾ। ਇਸ ਉਪਰੰਤ ਵਾਰ-ਵਾਰ ਫੋਨ ਕਰਨ 'ਤੇ ਅਮਰੀਕ ਸਿੰਘ ਨੇ ਫੋਨ ਨਹੀਂ ਚੁੱਕਿਆ। ਜਦੋਂ ਅਸੀਂ ਪਿੰਡ ਤਲਵੰਡੀ ਸਲੇਮ ਘਰ ਦੇ ਅੰਦਰ ਜਾ



ਕੇ ਵੇਖਿਆ ਤਾਂ ਰਾਜਵਿੰਦਰ ਕੌਰ ਦੀ ਲਾਸ ਘਰ ਦੇ ਅੰਦਰ ਪਈ ਸੀ, ਜਿਸ ਦੇ ਗਲ ਵਿੱਚ ਇਕ ਡੂੰਘਾ ਜਖਮ ਦਾ ਨਿਸਾਨ ਜੋ ਰੱਸੀ ਜਾਂ ਕਿਸੇ ਹੋਰ ਚੀਜ ਨਾਲ ਘੁੱਟਣ ਕਾਰਨ ਪਿਆ ਹੋਇਆ ਸੀ। ਜਿਸ ਸਬੰਧੀ ਅਸੀਂ ਅਮਰੀਕ ਸਿੰਘ ਨੂੰ ਪੁੱਛਿਆ ਪਰ ਉਹ ਸਪੱਸਟ ਜਵਾਬ ਨਹੀਂ ਦੇ ਸਕਿਆ। ਅਮਰੀਕ ਸਿੰਘ ਨੇ ਆਪਣੀ ਮਾਤਾ ਬਲਵਿੰਦਰ ਕੌਰ ਉਰਫ ਬਿੰਦਰ ਅਤੇ ਭਰਾ ਜਸਕਰਨ ਸਿੰਘ ਉਰਫ ਜੱਸਾ ਨਾਲ ਨਾਲ ਮਿਲ ਕੇ ਰਾਜਵਿੰਦਰ ਕੌਰ ਨੂੰ ਗਲ ਘੁੱਟ ਕੇ ਮਾਰ ਦਿੱਤਾ ਹੈ। ਉਧਰ ਇਸ ਸਬੰਧੀ ਡੀ. ਐੱਸ .ਪੀ. ਨਕੋਦਰ ਕੁਲਵਿੰਦਰ ਸਿੰਘ ਵਿਰਕ ਅਤੇ ਸਦਰ ਥਾਣਾ ਮੁੱਖੀ ਇੰਸਪੈਕਟਰ ਜੈਪਾਲ ਨੇ ਦੱਸਿਆ ਕਿ ਰਾਜ ਕੁਮਾਰ ਪੁੱਤਰ ਪੂਰਨ ਚੰਦ ਵਾਸੀ ਪਿੰਡ ਉਧੋਵਾਲ ਦੇ ਬਿਆਨਾਂ 'ਤੇ ਮ੍ਰਿਤਕ ਮਹਿਲਾਂ ਦੇ ਪਤੀ ਅਮਰੀਕ ਸਿੰਘ, ਸੱਸ ਬਲਵਿੰਦਰ ਕੌਰ ਉਰਫ ਬਿੰਦਰ ਅਤੇ ਦਿਓਰ ਜਸਕਰਨ ਸਿੰਘ ਉਰਫ ਜੱਸਾ ਖ਼ਿਲਾਫ਼ ਕਤਲ ਦੀ ਧਾਰਾ 302,34 ਆਈ .ਪੀ. ਸੀ. ਦੇ ਤਹਿਤ ਮਾਮਲਾ ਦਰਜ ਕਰ ਲਿਆ ਗਿਆ ਹੈ।

ਕੌਮੀ ਪਤ੍ਰਿਕਾ

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689
011-23315814
Mob. : 9971359517
9312262300

E-mail address:
qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

# ਜੋਗਿੰਦਰ ਸਿੰਘ ਸਲਾਰੀਆ ਨੇ ਕਾਨੂੰਨ ਵਿਵਸਥਾ 'ਤੇ ਜਤਾਈ ਗੰਭੀਰ ਚਿੰਤਾ

**ਕੌਮੀ ਪਤ੍ਰਿਕਾ**

ਬਟਾਲਾ, 14 ਅਕਤੂਬਰ: ਪੰਜਾਬ ਦੇ ਬਟਾਲਾ ਸ਼ਹਿਰ ਵਿੱਚ ਹਾਲ ਹੀ ਵਿੱਚ ਹੋਈ ਦੋ ਨੌਜਵਾਨਾਂ ਦੀ ਬੇਰਹਮੀ ਨਾਲ ਕੀਤੀ ਗਈ ਹੱਤਿਆ ਅਤੇ ਉਸ ਤੋਂ ਬਾਅਦ ਪੂਰੇ ਇਲਾਕੇ ਵਿੱਚ ਫੈਲੀ ਦਹਿਸ਼ਤ ਨੂੰ ਲੈ ਕੇ ਅੰਤਰਰਾਸ਼ਟਰੀ ਸੰਸਥਾ ਪੀ.ਸੀ.ਟੀ. ਹਿਊਮੈਨਿਟੀ ਦੇ ਸੰਸਥਾਪਕ ਅਤੇ ਸਮਾਜਸੇਵੀ ਜੋਗਿੰਦਰ ਸਿੰਘ ਸਲਾਰੀਆ ਨੇ ਗੰਭੀਰ ਚਿੰਤਾ ਜਤਾਈ ਹੈ। ਉਹਨਾਂ ਨੇ ਇਸ ਜਘਨ?ਨ ਹੱਤਿਆਕਾਂਡ ਦੀ ਸਖ਼ਤ ਨਿੰਦਾ ਕਰਦਿਆਂ ਕਿਹਾ ਕਿ ਅੱਜ ਪੰਜਾਬ ਵਿੱਚ ਕਾਨੂੰਨ ਵਿਵਸਥਾ ਪੂਰੀ ਤਰ੍ਹਾਂ ਢਹਿ ਗਈ ਹੈ ਅਤੇ ਲੋਕ ਆਪਣੇ ਆਪ ਨੂੰ ਅਸੁਰੱਖਿਅਤ ਮਹਿਸੂਸ ਕਰ ਰਹੇ ਹਨ। ਜੋਗਿੰਦਰ ਸਿੰਘ ਸਲਾਰੀਆ ਨੇ ਕਿਹਾ ਕਿ ਜਿਵੇਂ ਬਟਾਲਾ ਵਿੱਚ ਦਿਨ ਦੇ ਚਾਨਣੇ ਵਿੱਚ ਦੋ ਨੌਜਵਾਨਾਂ ਨੂੰ ਗੋਲੀਆਂ ਨਾਲ ਭੁੰਨ ਦਿੱਤਾ ਗਿਆ, ਇਹ ਸਿਰਫ਼ ਹੱਤਿਆ ਨਹੀਂ, ਸਗੋਂ ਕਾਨੂੰਨ ਵਿਵਸਥਾ ਦੇ ਮੂੰਹ ਤੇ ਚਪੇੜ ਹੈ। ਉਹਨਾਂ ਦੱਸਿਆ ਕਿ ਇਸ ਹਮਲੇ ਵਿੱਚ ਹੋਰ ਚਾਰ ਲੋਕ ਵੀ ਜ਼ਖ਼ਮੀ ਹੋਏ ਹਨ। ਇਹ ਦਰਸਾਉਂਦਾ ਹੈ ਕਿ ਹੁਣ ਪੰਜਾਬ ਵਿੱਚ ਆਮ ਆਦਮੀ ਦੀ ਜਾਨ ਦੀ ਕੋਈ ਕੀਮਤ ਨਹੀਂ ਰਹੀ। ਅਪਰਾਧੀਆਂ ਅਤੇ ਗੁੰਡਿਆਂ ਦੇ ਹੌਸਲੇ ਇਸ ਕਦਰ ਬੁਲੰਦ ਹੋ ਗਏ ਹਨ ਕਿ ਲੋਕ ਹੁਣ ਦਿਨ ਵਿੱਚ ਵੀ ਘਰੋਂ ਨਿਕਲਣ ਤੋਂ ਡਰਦੇ ਹਨ। ਹਿੰਦੂ ਸੰਗਠਨਾਂ ਵੱਲੋਂ ਦਿੱਤੇ ਗਏ ਬਟਾਲਾ ਬੰਦ ਦੇ ਐਲਾਨ 'ਤੇ ਸਲਾਰੀਆ ਨੇ ਕਿਹਾ ਕਿ ਸਕੂਲਾਂ, ਕਾਲਜਾਂ ਅਤੇ ਵਪਾਰਕ ਸਥਾਨਾਂ ਨੂੰ ਬੰਦ ਕਰਵਾਉਣਾ ਕਿਸੇ ਸਮੱਸਿਆ ਦਾ ਹੱਲ ਨਹੀਂ ਹੈ। ਇਸ ਨਾਲ ਸਿਰਫ਼ ਆਮ ਜਨਤਾ, ਵਿਦਿਆਰਥੀਆਂ ਅਤੇ ਮਿਹਨਤਕਸ਼ ਲੋਕਾਂ ਨੂੰ ਪਰੇਸ਼ਾਨੀ ਹੁੰਦੀ ਹੈ। ਉਹਨਾਂ ਕਿਹਾ ਕਿ ਰੋਸ਼ ਪ੍ਰਗਟ ਕਰਨਾ ਲੋਕਤਾਂਤਰਿਕ ਅਧਿਕਾਰ ਹੈ ਪਰ ਇਹ ਰੋਸ਼ ਐਸੇ ਤਰੀਕੇ ਨਾਲ ਨਹੀਂ ਹੋਣਾ ਚਾਹੀਦਾ ਜੋ ਆਮ ਜੀਵਨ ਨੂੰ ਪ੍ਰਭਾਵਿਤ ਕਰੇ। ਸਲਾਰੀਆ ਨੇ ਪੰਜਾਬ ਦੇ ਰਾਜਨੀਤਿਕ ਨੇਤ੍ਰਿਤਵ 'ਤੇ ਤਿੱਖੇ ਸ਼ਬਦਾਂ 'ਚ ਚੋਟ ਕਰਦਿਆਂ ਕਿਹਾ ਕਿ ਅੱਜ ਜਿਹੜੇ ਨੇਤਾ ਚੋਣਾਂ ਜਿੱਤ ਕੇ ਆਏ ਹਨ, ਉਹ ਲੋਕਾਂ ਦੀ ਸੁਰੱਖਿਆ ਦੀ ਜ਼ਿੰਮੇਵਾਰੀ ਲੈਣ ਦੀ ਬਜਾਏ ਸਿਆਸਤ 'ਚ ਮਸਤ ਹਨ। ਜੇ ਬਟਾਲਾ ਵਰਗੇ ਸ਼ਹਿਰਾਂ 'ਚ ਇਹੋ ਜਿਹੀਆਂ ਘਟਨਾਵਾਂ ਹੋ ਰਹੀਆਂ ਹਨ ਤਾਂ ਇਹ ਸਾਫ਼ ਹੈ ਕਿ ਸਰਕਾਰ ਦੀ ਪ੍ਰਾਥਮਿਕਤਾ ਸੁਰੱਖਿਆ ਨਹੀਂ ਰਹੀ। ਉਹਨਾਂ ਨੇ ਕਿਹਾ ਕਿ ਪੰਜਾਬ ਨੂੰ ਦੁਬਾਰਾ ਰੰਗਲਾ ਪੰਜਾਬ ਬਣਾਉਣ ਦੀਆਂ ਗੱਲਾਂ ਤਾਂ ਕੀਤੀਆਂ ਗਈਆਂ ਸਨ ਪਰ ਅੱਜ ਹਾਲਾਤ ਵੇਖ ਕੇ ਲੱਗਦਾ ਹੈ ਕਿ ਉਹ ਰੰਗ ਖੂਨ ਵਿੱਚ ਬਦਲ ਗਿਆ ਹੈ। ਅੱਜ ਰਾਜ ਵਿੱਚ ਡਰ ਤੇ ਦਹਿਸ਼ਤ ਦਾ ਮਾਹੌਲ ਹੈ, ਫਿਰੌਤੀ ਦੀਆਂ ਕਾਲਾਂ ਆ ਰਹੀਆਂ ਹਨ, ਕਾਰੋਬਾਰ ਠੱਪ ਹੋ ਰਹੇ ਹਨ ਅਤੇ ਇਨਸਾਨੀਅਤ ਸਿਸਕ ਰਹੀ ਹੈ। ਸਲਾਰੀਆ ਨੇ ਦੇਸ਼ ਦੀਆਂ ਸੁਰੱਖਿਆ ਏਜੰਸੀਆਂ ਤੋਂ ਮੰਗ ਕੀਤੀ ਕਿ ਉਹ ਪੰਜਾਬ ਵਿੱਚ ਵਧ ਰਹੇ ਅਪਰਾਧਾਂ ਅਤੇ ਫਿਰੌਤੀ ਦੀਆਂ ਘਟਨਾਵਾਂ 'ਤੇ ਤੁਰੰਤ ਕੜੀ ਕਾਰਵਾਈ ਕਰਨ। ਉਹਨਾਂ ਕਿਹਾ ਕਿ ਹੁਣ ਸਮਾਂ ਆ ਗਿਆ ਹੈ ਕਿ ਕੇਂਦਰ ਅਤੇ ਰਾਜ ਸਰਕਾਰ ਮਿਲ ਕੇ ਪੰਜਾਬ ਦੀ ਹਾਲਤ 'ਤੇ ਧਿਆਨ ਦੇਣ, ਕਿਉਂਕਿ ਇਹ ਸਿਰਫ਼ ਕਾਨੂੰਨ ਵਿਵਸਥਾ ਦਾ ਨਹੀਂ ਸਗੋਂ ਰਾਜ ਦੇ ਭਵਿੱਖ ਦਾ ਸਵਾਲ ਹੈ। ਉਹਨਾਂ ਕਿਹਾ ਕਿ ਅੱਜ ਹਾਲਾਤ ਐਸੇ ਹੋ ਗਏ ਹਨ ਕਿ ਲੋਕ ਘਰੋਂ ਨਿਕਲਦਿਆਂ ਇਹ ਸੋਚਦੇ ਹਨ ਕਿ ਕੀ ਉਹ ਸ਼ਾਮ ਤਕ ਸੁਰੱਖਿਅਤ ਵਾਪਸ ਆਉਣਗੇ ਜਾਂ ਨਹੀਂ। ਪਹਿਲਾਂ ਜਿਹੀਆਂ ਕੁਦਰਤੀ ਮੌਤਾਂ ਨਹੀਂ ਰਹੀਆਂ, ਹੁਣ ਗੋਲੀਆਂ ਨਾਲ ਮੌਤਾਂ ਆਮ ਹੋ ਚੁੱਕੀਆਂ ਹਨ। ਇਹ ਹਾਲਤ ਬਹੁਤ ਹੀ ਦੁਖਦਾਈ ਹੈ। ਸਰਕਾਰ ਨੂੰ ਚਾਹੀਦਾ ਹੈ ਕਿ ਪੰਜਾਬ ਨੂੰ ਇਸ ਅੰਧਕਾਰ ਵੱਲ ਜਾਣ ਤੋਂ ਬਚਾਇਆ ਜਾਵੇ। ਪਹਿਲਾਂ ਹੀ ਨਸ਼ੇ ਨੇ ਪੰਜਾਬ ਦੀ ਜਵਾਨੀ ਨੂੰ ਖਾ ਲਿਆ ਹੈ ਅਤੇ ਹੁਣ ਗੁੰਡਾਗਰਦੀ ਬਚੀ ਹੋਈ ਉਮੀਦਾਂ ਨੂੰ ਵੀ ਨਿਗਲ ਰਹੀ ਹੈ। ਜੋਗਿੰਦਰ ਸਿੰਘ ਸਲਾਰੀਆ, ਜੋ ਖੁਦ ਇੱਕ ਮਾਣਯੋਗ ਐਨ.ਆਰ.ਆਈ. ਹਨ, ਉਹਨਾਂ ਕਿਹਾ ਕਿ ਵਿਦੇਸ਼ਾਂ ਵਿੱਚ ਰਹਿੰਦੇ ਪੰਜਾਬੀ ਭੀ ਆਪਣੇ ਰਾਜ ਦੀ ਮੌਜੂਦਾ ਹਾਲਤ ਨੂੰ ਲੈ ਕੇ ਗੰਭੀਰ ਚਿੰਤਤ ਹਨ। ਉਹ ਪੰਜਾਬ ਦੀ ਤਰੱਕੀ ਲਈ ਯੋਗਦਾਨ ਦੇਣਾ ਚਾਹੁੰਦੇ ਹਨ ਪਰ ਇੱਥੋਂ ਦੇ ਹਾਲਾਤ ਉਹਨਾਂ ਦੇ ਮਨ ਵਿੱਚ ਡਰ ਪੈਦਾ ਕਰ ਰਹੇ ਹਨ। ਉਹਨਾਂ ਚੇਤਾਵਨੀ ਦਿੱਤੀ ਕਿ ਜੇ ਸਮੇਂ ਸਿਰ ਸੁਰੱਖਿਆ ਪ੍ਰਬੰਧ ਮਜ਼ਬੂਤ ਨਾ ਕੀਤੇ ਗਏ ਤਾਂ ਹਾਲਾਤ ਹੋਰ ਵੀ ਬੇਕਾਬੂ ਹੋ ਸਕਦੇ ਹਨ। ਉਹਨਾਂ ਸੁਝਾਅ ਦਿੱਤਾ ਕਿ ਬਟਾਲਾ ਤੇ ਹੋਰ ਸੰਵੇਦਨਸ਼ੀਲ ਇਲਾਕਿਆਂ ਵਿੱਚ ਪੁਲਿਸ ਦੀ ਮੌਜੂਦਗੀ ਵਧਾਈ ਜਾਵੇ, ਗੈਂਗਸਟਰਾਂ ਤੇ ਅਪਰਾਧੀ ਤੱਤਾਂ 'ਤੇ ਕੜੀ ਕਾਰਵਾਈ ਹੋਵੇ, ਫਿਰੌਤੀ ਤੇ ਧਮਕੀ ਵਾਲੀਆਂ ਕਾਲਾਂ ਨੂੰ ਟ?ਰੈਕ ਕਰਕੇ ਦੋਸ਼ੀਆਂ ਨੂੰ ਸਜ਼ਾ ਦਿੱਤੀ ਜਾਵੇ ਅਤੇ ਲੋਕਾਂ ਦੇ ਮਨ ਵਿੱਚ ਸੁਰੱਖਿਆ ਦਾ ਭਰੋਸਾ ਦੁਬਾਰਾ ਪੈਦਾ ਕੀਤਾ ਜਾਵੇ। ਸਭ ਰਾਜਨੀਤਿਕ ਪਾਰਟੀਆਂ ਨੂੰ ਇਸ ਮਾਮਲੇ 'ਚ ਮਿਲਜੁਲ ਕੇ ਕੰਮ ਕਰਨਾ ਚਾਹੀਦਾ ਹੈ, ਨਾ ਕਿ ਇਸਨੂੰ ਸਿਆਸੀ ਹਥਿਆਰ ਬਣਾਉਣਾ ਚਾਹੀਦਾ ਹੈ। ਅੰਤ ਵਿੱਚ ਸਲਾਰੀਆ ਨੇ ਭਾਵੁਕ ਹੋ ਕੇ ਕਿਹਾ ਕਿ ਪੰਜਾਬ ਨੂੰ ਹੁਣ ਹੋਰ ਖੋਖਲਾ ਨਾ ਕੀਤਾ ਜਾਵੇ। ਸਾਡਾ ਰਾਜ ਬਹੁਤ ਕੁਝ ਸਹਿ ਚੁੱਕਾ ਹੈ — ਆਤੰਕਵਾਦ, ਨਸ਼ਾ, ਤੇ ਪਲਾਇਨ। ਹੁਣ ਸਮਾਂ ਹੈ ਕਿ ਅਸੀਂ ਸਭ ਮਿਲ ਕੇ ਪੰਜਾਬ ਨੂੰ ਦੁਬਾਰਾ ਜੀਉਣ ਜੋਗਾ ਬਣਾਈਏ। ਸਿਆਸਤ ਆਪਣੀ ਥਾਂ, ਪਰ ਪਹਿਲਾਂ ਪੰਜਾਬੀ ਦਾ ਜੀਵਨ ਜ਼ਰੂਰੀ ਹੈ। ਸਿਆਸਤ ਤਦੋਂ ਮਾਇਨੇ ਰੱਖਦੀ ਹੈ ਜਦੋਂ ਜਨਤਾ ਜਿੰਦਾ ਹੋਵੇ। ਸਰਕਾਰਾਂ ਨੂੰ ਚਾਹੀਦਾ ਹੈ ਕਿ ਉਹ ਆਪਣਾ ਫ਼ਰਜ਼ ਨਿਭਾਉਣ ਤੇ ਪੰਜਾਬ ਨੂੰ ਖੂਨ ਨਾਲ ਨਹੀਂ, ਖੁਸ਼ਹਾਲੀ ਨਾਲ ਰੰਗਣ।

## ਬੀੜੀ ਦੇਣ ਤੋਂ ਮਨ੍ਹਾ ਕਰਨ 'ਤੇ ਵਿਅਕਤੀ ਦੀ ਚਾਕੂ ਮਾਰ ਕੇ ਕੀਤਾ ਹੱਤਿਆ

ਨਵੀਂ ਦਿੱਲੀ, 14 ਅਕਤੂਬਰ। ਦੱਖਣ-ਪੂਰਬੀ ਦਿੱਲੀ ਦੇ ਪੁਲ ਪ੍ਰਹਿਲਾਦਪੁਰ ਇਲਾਕੇ 'ਚ ਦੋ ਵਿਅਕਤੀਆਂ ਨੂੰ ਬੀੜੀ ਦੇਣ ਤੋਂ ਇਨਕਾਰ ਕਰਨ 'ਤੇ ਇੱਕ ਨੌਜਵਾਨ ਦੀ ਕਥਿਤ ਤੌਰ 'ਤੇ ਚਾਕੂ ਮਾਰ ਕੇ ਹੱਤਿਆ ਕਰ ਦਿੱਤੀ ਗਈ। ਪੁਲਿਸ ਨੇ ਮੰਗਲਵਾਰ ਨੂੰ ਇਹ ਜਾਣਕਾਰੀ ਦਿੱਤੀ। ਪੁਲਿਸ ਨੇ ਦੱਸਿਆ ਕਿ ਸੋਮਵਾਰ ਰਾਤ ਨੂੰ ਵਾਪਰੀ ਇਸ ਘਟਨਾ 'ਚ ਨੌਜਵਾਨ ਦਾ ਵੱਡਾ ਭਰਾ ਅਤੇ ਉਸਦਾ ਦੋਸਤ ਜ਼ਖ਼ਮੀ ਹੋ ਗਏ ਹਨ। ਇਸ ਘਟਨਾ ਦੇ ਸਬੰਧ ਵਿੱਚ ਤਿੰਨ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਅਧਿਕਾਰੀਆਂ ਨੇ ਦੱਸਿਆ ਕਿ ਸੋਮਵਾਰ ਨੂੰ ਇੱਕ ਪਾਰਕ 'ਚ ਸਥਾਨਕ ਨਿਵਾਸੀਆਂ ਮੁੰਨਾ ਅਤੇ ਸੰਨੀ ਨੂੰ ਬੀੜੀ ਦੇਣ ਤੋਂ ਇਨਕਾਰ ਕਰ ਦਿੱਤਾ, ਜਿਸ ਕਾਰਨ ਦੋਵੇਂ ਨੌਜਵਾਨ ਗੁੱਸੇ ਵਿੱਚ ਆ ਗਏ ਅਤੇ ਸੋਹੇਬ ਨੂੰ ਥੱਪੜ ਮਾਰ ਦਿੱਤਾ। ਪੁਲਿਸ ਅਨੁਸਾਰ ਸੋਹੇਬ ਨੇ ਘਰ ਜਾ ਕੇ ਆਪਣੀ ਮਾਂ ਨੂੰ ਇਸ ਬਾਰੇ ਦੱਸਿਆ। ਇਸ ਤੋਂ ਬਾਅਦ ਸਥਿਤੀ ਸੋਹੇਬ ਅਤੇ ਉਸਦੇ ਵੱਡੇ ਭਰਾ ਮੋਹਸਿਨ ਦੇ ਨਾਲ ਉਨ੍ਹਾਂ ਦੇ ਲੋਕਾਂ ਕੋਲ ਗਿਆ। ਸੋਹੇਬ ਨੇ ਆਪਣੇ ਦੋਸਤ ਅਕਰਮ ਨੂੰ ਵੀ ਮੌਕੇ 'ਤੇ ਬੁਲਾਇਆ। ਪੁਲਿਸ ਨੇ ਦੱਸਿਆ ਕਿ ਝੜਪ ਉਦੋਂ ਹਿੰਸਕ ਹੋ ਗਈ, ਜਦੋਂ ਮੁੰਨਾ (26) ਨੇ ਆਪਣੇ ਭਰਾ ਇਮਤਿਆਜ਼ (30) ਅਤੇ ਭਤੀਜੇ ਸੰਨੀ (20) ਨਾਲ ਮਿਲ ਕੇ ਸੋਹੇਬ ਅਤੇ ਉਸਦੇ ਸਾਥੀਆਂ 'ਤੇ ਚਾਕੂਆਂ ਨਾਲ ਹਮਲਾ ਕਰ ਦਿੱਤਾ। ਪੁਲਿਸ ਨੇ ਦੱਸਿਆ ਕਿ ਜ਼ਖ਼ਮੀਆਂ ਨੂੰ ਏਮਜ਼ ਹਸਪਤਾਲ ਲਿਜਾਇਆ ਗਿਆ, ਜਿੱਥੇ ਡਾਕਟਰਾਂ ਨੇ ਸੋਹੇਬ ਨੂੰ ਮ੍ਰਿਤਕ ਐਲਾਨ ਦਿੱਤਾ। ਸੋਹੇਬ ਨੂੰ ਕਈ ਵਾਰ ਚਾਕੂ ਮਾਰਿਆ ਗਿਆ ਅਤੇ ਉਹ ਸੜਕ 'ਤੇ ਡਿੱਗ ਪਿਆ, ਜਦੋਂ ਕਿ ਮੋਹਸਿਨ ਨੂੰ ਬਾਅਦ ਵਿੱਚ ਗੰਭੀਰ ਹਾਲਤ ਵਿੱਚ ਸਫਦਰਜੰਗ ਹਸਪਤਾਲ ਲਿਜਾਇਆ ਗਿਆ।

## ਮੁੱਖ ਮੰਤਰੀ ਰੇਖਾ ਨੇ ਨਵੀਂ ਦਿੱਲੀ ਸਟੇਸ਼ਨ ਦੀਆਂ ਵਿਵਸਥਾਵਾਂ ਦਾ ਜਾਇਜ਼ਾ ਲਿਆ

Contd...............Front page

ਮੁੱਖ ਮੰਤਰੀ ਨੇ ਇਹ ਵੀ ਕਿਹਾ ਕਿ ਰੇਲਵੇ ਸਟੇਸ਼ਨ 'ਤੇ ਵੱਡੀ ਗਿਣਤੀ ਵਿੱਚ ਯਾਤਰੀਆਂ ਦੀ ਆਵਾਜਾਈ ਨੂੰ ਦੇਖਦੇ ਹੋਏ, ਵੱਖਰੀਆਂ ਟ?ਰੈਫਿਕ ਲੇਨਾਂ ਅਤੇ ਪ੍ਰਭਾਵਸ਼ਾਲੀ ਭੀੜ ਪ੍ਰਬੰਧਨ ਨੂੰ ਯਕੀਨੀ ਬਣਾਉਣ ਲਈ ਇੱਕ ਨਵਾਂ ਫੁੱਟ ਓਵਰਬ੍ਰਿਜ ਬਣਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਸਟੇਸ਼ਨ 'ਤੇ ਦਿੱਤੀਆਂ ਜਾਣ ਵਾਲੀਆਂ ਸਹੂਲਤਾਂ ਸਿਰਫ਼ ਬੁਨਿਆਦੀ ਸਹੂਲਤਾਂ ਹੀ ਨਹੀਂ ਹਨ, ਸਗੋਂ ਸਰਕਾਰ ਦੀ ਸੰਵੇਦਨਸ਼ੀਲਤਾ ਅਤੇ ਜਨਤਕ ਭਲਾਈ ਪ੍ਰਤੀ ਵਚਨਬੱਧਤਾ ਦਾ ਪ੍ਰਤੀਕ ਵੀ ਹਨ। ਮੁੱਖ ਮੰਤਰੀ ਨੇ ਅਧਿਕਾਰੀਆਂ ਨੂੰ ਦੱਸਿਆ ਕਿ ਤਿਉਹਾਰਾਂ ਦੇ ਮੱਦੇਨਜ਼ਰ, ਲੱਖਾਂ ਯਾਤਰੀ ਦਿੱਲੀ ਤੋਂ ਆਪਣੇ ਸ਼ਹਿਰਾਂ ਅਤੇ ਘਰਾਂ ਲਈ ਰਵਾਨਾ ਹੋਣਗੇ। ਉਨ੍ਹਾਂ ਅਧਿਕਾਰੀਆਂ ਨੂੰ ਭੀੜ ਪ੍ਰਬੰਧਨ ਲਈ ਪਹਿਲਾਂ ਤੋਂ ਤਿਆਰੀਆਂ ਕਰਨ ਦੇ ਨਿਰਦੇਸ਼ ਦਿੱਤੇ ਤਾਂ ਜੋ ਆਉਣ ਵਾਲੇ ਦਿਨਾਂ ਵਿੱਚ ਕੋਈ ਸਮੱਸਿਆ ਨਾ ਆਵੇ। ਮੁੱਖ ਮੰਤਰੀ ਨੇ ਦਿੱਲੀ ਅਤੇ ਦੇਸ਼ ਦੇ ਲੋਕਾਂ ਨੂੰ ਦੀਵਾਲੀ ਅਤੇ ਛੱਠ ਲਈ ਸ਼ੁਭਕਾਮਨਾਵਾਂ ਦਿੰਦੇ ਹੋਏ ਵਾਅਦਾ ਕੀਤਾ ਕਿ ਇਹ ਤਿਉਹਾਰ ਹਰ ਘਰ ਵਿੱਚ ਖੁਸ਼ੀ, ਖੁਸ਼ਹਾਲੀ ਅਤੇ ਸਦਭਾਵਨਾ ਲਿਆਉਂਦੇ ਹਨ। ਸਰਕਾਰ ਹਰ ਨਾਗਰਿਕ ਲਈ ਇੱਕ ਸੁਹਾਵਣਾ ਅਤੇ ਸੁਰੱਖਿਅਤ ਯਾਤਰਾ ਯਕੀਨੀ ਬਣਾਉਣ ਲਈ ਲਗਾਤਾਰ ਕੰਮ ਕਰ ਰਹੀ ਹੈ।

### NAME CHANGE
I, DEEPAK KUMAR VERMA S/O PARTAP SINGH resident of H.No.16, Tara Nagar Main Kakrola Road, Kakrola, South West Delhi, Delhi-110078 have changed the name of my minor daughter SHREYA ALIAS SHREYA VERMA aged 13 years, and she shall hereafter be known as SHREYA VERMA.

### NAME CHANGE
I hitherto known as SAMEERA SINGH D/O SUDHIR KUMAR SINGH residing at Flat No.E-1058, River Heights, Raj Nagar, Extension, Tower-15, Ghaziabad, U.P.-201001, have changed my name and shall hereafter be known as SAMEERA SINGH AMETHIA.

### NAME CHANGE
I, Sushma D/O Shambu Prasad Dharmana W/O Vinod Kumar R/O B-6 Police Colony Mandir Marg New Delhi 110001 Have changed my name to Sushma Badola for all future purposes.

### NAME CHANGE
I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

### PUBLIC NOTICE
It is for general information that I, Rahul Vishwakarma S/o H.P. Vishvakarma R/o J-4, Ground Floor Gandhi Market, Mir Dard Road, Minto Road, Indraprastha, Central Delhi, Delhi-110002 declare that name of mine has been wrongly written as Rahul Kumar Vishvakarma in my minor daughter namely Anika Vishvakarma aged 5 years in his School Records. The actual name of mine is Rahul Vishwakarma.

### PUBLIC NOTICE
It is for general information that 1 INDU CHAUHAN W/O NARENDER SINGH CHAUHAN R/O N-129/1, T-HUTS, KHILONA BAGH DIST NORTH WEST DELHI-110009 declare that name of mine has been wrongly written as INDU KANWAR in my minor son namely HARSH VARDHAN SINGH CHAUHAN aged 13 years in his school record and birth certificate No. MCDOLIR - 2211-005020356. The actual name of mine is INDU CHAUHAN which may be amended accordingly

### PUBLIC NOTICE
It is for general information that CHANDER VEER S/O RAM JI LAL R/O Q-157 Vikas Vihar Uttam Nagar West Delhi Delhi-110059 declare that name of mine has been wrongly written as CHANDER PAL in my minor daughter namely KIRTI aged 15 years in her birth certificate No.MCDOLIR-0110-004425168. The actual name of mine is CHANDER VEER which may be amended accordingly

### NAME CHANGE
I, hitherto known as ASHISH KUMAR RATHOR S/O PURAN LAL R/O Q-48, RAJEEV NAGAR BEGUM PUR, NORTH WEST DELHI, DELHI-110086, have changed my name and shall hereafter be known as RAZA AHMED.

### NAME CHANGE
It is for general information that I ASHISH KUMAR SINHA S/o KHAGEN CHANDRA SINHA R/o House No. 67, Alipur Road, Near Kasturi Ram College, Kureni, North West Delhi, Delhi - 110040, declare that name of my wife and my minor Daughter has been wrongly written as PINKI SINHA and ANUGYA SINHA in my minor Daughter namely ANUGYA aged 16 year in her 10th Class Educational Documents. The actual name of my wife and my minor daughter are PINKI KUMARI and ANUGYA, which may be amended accordingly.

### PUBLIC NOTICE
It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.

### NAME CHANGE
I, MOGHAL FATHIMA BAIG Wife of JC-335017L Rank-NB/SUB Name-MOGHAL MOHAMMAD BAIG Presently residing at 9-5-5, ANDHRA RATNA NAGAR, PERALA HIGH SCHOOL, PERALA, CHIRALA PRAKASAM DISTRICT, ANDHRA PRADESH-523157, have changed my name from MOGHAL FATHIMA BAIG to FATHIMA SHAIK for all future purposes vide Affidavit dated 16/07/2025 before First Class Magistrate, Shillong, Meghalaya.

### NAME CHANGE
I Jugal Kishor S/o Lila Dhar R/o H.No-196 S/F, Kh.No-619/21, Chattar Pur, South Delhi, Delhi-110074 have changed the name of my minor daughter namely Krishna Devi aged 16 years and she shall hereafter be known as Priya.

### NAME CHANGE
I hitherto known as Farman S/o Akeel Ahmed R/o B 272/27, Gali No 4, Subhash Mohalla North Ghonda, Garhi Mendu, Bhajan Pura, North East, Delhi-110053 have changed my name and shall hereafter be known as Farman Ahmed.

### NAME CHANGE
I hitherto known as Atif S/o Manzoor Khan R/o 1/99-C, 4F/F, Gali No-5, Guru Harkrishan School Wali Gali, Kabir Nagar, Gokal Pur, North East Delhi, Delhi-110094 have changed my name and shall hereafter be known as Atif Khan.

### NAME CHANGE
I hitherto known as Aakash S/o Makan Singh Rawat R/o 2087/5, Gali No.20, Prem Nagar Patel Nagar, Patel Nagar S.O, Central Delhi, Delhi-110008 have changed my name and shall hereafter be known as Akash Rawat.

### NAME CHANGE
I hitherto known as Sanam Kumari W/o Samarjeet Gupta R/o E-400-D, Block-E, Ashok Nagar, Vasundhra Enclave, East Delhi, Delhi, Delhi-110096 have changed my name and shall hereafter be known as Sonam Sav.

### NAME CHANGE
I hitherto known as Laxman Yadav alias Bhavikshan Yadav S/O Bechan Yadav R/O Gram Debra, Post Bela, Thana Babubarhi, Ward No-02, Bela, PO Bela, Dist Madhubani, Bihar-847224 have changed my name and shall hereafter be known as Bhavikshna Yadav.

### NAME CHANGE
It is for general information that I, DINDAYAL KAPIL S/o BANWAR LAL KAPIL, R/o RZ-12 G, Gali No. 3, Gandhi Market, New Delhi, West Sagar Pur, South West Delhi, Delhi - 110046, declare that name of mine has been wrongly written as DINDAYAL in my PPO No. 08/14/8/05982/1994. The actual name of mine is DINDAYAL KAPIL, which may be amended accordingly.

### PUBLIC NOTICE
It is for general information that I, NIDHI AGGARWAL YADAV D/o VIRENDER KUMAR AGGARWAL, and Ex. Wife of AMIT YADAV, R/o H.No E-12, Hauz Khas, South West Delhi-110016, declare that I got divorce from my Ex. Husband AMIT YADAV vide Court Decree HMA No. 603/2019 dated 30 - 04-2019, further I have changed my name and shall hereafter be known as NIDHI AGGARWAL. I also have changed the name of my minor Son namely AAYAN YADAV, aged 16 years and my minor daughter namely ARSHIYA YADAV, aged 13 years and they shall hereafter be known as AAYAN AGGARWAL and ARSHIYA AGGARWAL respectively, which may be amended accordingly.

### NAME CHANGE
I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.

### NAME CHANGE
I, Sansare Amrut Narayan father of No.4580889H Rank-Hav Name Sansare Ravindra Amrut residing at Vill. Deolali Pravara, Tehsil - Rahuri, District.Ahilyanagar, Maharashtra - 413716 have changed my name from Sansare Amrut Narayan to Amrut Narayan Sansare vide affidavit dated 15.07.2025 executed before Notary Public, Delhi.

### NAME CHANGE
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

### NAME CHANGE
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

### NAME CHANGE
I, ANITA BANSAL W/O PAWAN BANSAL residing at B-504, MAYURDHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

### PUBLIC NOTICE
I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

### NAME CHANGE
I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.

### NAME CHANGE
I, NEETAS DEVI Wife of No-3204848W Rank-HAV Name-DHARMENDRA SINGH R/O VILL-BISHUNDAS, PO-MURSAN, DISTT-HATHRAS, U.P-204213 have changed my name from NEETAS DEVI to NITESH DEVI for all future purposes vide Affidavit Dated 30/09/2023 before Notary Public, Delhi.

### NAME CHANGE
I Suvita Rana(d/o.Shri Omvir Singh) wife of Vikram Singh Rana was Suvita Rani before Marriage. After marriage I am also known as Suvita Rana and as such in my daughter's educational certificate my name (as her mother) is endorsed as Suvita Rana. Thus I affirm and confirm that Suvita Rani (my maiden name) and Suvita Rana (my name having surname of my husband Vikram Singh Rana) is the same person.

### NAME CHANGE
I, HASINA BEGAM KHAN W/O SALIM IQBAL KHAN R/O TAURU ROAD, MARIA MANJIL SCHOOL ,ARAVALY COLONY, NUH, MEWAT, HARYANA-122107 HAVE CHANGED MY NAME TO HASINA BEGAM FOR ALL PURPOSE.

### NAME CHANGE
I, Sudama Sharma S/O Devi Ram Sharma,R/O A - 3/106 - 107 , Sector-16 Rohini, Rohini Sector 15, North West Delhi, Delhi - 110089, have changed the name of my minor son namely Yash Sharma aged 15 years and he shall hereafter be known as Aayush Sharma.

### NAME CHANGE
I, S VANITHA W/o No. 14838283N Rank-HAV/MT Name-RAMESH P R/o VILL-SEDRAMPUTTU, PO-SEDRAMPUTTU, TEH-POLUR, DIST-THRUVANNAMALAI, TAMIL NADU-632315, have changed my name from S VANITHA to VANITHA R for all future purposes vide Affidavit dated 15/07/2025 before Notary Public, Kupwara.

### NAME CHANGE
I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.

### NAME CHANGE
I, SANJAY KUMAR CHOUDHARY S/o LATE SH. LAXMAN CHAUDHARY Permanent R/o Parsauni Khirodhar, Sitamarhi, Bihar-843325 and Presently Residing at Plot No. B-20, Second Floor, Dass Garden, Baprola Vihar, Najafgarh, New Delhi-110043. declare that name of mine has been wrongly written as SANJAY CHOUDHARY in my minor daughter namely SHIWANGI CHOUDHARY aged 17 years in her 10th class Marksheet. The actual name of mine is SANJAY KUMAR CHOUDHARY, which may be amended accordingly.

### NAME CHANGE
I, VINOD KUMAR S/O UDAY SINGH residing at FLAT NO-G-3/8, NEAR DDA WATER TANK, SECTOR-4, ROHINI, DELHI-110085 have changed my name to VINOD KUMAR KUSHWAHA for all future purpose.

### NAME CHANGE
I, SANTOSH KUMAR S/O VISHVA NATH PRASAD residing at PLOT NO-58&59, FLAT NO-B-2, STREET NO-5, HAVENS GARDEN MATIALA, DELHI-110059 have changed my name to SANTOSH KUMAR GUPTA for all future purposes

### PUBLIC NOTICE
Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained

**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

### PUBLIC NOTICE
My client Narender Kumar Chauhan S/o Pooran Singh R/o H.No.376, Chauhan Mohalla, Madanpur Khadar, Sarita Vihar, and disowned his son Harsh Chauhan and his wife Preeti Rani from his all movable-immovable properties due to their Vihar, Delhi-76, has severed all relations and disowned his disobedience. My client Shall not be responsible for their acts.

**ARJUN BIDHURI Advocate**
CH. NO.536, Saket Courts
New Delhi-110017.

### NAME CHANGE
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.

### PUBLIC NOTICE
Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained

**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

### NAME CHANGE
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

### PUBLIC NOTICE
It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.

### NAME CHANGE
I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

**ਉੱਤਰ ਰੇਲਵੇ**

**ਈ-ਟੈਂਡਰ ਸੂਚਨਾ**

ਉਪ. ਮੁ. ਸਿੰਗ. ਅਤੇ ਦੂ. ਸੰ. ਇੰਜੀ./ਨਿ./ਪੀ. ਸੰ./ਨਵੀਂ ਦਿੱਲੀ, ਭਾਰਤ ਦੇ ਰਾਸ਼ਟਰਪਤੀ ਦੀ ਤਰਫ ਤੋਂ ਨਿਰਧਾਰਿਤ ਪ੍ਰਪੱਤਰ ਉਤੇ ਸੀਲਡ ਈ-ਟੈਂਡਰਾ (ਦੋ ਪੈਕੇਟ ਪ੍ਰਣਾਲੀ) ਹੇਠਾ ਲਿਖੇ ਕੰਮ ਦੇ ਲਈ IREPS ਦੀ ਵੈੱਬਸਾਈਟ ਉਤੇ ਮੰਗ ਕਰ ਰਹੇ ਹਨ।

| | |
|---|---|
| 1 | ਕੰਮ ਦਾ ਨਾਮ ਅਤੇ ਜਗ੍ਹਾਂ : ਉੱਤਰ ਰੇਲਵੇ ਦੇ DLI ਡਵੀਜਨ ਦੇ ROK-GHNA ਸਟੇਸ਼ਨ ਦੇ ਵਿਚ ਨਵੇ ਕਰੋਸਿੰਗ ਸਟੇਸ਼ਨ ਦੇ ਪ੍ਰਾਵਧਾਨ ਦੇ ਤਹਿਤ ਜਸਿਯਾ ਸਟੇਸ਼ਨ ਉਤੇ ਇਲੇਕਟ੍ਰਾਨਿਕ ਇੰਟਰਲਾਕਿੰਗ ਸਿਸਟਮ ਦੇ ਨਾਲ ਐਸ ਐਂਡ ਟੀ ਕੰਮ (ਇਨਡੋਰ ਅਤੇ ਆਊਟਡੋਰ ਸਿਗਨਲਿੰਗ ਕੰਮ)। |
| 2 | ਪੂਰਾ ਹੋਣ ਦਾ ਸਮਾਂ : ਐਲਓਏ ਜਾਰੀ ਹੋਣ ਦੀ ਮਿਤੀ ਤੋਂ 11 ਮਹੀਨੇ |
| 3 | ਕੰਮ ਦੀ ਅਨੁਮਾਨਿਤ ਲਾਗਤ : ਰੁ: 5.29 ਕਰੋੜ (ਲਗਭਗ) |
| 4 | ਬਿਆਨਾ ਰਾਸ਼ੀ : ਰੁ: 4,14,400/- (ਰੁਪਏ ਚਾਰ ਲੱਖ ਚੌਦਾ ਹਜ਼ਾਰ ਚਾਰ ਸੋ ਕੇਵਲ) (ਕੇਵਲ ਆਨ ਲਾਇਨ ਜਮਾਂ ਕੀਤਾ ਜਾਣਾ ਹੈ) |
| 5 | ਜਗ੍ਹਾਂ ਜਿਥੋ ਤੋਂ ਟੈਂਡਰ ਫਾਰਮ ਖਰੀਦਿਆ ਜਾਂ ਸਕਦਾ ਹੈ : ਉਪਰੋਕਤ ਈ-ਟੈਂਡਰ ਦਸਤਾਵੇਜ IREPS ਦੀ ਵੈੱਬਸਾਈਟ www.ireps.gov.in ਉਤੇ 16.10.2025 to 11.11.2025 ਦੇ ਵਿਚ 11.30 ਵਜੇ ਤਕ ਉਪਲਬਧ ਰਹਿਣਗੇ। |
| 6 | ਟੈਂਡਰ ਫਾਰਮ ਜਮਾਂ ਕਰਨ ਦੀ ਆਖਰੀ ਮਿਤੀ ਅਤੇ ਸਮਾਂ : 11.11.2025 ਉਪਰੋਕਤ ਈ-ਟੈਂਡਰ ਦਸਤਾਵੇਜ ਫਾਰਮ 28.10.2025 to 11.11.2025, 11.30 AM ਤਕ IREPS ਵੈੱਬਸਾਈਟ ਉਤੇ ਜਮਾਂ ਕਰਾਏ ਜਾਂ ਸਕਦੇ ਹਨ। |
| 7 | ਟੈਂਡਰ ਖੁਲਣ ਦੀ ਮਿਤੀ ਅਤੇ ਸਮਾਂ : ਈ-ਟੈਂਡਰ ਮਿਤੀ 11.11.2025 , 11.30 ਵਜੇ ਖੋਲੀ ਜਾਵੇਗੀ। |

ਨੰ: 570-ਸਿਗ-ਪੀ.ਸ.-ਟੈਂਡਰ-139 ਮਿਤੀ : 14.10.2025 3166/2025

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

### NAME CHANGE
I hitherto known as JAGANATH KAPUR alias JAYANTI KAPUR W/o RAJ KUMAR KAPUR, R/o Near Dhingra Park, House No. 26, Road No. 14, East Punjabi Bagh, West Delhi, Delhi-110026, have changed my name and shall hereafter be known as JAYANTI KAPUR.

### NAME CHANGE
It is for general information that I, VISHAL SONI S/o SUGHAR SINGH R/o 1338A/8, Gali No.-8, Nearby SK Depot, Govindpuri Kalkaji, Kalkaji, South Delhi, Delhi-110019, declare that name of mine has been wrongly written as VISHAL in my Driving Licence No. DL03 20090024443. The actual name of mine is VISHAL SONI, which may be amended accordingly.

### PUBLIC NOTICE
Public notice is hereby given that my clients Mr. Sushil Kumar and Mr. Rajendra Kumar Tyagi both S/o Mr. Ved Prakash Tyagi, both R/o House No. 312, Saddiq Nagar, Near Auto Stand Sihani, Ghaziabad, Uttar Pradesh 201003, are owner of Residential Plot No. 43 & 44, area measuring 200 Square Yards i.e. 167.22 Square Meters out of Khasra No. 459, situated in the village Saddiq Nagar, Pargana Loni, Tehsil & District Ghaziabad, Uttar Pradesh, vide Khatauni Fasli Year 1427-1432 Calendar Year 2019-2024, it is pertinent to mention here that after the death of their father Mr. Ved Prakash Tyagi, they became the owner of the said property. My client is absolute owner of the said property which is free from encumbrance. The said property neither falls under acquisition nor falls under any litigation in any court of law. On date, being the absolute owner of the said property, my clients are going to sell the said property to Mrs. Deepika Singh W/o Mr. Krishna Kumar Singh. The same is going to be financed by PNB Housing Finance Ltd., branch Sahibabad, Ghaziabad, Uttar Pradesh. If any person(s) has/have any objection regarding the above said property, then kindly may submit his/her objection within 7 days from the date of the Notice in writing to undersigned or the said Bank/FI. The said objection may be kindly sent to the undersigned/bank by way of the Registered Post on the address given below and by E-mail. Failing which, the claim as per aforesaid shall be treated as null and void in respect of the subject property.

**[RUPESH KUMAR ROUSHAN]**
Advocate
D-803, Nandgram,
Ghaziabad,
Uttar Pradesh 201003
roushan.rupesh@gmail.com

### NAME CHANGE
I, SIDDHARATH RANA S/O BHAGWAN RANA residing at H NO-1074, SIRASPUR, DELHI-110042 have changed my name to SIDDHARTH RANA for all future purpose.

### NAME CHANGE
I, ABDUL TAWWAB S/O Shri Abdul Rehman Resident of House No. C-16, Abhimanyu Gali, Near Babu Ram Chowk, Arjun Mohalla, Moujpur, Delhi-110053 have changed my name ABDUL TAUWAB to ABDUL TAWWAB for all future purposes.

### NAME CHANGE
I, SIDDHARATH RANA S/O BHAGWAN RANA residing at H NO-1074, SIRASPUR, DELHI-110042 have changed my name to SIDDHARTH RANA for all future purpose.

### NAME CHANGE
I Kapil Kumar Yadav S/o Dinesh Yadav R/o House No-523 P, Sector-14,Gurgaon,Haryana-122001, Have Changed My Name To Kapil Yadav For All Purpose

### NAME CHANGE
I, Pradeep Kumar S/o Prem Chand R/o D-754/A, Gali No.1, Ashok Nagar, Shahdara, Delhi-110093 have changed the name of my minor son from Arjun to Arjun Vaidwan.

### NAME CHANGE
I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.

### PUBLIC NOTICE
My client Gokul Chand S/o Prabhu Ram and his Wife Maya, H.No- 83, 84, F-4 Block, Sultanpuri, New Delhi- 86, has severed all his relations & connections from his Son Rajesh Kumar & disowned his from her all movable and immovable properties. My client shall not be responsible for his any acts.

**Shyam Sharma (Adv)**

### PUBLIC NOTICE
I, IMRAJ S/o SHAKIL, R/o B-29, Nanda Road Adarsh Nagar North West Delhi-110033, do hereby solemnly affirm and declare that I have embraced HINDUISM RELIGION and renounced ISLAM RELIGION with effect from 07.06.2025

### NAME CHANGE
I, IMRAJ S/o SHAKIL, R/o B-29, Nanda Road Adarsh Nagar North West Delhi-110033 have changed my name to RINKU THAKUR

### NAME CHANGE
I, VANDANA is legally spouse of No. 15671777K Rank-HAV Name AMIT KUMAR AWASTHI, R/O H NO.-920, KESOOR, PO- KESOOR, DIST-DHAR, MADHYA PRADESH-454001 have changed my name from VANDANA to VANDANA AWASTHI for all future purposes. Vide Affidavit Dated 16/07/2025, Before Notary Public New Delhi.

### NAME CHANGE
I, SALMA KHATUN is legally spouse of No. 15692253W Rank-HAV Name MURTUJA ALI, R/O VILL+POST-ARITHA, TEH-CHAS, THANA-CHANDANKAYRI, DIS-BOKARO, STATE-JHARKHAND, PIN 828134 have changed my name from SALMA KHATUN to SALMA KHATOON for all future purposes. Vide Affidavit Dated 16/07/2025 Before Notary Public New Delhi.

### NAME CHANGE
I, No. 15692253W Rank-HAV Name MURTUJA ALI, S/o LATE ZABBER ANSARI R/O VILL+POST-ARITHA, TEH-CHAS, THANA-CHANDANKAYRI, DIS-BOKARO, STATE-JHARKHAND, PIN 828134 have changed my minor son name from MOHAMAD ALI to MOHAMMAD ALI for all future purposes. Vide Affidavit Dated 16/07/2025 Before Notary Public New Delhi.

### NAME CHANGE
I, SH AUTAR SINGH Father of JC-413677X Rank-SUB MAJ Name-BHAGAT SINGH presently residing at VILL-BILTIYA SUKOLI TALLI, PO-DHAUNTIYAL, DIST-PAURI GARHWAL, UTTARAKHAND-246155 have changed my name from SH AUTAR SINGH to AVTAR SINGH for all future purposes vide affidavit dated 12/03/2024 before Notary Public, Delhi.

### NAME CHANGE
I, D BABU father of NO-14842224Y Rank HAV/MT Name-ANOOP B R/O AALAYAM, VILL –KEEZHTHONNAKKAL, PO-POTHENCODE, DIST-TRIVANDRUM, KERALA-695584 have changed my name from D BABU to BABU D for all future purposes vide Affidavit Dated 12/03/2024 before Notary Public, Delhi.

### NAME CHANGE
I Jaspreet Singh S/o Jagdeep Singh R/o 52/43 Ramjas Road Near Khalsa college Karol Bagh Delhi -110005 Have Changed My Name To Jaspreet Singh Baweja For All Purpose.

### NAME CHANGE
I Sandeep Ved S/o Khushi Ram Ved R/o H.No-139/1,B-Block, Street No-3,Qutub Vihar Phase-2,Dwarka,Delhi-110071, Have Changed My Name To Sandeep Vaid For All Purpose

### NAME CHANGE
I Rohini Bhatnagar W/o Amitabh Bhatnagar R/o M- 7075, Devinder Vihar, Gurgaon sector 56, Gurgaon Haryana-122011,Have Changed My Name To Rohini Dhanraj Bhatnagar For All Purpose

### NAME CHANGE
I, Anil Balakrishna Panicker s/o Angakattil Narayan Balakrishna Panicker R/o A-6/334-A, Janta Flats, Paschim Vihar, Delhi-110063, have changed my name to Anil Bala Panicker permanently.

### NAME CHANGE
I, Rekha W/O Prem Singh R/O B 278, South MOTI BAGH NEW DELHI 110021 have changed my name from Rekha to Rekha Rawat for all future purpose.

### PUBLIC NOTICE
My client Narender Kumar Chauhan S/o Pooran Singh R/o H.No.376, Chauhan Mohalla, Madanpur Khadar, Sarita Vihar, Delhi-76, has severed all relations and disowned his son Harsh Chauhan and his wife Preeti Rani from his all movable-immovable properties due to their Vihar, Delhi-76, has severed all relations and disowned his disobedience. My client Shall not be responsible for their acts.

**ARJUN BIDHURI Advocate**
CH. NO.536, Saket Courts
New Delhi-110017.

### NAME CHANGE
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.

### NAME CHANGE
I, SANTOSH KUMAR S/O VISHVA NATH PRASAD residing at PLOT NO-58&59, FLAT NO-B-2, STREET NO-5, HAVENS GARDEN MATIALA, DELHI-110059 have changed my name to SANTOSH KUMAR GUPTA for all future purposes

### NAME CHANGE
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

### NAME CHANGE
I, ANITA BANSAL W/O PAWAN BANSAL residing at B-504, MAYURDHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

### PUBLIC NOTICE
I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

### NAME CHANGE
I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.

### NAME CHANGE
I, KRISHAN KANTA W/o IC-29820P (Late) Col SHIV KUMAR (Retd.) R/O H-104, VIVEK VIHAR, NEAR KENDRIYA VIHAR-2, SEC-82, NOIDA, SALARPUR, GAUTAM BUDDHA NAGAR, UTTAR PRADESH-201304 have changed my name from KRISHAN KANTA to KRISHAN KANTA RANDEV for all future purposes vide Affidavit Dated 12/03/2024 before Notary Public, Delhi.

### NAME CHANGE
I, MEENA DEVI wife of JC-493248F Rank-NB/SUB Name-RAVINDER KUMAR R/O VPO-MURTHAL, TEH-SONIPAT, DISTT-SONIPAT, HARYANA-131027 have changed my name from MEENA DEVI to MEENA for all future purposes vide Affidavit Dated 11/03/2024 before Notary Public, Delhi.

### NAME CHANGE
I, ANITA W/o NO- 2806617A HAV TANGADKAR SUBHASH SITARAM R/o VPO-GHARGAON, TEH-SANGAMNER, DISTT-AHMADNAGAR, MAHARASHTRA-422620, have changed my name from ANITA to ANITA SUBHASH TANGADKAR for all future purposes vide Affidavit dated 29/11/2022 before Notary Public Delhi.

### NAME CHANGE
I, DATTATRAY NAGOJI PATIL father of NO-JC-379904X SUB MAJ PATIL MAHENDRA DATTATRAY R/O VILL-BONJURDI, PO-ADKUR, TEH-CHANDGAD, DISTT-KOLHAPUR, MH-416509, have changed my name from DATTATRAY NAGOJI PATIL to DATTA NAGOJI PATIL for all future purposes and in my son's service record my date of birth wrongly mentioned as 01/07/1953 instead of my correct date of birth as 17/01/1950 Vide Affidavit dated 29/11/2022 Before Notary Public, Delhi.

### PUBLIC NOTICE
MY CLIENT NARENDER PAL AGARWAL, S/O, LATE SARDARI LAL AGARWAL AND NEETU AGARWAL W/O NARENDER PAL AGARWAL BOTH R/O H.NO. 49, NARELA ROAD, BAWANA, NEAR STATE BANK OF INDIA, NEW DELHI, PRESENTLY AT H.NO.122, WHITE HOUSE APARTMENT, SECTOR-13, ROHINI, NEW DELHI- 110085, HAVE DEBARRED THEIR SON NIKHIL AGARWAL AND HIS WIFE ANCHAL AGARWAL FROM THEIR ALL MOVABLE- IMMOVABLE PROPERTIES AND SHALL NOT HAVE ANY RIGHT, TITLE OR INTEREST IN MOVEABLE AND IMMOVABLE PROPERTIES AND SEVERED ALL THEIR RELATION DUE TO MISCONDUCT AND DISOBEDIENT. ANYBODY DEALING WITH THEM SHALL BEAR AT THEIR OWN COST, RISK & CONSEQUENCES

**PINKI LAMBA MANN**
ADVOCATE
OFF. A-205A, NORTH EX.MALL, SECTOR-9,
ROHINI, NEW DELHI

## ਤੁਹਾਡੀ ਸਿਹਤ

# ਕੁਦਰਤ ਦਾ ਵਰਦਾਨ ਮੇਥੀ



- ਡਾ. ਹਰਸ਼ਿੰਦਰ ਕੌਰ

ਇੱਕ ਮੈਡੀਕਲ ਕਾਨਫਰੰਸ ਵਿੱਚ ਇੱਕ ਨਵੀਂ ਦਵਾਈ ਬਾਰੇ ਦੱਸਿਆ ਗਿਆ ਕਿ ਇਹ ਸ਼ੂਗਰ ਰੋਗੀਆਂ ਲਈ ਬਹੁਤ ਫਾਇਦੇਮੰਦ ਸਾਬਤ ਹੋ ਰਹੀ ਹੈ। ਉਸ ਦਵਾਈ ਦਾ ਨਾਂ ਸੀ 'ਫੈਨੋਗਰਿਕ'। ਕਾਨਫਰੰਸ ਦੇ ਅੰਤ ਵਿੱਚ ਦੱਸਿਆ ਗਿਆ ਕਿ ਇਹ ਦਵਾਈ ਮੇਥੀ ਤੋਂ ਬਣਾਈ ਗਈ ਹੈ, ਜਿਸਨੂੰ ਸੁਣ ਕੇ ਸਾਰੇ ਜਣੇ ਹੈਰਾਨ ਰਹਿ ਗਏ ਕਿ ਇਹ ਨਿੱਕੀਆਂ ਜਿਹੀਆਂ ਹਰੀਆਂ ਪੱਤੀਆਂ ਏਨੀਆਂ ਲਾਹੇਵੰਦ ਕਿਵੇਂ ਹੋ ਸਕਦੀਆਂ ਹਨ? ਉਸ ਕਾਨਫਰੰਸ ਤੋਂ ਬਾਅਦ ਅਮਰੀਕਾ ਵਿੱਚ ਵਰਤੇ ਜਾ ਰਹੇ 'ਫੇਸ ਪੈਕ' ਵਿਚਾਰੇ ਗਏ, ਜੋ ਮੂੰਹ ਉੱਤੇ ਵਰਤ ਰਹੇ ਹਨ ਬਲੈਕ ਹੈੱਡਜ਼, ਫਿੰਸੀਆਂ, ਕਿੱਲ, ਝੁਰੜੀਆਂ ਆਦਿ ਲਈ ਕਮਾਲ ਦਾ ਅਸਰ ਵਿਖਾ ਰਹੇ ਸਨ ਤੇ ਅਮਰੀਕੀ ਔਰਤਾਂ ਦੀ ਪਹਿਲੀ ਪਸੰਦ ਬਣ ਚੁੱਕੇ ਸਨ। ਉਨ੍ਹਾਂ ਵਿੱਚ ਅਸਲ ਚੀਜ਼ 'ਮੇਥੀ' ਸੀ। ਉੱਥੇ ਦੇ ਕਈ ਬਿਊਟੀ ਕਲੀਨਿਕ ਮੇਥੀ ਦੇ ਬੀਜ (ਮੇਥਰੇ) ਪਾਣੀ ਵਿੱਚ ਉਬਾਲ ਕੇ ਉਸ ਨਾਲ ਆਪਣੀਆਂ ਗਾਹਕ ਔਰਤਾਂ ਦਾ ਮੂੰਹ ਚੰਗੀ ਤਰ੍ਹਾਂ ਧੋ ਕੇ, ਤਾਜ਼ੀ ਮੇਥੀ ਦਾ ਲੇਪ ਵੀਹ ਮਿੰਟ ਲਈ ਮੂੰਹ ਉੱਤੇ ਲਾ ਦਿੰਦੇ ਹਨ। ਇਹ ਝੁਰੜੀਆਂ ਅਤੇ ਮੁਹਾਸਿਆਂ ਵਾਸਤੇ ਕਮਾਲ ਦਾ ਅਸਰ ਵਿਖਾਉਂਦੀ ਹੈ।

ਵਾਲਾਂ ਲਈ ਵੀ ਮੇਥੀ ਤੋਂ ਬਣੇ ਸ਼ੈਂਪੂ ਸਭ ਤੋਂ ਮਹਿੰਗੇ ਵਿਕਦੇ ਹਨ। ਸਿਕਰੀ ਅਤੇ ਵਾਲ ਝੜਨ ਤੋਂ ਰੋਕਣ ਲਈ ਮੇਥੀ ਦੀ ਵਰਤੋਂ ਜ਼ੋਰਾਂ ਉੱਤੇ ਹੈ। ਭਾਵੇਂ ਰੋਜ਼ ਖਾਧੀ ਜਾਵੇ ਅਤੇ ਭਾਵੇਂ ਵਾਲਾਂ ਉੱਤੇ ਪੇਸਟ ਬਣਾ ਕੇ ਲਾ ਲਈ ਜਾਵੇ, ਇਸ ਨਾਲ ਹੌਲੀ-ਹੌਲੀ ਵਾਲ ਲਿਸ਼ਕਵੇਂ ਤੇ ਕਾਲੇ ਹੋਣ ਲੱਗ ਪੈਂਦੇ ਹਨ। ਵਾਲਾਂ ਅਤੇ ਚਮੜੀ ਵਿੱਚ ਮੇਥੀ ਦੀ ਏਨੀ ਜ਼ਿਆਦਾ ਵਰਤੋਂ ਕਈ ਵਾਰ ਤਾਂ ਸ਼ੱਕ ਹੀ ਪਾ ਦਿੰਦੀ ਹੈ ਕਿ ਇਹ ਖਾਣ ਦੀ ਚੀਜ਼ ਹੈ ਵੀ ਕਿ ਸਿਰਫ਼ ਲਾਉਣ ਵਾਲੀ ਹੀ ਹੈ। ਮੇਥੀ ਦੇ ਲਾਭ ਇੰਜ ਹਨ:

➢ ਮੇਥੀ ਦੇ ਬੀਜ ਪਾਣੀ ਵਿੱਚ ਉਬਾਲ ਕੇ ਅਤੇ ਰਾਤ ਭਰ ਖੋਪੇ ਦੇ ਤੇਲ ਵਿੱਚ ਡਿਉਂ ਕੇ ਰੱਖ ਕੇ ਉਸ ਨਾਲ ਰੋਜ਼ ਹਲਕੀ ਹਲਕੀ ਸਿਰ ਦੀ ਮਾਲਿਸ਼ ਕਰਨ ਨਾਲ ਵਾਲ ਝੜਨੇ ਵੀ ਰੁਕਦੇ ਹਨ ਤੇ ਸਿਕਰੀ ਵੀ ਠੀਕ ਹੋ ਜਾਂਦੀ ਹੈ।

➢ ਜਿਹੜੇ ਜਣੇ ਭਾਰ ਘਟਾਉਣ ਬਾਰੇ ਸੋਚ ਰਹੇ ਹੋਣ, ਉਹ ਤਾਂ ਅੱਜ ਤੋਂ ਹੀ ਮੇਥੀ ਖਾਣੀ ਸ਼ੁਰੂ ਕਰ ਦੇਣ ਕਿਉਂਕਿ ਇਸ ਤੋਂ ਵਧੀਆ ਕੁਦਰਤੀ ਦਵਾਈ ਮਿਲਣੀ ਔਖੀ ਹੀ ਹੈ। ਜੇ ਕਿਸੇ ਦੀ ਚਮੜੀ ਉੱਤੇ ਦਾਗ ਹਨ ਜਾਂ ਸੜਨ ਦੇ ਤਾਜ਼ੇ ਦਾਗ, ਛਾਲੇ, ਐਗਜ਼ੀਮਾ ਆਦਿ ਹਨ ਤਾਂ ਵੀ ਮੇਥੀ ਦੇ ਬੀਜਾਂ ਨੂੰ ਰਗੜ ਕੇ ਪਤਲਾ ਪੇਸਟ ਬਣਾ ਕੇ ਚਮੜੀ ਉੱਤੇ ਲੇਪ ਵਾਂਗ ਲਾ ਕੇ ਉੱਤੇ ਸਾਫ਼ ਕੱਪੜੇ ਨਾਲ ਢਕ ਕੇ ਰੱਖਣ ਨਾਲ ਹੌਲੀ-ਹੌਲੀ ਕੁਝ ਆਰਾਮ ਪੈ ਜਾਂਦਾ ਹੈ। ਅੰਤੜੀਆਂ ਦੇ ਕੈਂਸਰ (ਕੋਲਨ ਕੈਂਸਰ) ਵਿੱਚ ਵੀ ਮੇਥੀ ਵਿਚਲੇ ਭਰਵੇਂ ਫਾਈਬਰ ਦੇ ਸਦਕਾ ਫ਼ਾਇਦਾ ਲਿਆ ਜਾ ਸਕਦਾ ਹੈ ਕਿਉਂਕਿ ਇਹ ਖਾਣੇ ਵਿਚਲੇ ਮਾੜੇ ਤੱਤਾਂ ਨੂੰ ਅੰਤੜੀਆਂ ਦੀ ਨਰਮ ਪਰਤ ਉੱਤੇ ਵਾਰ ਨਹੀਂ ਕਰਨ ਦਿੰਦੀ ਤੇ ਕੈਂਸਰ ਹੋਣ ਤੋਂ ਬਚਾਅ ਕਰ ਸਕਦੀ ਹੈ।

➢ ਮੇਥੀ ਸਿਰਫ਼ ਫਾਈਬਰ ਸਦਕਾ ਹੀ ਗੁਣਕਾਰੀ ਨਹੀਂ ਬਲਕਿ ਇਸ ਵਿਚਲੇ ਪ੍ਰੋਟੀਨ, ਵਿਟਾਮਿਨ- ਸੀ, ਨਾਇਆਸਿਨ, ਪੋਟਾਸ਼ੀਅਮ, ਲੋਹ ਕਣ, ਐਲਕਾਲੋਇਡਜ਼ ਤੇ ਡਾਇਓਸਜੇਨਿਨ ਵੀ ਰਲ ਕੇ ਸਰੀਰ ਵਿੱਚ ਕਮਾਲ ਦਾ ਅਸਰ ਵਿਖਾਉਂਦੇ ਹਨ।

# ਕੁਪੋਸ਼ਣ ਤੋਂ ਬਚਣ ਲਈ ਪ੍ਰੋਟੀਨ ਜ਼ਰੂਰੀ



*ਇਹ ਜ਼ਿਆਦਾਤਰ ਵਿਕਾਸਸ਼ੀਲ ਅਤੇ ਅਵਿਕਸਿਤ ਦੇਸ਼ਾਂ ਵਿੱਚ ਪਾਈ ਜਾਂਦੀ ਹੈ। ਸਾਡੇ ਦੇਸ਼ ਵਿਚ ਖ਼ੁਰਾਕ ਵਿੱਚ ਪ੍ਰੋਟੀਨ ਦੀ ਕਮੀ ਦੇ ਮੁੱਖ ਕਾਰਨ ਗ਼ਰੀਬੀ, ਅਨਪੜ੍ਹਤਾ, ਲਿੰਗ ਭੇਦਭਾਵ, ਕੁਦਰਤੀ ਸੰਕਟ ਜਿਵੇਂ ਭੁੱਖਮਰੀ, ਸੋਕਾ ਆਦਿ ਹਨ।*

ਇੱਕ ਸਿਹਤਮੰਦ ਸਰੀਰ ਲਈ ਮੁੱਖ ਤੌਰ 'ਤੇ ਛੇ ਤੱਤਾਂ ਦੀ ਲੋੜ ਹੁੰਦੀ ਹੈ ਜਿਵੇਂ ਪ੍ਰੋਟੀਨ, ਕਾਰਬੋਹਾਈਡ੍ਰੇਟਸ, ਚਰਬੀ, ਵਿਟਾਮਿਨ, ਖਣਿਜ ਪਦਾਰਥ ਅਤੇ ਪਾਣੀ। ਇਨ੍ਹਾਂ ਸਾਰਿਆਂ ਨੂੰ ਮਿਲਾ ਕੇ ਹੀ ਸੰਤੁਲਿਤ ਖ਼ੁਰਾਕ ਬਣਦੀ ਹੈ। ਪਾਣੀ ਤੋਂ ਬਾਅਦ ਸਾਡੇ ਸਰੀਰ ਵਿੱਚ ਪ੍ਰੋਟੀਨ ਹੀ ਸਭ ਤੋਂ ਵੱਧ ਮਾਤਰਾ ਵਿੱਚ ਪਾਇਆ ਜਾਂਦਾ ਹੈ। ਸਾਡਾ ਸਰੀਰ ਸੈੱਲਾਂ ਦਾ ਬਣਿਆ ਹੋਇਆ ਹੈ। ਕਈ ਸੈੱਲ ਮਿਲ ਕੇ ਟਿਸ਼ੂ ਅਤੇ ਕਈ ਟਿਸ਼ੂ ਮਿਲ ਕੇ ਇੱਕ ਅੰਗ ਬਣਾਉਂਦੇ ਹਨ। ਵੱਖ-ਵੱਖ ਸੈੱਲ ਮਿਲ ਕੇ ਹੱਡੀਆਂ, ਮਾਸਪੇਸ਼ੀਆਂ, ਨਾੜਾਂ ਅਤੇ ਚਮੜੀ ਦੇ ਖ਼ਾਸ ਕੰਮ ਕਰਨ ਵਿੱਚ ਯਤਨਸ਼ੀਲ ਰਹਿੰਦੇ ਹਨ। ਇਨ੍ਹਾਂ ਸੈੱਲਾਂ ਦੀ ਜ਼ਿੰਦਗੀ ਸਾਡੀ ਖ਼ੁਰਾਕ ਉੱਤੇ ਨਿਰਭਰ ਕਰਦੀ ਹੈ। ਪ੍ਰੋਟੀਨ ਇਨ੍ਹਾਂ ਸੈੱਲਾਂ ਲਈ ਸਭ ਤੋਂ ਜ਼ਰੂਰੀ ਤੱਤ ਹੈ। ਸਾਡੀ ਖ਼ੁਰਾਕ ਵਿੱਚ ਪ੍ਰੋਟੀਨ ਦੀ ਕਮੀ ਕਾਰਨ ਇਹ ਸੈੱਲ ਕੰਮ ਕਰਨਾ ਬੰਦ ਕਰ ਦਿੰਦੇ ਹਨ ਅਤੇ ਨਤੀਜੇ ਵਜੋਂ ਸਰੀਰ ਵਿੱਚ ਚੱਲਦੇ ਵੱਖ-ਵੱਖ ਅੰਗਾਂ ਦੇ ਕੰਮਾਂ ਵਿੱਚ ਵਿਘਨ ਪੈ ਜਾਂਦਾ ਹੈ।

### ਕੀ ਹਨ ਪ੍ਰੋਟੀਨ ਦੇ ਲਾਭ

➢ ਸਰੀਰ ਵਿਚਲੇ ਹਰੇਕ ਸੈੱਲ ਲਈ ਪ੍ਰੋਟੀਨ ਜ਼ਰੂਰੀ ਤੱਤ ਹੈ। ਪ੍ਰੋਟੀਨ ਜਿੱਥੇ ਨਵੇਂ ਸੈੱਲ ਬਣਾਉਣ ਵਿੱਚ ਮਦਦ ਕਰਦੇ ਹਨ, ਉੱਥੇ ਪੁਰਾਣੇ ਟੁੱਟੇ-ਭੱਜੇ ਸੈੱਲਾਂ ਦੀ ਮੁਰੰਮਤ ਕਰਦੇ ਹਨ।

➢ ਪ੍ਰੋਟੀਨ ਹੱਡੀਆਂ ਅਤੇ ਦੰਦਾਂ ਨੂੰ ਮਜ਼ਬੂਤੀ ਪ੍ਰਦਾਨ ਕਰਦੇ ਹਨ।

➢ ਪ੍ਰੋਟੀਨ ਮਾਸਪੇਸ਼ੀਆਂ ਦੇ ਵਿਕਾਸ ਲਈ ਬੇਹੱਦ ਲਾਹੇਵੰਦ ਤੱਤ ਹੈ।

➢ ਪ੍ਰੋਟੀਨ ਸਾਡੇ ਸਰੀਰ ਵਿਚ ਹਾਰਮੋਨ, ਐਨਜ਼ਾਇਮ ਅਤੇ ਐਂਟੀ-ਬਾਡੀ ਬਣਾਉਣ ਵਿਚ ਮਦਦ ਕਰਕੇ ਸਰੀਰ ਦਾ ਸੁਰੱਖਿਆ ਅਤੇ ਪਾਚਨ ਤੰਤਰ ਮਜ਼ਬੂਤ ਬਣਾਉਂਦਾ ਹੈ।

➢ ਪ੍ਰੋਟੀਨ ਖ਼ੂਨ ਦੇ ਸੈੱਲ ਬਣਾਉਣ ਵਿੱਚ ਵੀ ਮਦਦ ਕਰਦੇ ਹਨ।

➢ ਪ੍ਰੋਟੀਨ ਚਮੜੀ, ਨਹੁੰਆਂ ਅਤੇ ਵਾਲਾਂ ਦੀ ਸਿਹਤ ਲਈ ਵੀ ਜ਼ਿੰਮੇਵਾਰ ਹਨ।

➢ ਪ੍ਰੋਟੀਨ ਜ਼ਖ਼ਮ ਭਰਨ ਵਿੱਚ ਵੀ ਮਦਦ ਕਰਦੇ ਹਨ।

### ਪ੍ਰੋਟੀਨ ਦੀ ਕਮੀ

ਪ੍ਰੋਟੀਨ ਦੀ ਕਮੀ ਨਾਲ ਹੋਣ ਵਾਲੀ ਸਭ ਤੋਂ ਵੱਡੀ ਬੀਮਾਰੀ ਦਾ ਨਾਂ 'ਕਵੇਸ਼ਰਕਰ' ਹੈ। ਪ੍ਰੋਟੀਨ ਦੀ ਕਮੀ ਤੋਂ ਇਲਾਵਾ ਕੈਲਰੀ ਦੀ ਕਮੀ ਵੀ ਹੋ ਜਾਣ ਨਾਲ 'ਮੈਰਸਮਸ' ਨਾਂ ਦੀ ਬੀਮਾਰੀ ਹੋ ਜਾਂਦੀ ਹੈ। ਕਵੇਸ਼ਰਕਰ 'ਕੁਪੋਸ਼ਣ' ਦਾ ਹੀ ਇੱਕ ਰੂਪ ਹੈ। ਭਾਰਤ ਵਿੱਚ 50 ਫ਼ੀਸਦੀ ਬੱਚਿਆਂ ਦੀ ਮੌਤ ਕੁਪੋਸ਼ਣ ਕਾਰਨ ਹੋ ਜਾਂਦੀ ਹੈ। ਸੰਸਾਰ ਭਰ ਵਿੱਚ ਹਰੇਕ ਤਿੰਨ ਕੁਪੋਸ਼ਣ ਦੇ ਸ਼ਿਕਾਰ ਬੱਚਿਆਂ ਵਿੱਚੋਂ ਇੱਕ ਬੱਚਾ ਸਾਡੇ ਦੇਸ਼ ਦਾ ਹੈ। ਇਹ ਗੰਭੀਰ ਬੀਮਾਰੀ ਆਮ ਕਰਕੇ 1-4 ਸਾਲ ਦੀ ਉਮਰ ਤਕ ਦੇ ਬੱਚਿਆਂ ਵਿੱਚ ਵੇਖਣ ਨੂੰ ਮਿਲਦੀ ਹੈ। ਇਹ ਜ਼ਿਆਦਾਤਰ ਵਿਕਾਸਸ਼ੀਲ ਅਤੇ ਅਵਿਕਸਿਤ ਦੇਸ਼ਾਂ ਵਿੱਚ ਪਾਈ ਜਾਂਦੀ ਹੈ। ਸਾਡੇ ਦੇਸ਼ ਵਿਚ ਖ਼ੁਰਾਕ ਵਿੱਚ ਪ੍ਰੋਟੀਨ ਦੀ ਕਮੀ ਦੇ ਮੁੱਖ ਕਾਰਨ ਗ਼ਰੀਬੀ, ਅਨਪੜ੍ਹਤਾ, ਲਿੰਗ ਭੇਦਭਾਵ, ਕੁਦਰਤੀ ਸੰਕਟ ਜਿਵੇਂ ਭੁੱਖਮਰੀ, ਸੋਕਾ ਆਦਿ ਹਨ। ਇਨ੍ਹਾਂ ਤੋਂ ਇਲਾਵਾ ਗੁਰਦਿਆਂ ਦੀ ਬੀਮਾਰੀ, ਸ਼ਰਾਬ ਦੀ ਲਤ, ਆਂਦਰਾਂ ਵਿੱਚ ਭੋਜਨ ਜਜ਼ਬ ਹੋਣ ਦੀ ਕਿਰਿਆ ਵਿੱਚ ਖ਼ਰਾਬੀ ਕਾਰਨ ਵੀ ਹੋ ਸਕਦੇ ਹਨ। ਜਾਗਰੂਕਤਾ ਦੀ ਘਾਟ ਹੋਣ ਕਰਕੇ ਮਾਵਾਂ ਬੱਚੇ ਨੂੰ ਆਪਣਾ ਪ੍ਰੋਟੀਨ ਭਰਪੂਰ ਦੁੱਧ ਦੇਣਾ ਛੇਤੀ ਹੀ ਛੁਡਾ ਦਿੰਦੀਆਂ ਹਨ, ਜਿਸ ਕਰਕੇ ਬੱਚੇ ਵਿੱਚ ਪ੍ਰੋਟੀਨ ਦੀ ਕਮੀ ਪੈਦਾ ਹੋ ਜਾਂਦੀ ਹੈ।

### ਲੱਛਣ

➢ ਜਲੋਧਰ ਰੋਗ (ਅਡੀਮਾ)

ਪ੍ਰੋਟੀਨ ਸਾਡੇ ਸਰੀਰ ਵਿੱਚ ਪਾਣੀ ਦਾ ਸੰਤੁਲਨ ਬਣਾਉਣ ਲਈ ਜ਼ਿੰਮੇਵਾਰ ਹੁੰਦੇ ਹਨ। ਇਨ੍ਹਾਂ ਦੀ ਕਮੀ ਕਾਰਨ ਪਾਣੀ ਖ਼ਾਸ ਕਰਕੇ ਲੱਤਾਂ, ਗਿੱਟਿਆਂ ਅਤੇ ਪੈਰਾਂ ਵਿੱਚ ਜਮ੍ਹਾਂ ਹੋਣ ਲੱਗ ਪੈਂਦਾ ਹੈ ਤੇ ਸਰੀਰ ਵਿੱਚ ਸੋਜ ਆਉਣ ਲੱਗ ਪੈਂਦੀ ਹੈ। ਕਵੇਸ਼ਰਕਰ ਦੇ ਮਰੀਜ਼ ਵਿੱਚ ਅਕਸਰ ਪੇਟ ਫੁੱਲਿਆ ਨਜ਼ਰ ਆਉਂਦਾ ਹੈ।



➢ ਮਾਸਪੇਸ਼ੀਆਂ ਵਿੱਚ ਕਮਜ਼ੋਰੀ

ਖ਼ੁਰਾਕ ਵਿੱਚ ਪ੍ਰੋਟੀਨ ਦੀ ਕਮੀ ਕਾਰਨ ਸਰੀਰ ਮਾਸਪੇਸ਼ੀਆਂ ਵਿੱਚੋਂ ਪ੍ਰੋਟੀਨ ਲੈਣ ਲੱਗ ਪੈਂਦਾ ਹੈ, ਜਿਸ ਕਰਕੇ ਮਰੀਜ਼ ਦਾ ਭਾਰ ਖਾਸਾ ਘੱਟ ਜਾਂਦਾ ਹੈ।

➢ ਹੱਡੀਆਂ ਅਤੇ ਜੋੜਾਂ ਦਾ ਦਰਦ

ਸਾਡਾ ਸਰੀਰ ਪ੍ਰੋਟੀਨ ਨੂੰ ਜੋੜਾਂ ਵਿੱਚ ਮੌਜੂਦ ਤਰਲ ਪਦਾਰਥਾਂ ਵਿੱਚ ਜਮ੍ਹਾਂ ਕਰਕੇ ਰੱਖਦਾ ਹੈ। ਸਰੀਰ ਵਿੱਚ ਪ੍ਰੋਟੀਨ ਦੀ ਕਮੀ ਹੋਣ 'ਤੇ ਜੋੜਾਂ ਵਿਚਲੇ ਪ੍ਰੋਟੀਨ ਭੰਡਾਰ ਖ਼ਤਮ ਹੋਣ ਲੱਗਦੇ ਹਨ ਤੇ ਇਸ ਕਰਕੇ ਜੋੜ ਜਾਮ ਹੋਣ ਮਗਰੋਂ ਦੁਖਣ ਲੱਗ ਪੈਂਦੇ ਹਨ। ਲੱਤਾਂ ਅਤੇ ਬਾਹਾਂ ਪਤਲੀਆਂ ਹੋ ਜਾਂਦੀਆਂ ਹਨ।

➢ ਅਨੀਮੀਆ

ਖ਼ੁਰਾਕ ਵਿੱਚ ਪ੍ਰੋਟੀਨ ਦੀ ਕਮੀ ਨਾਲ ਖ਼ੂਨ ਵਿੱਚ ਪਾਏ ਜਾਣ ਵਾਲ ਪ੍ਰੋਟੀਨ 'ਹੀਮੋਗਲੋਬਿਨ' ਦੀ ਕਮੀ ਹੋ ਜਾਂਦੀ ਹੈ, ਜਿਸ ਕਰਕੇ ਖ਼ੂਨ ਦੇ ਸੈੱਲ ਬਣਨੇ ਬੰਦ ਹੋ ਜਾਂਦੇ ਹਨ।

➢ ਵਾਲ ਝੜਨਾ

ਵਾਲਾਂ ਵਿਚਲਾ ਪ੍ਰੋਟੀਨ 'ਕੈਰੇਟਿਨ' ਭੋਜਨ ਵਿੱਚ ਪ੍ਰੋਟੀਨ ਦੀ ਕਮੀ ਕਾਰਨ ਨਹੀਂ ਬਣਦਾ ਜਿਸ ਕਰਕੇ ਵਾਲ ਬੇਹੱਦ ਪਤਲੇ, ਕਮਜ਼ੋਰ ਤੇ ਦੋ-ਮੂੰਹੇ ਹੋ ਜਾਂਦੇ ਹਨ।

➢ ਸੁਰੱਖਿਆ ਅਤੇ ਪਾਚਨ-ਤੰਤਰ ਵਿੱਚ ਕਮਜ਼ੋਰੀ

ਪ੍ਰੋਟੀਨ ਦੀ ਕਮੀ ਕਾਰਨ ਸਰੀਰ ਦੀ ਸੁਰੱਖਿਆ ਪ੍ਰਣਾਲੀ ਕਮਜ਼ੋਰ ਹੋ ਜਾਣ ਕਾਰਨ ਇਨਫੈਕਸ਼ਨ ਹੋਣ ਦਾ ਖ਼ਤਰਾ ਵਧ ਜਾਂਦਾ ਹੈ।

➢ ਦਸਤ

ਕਾਫ਼ੀ ਸਮੇਂ ਤਕ ਦਸਤ ਹੋਣ ਕਰਕੇ ਸਰੀਰ ਦਾ ਵਾਧਾ ਰੁਕ ਜਾਂਦਾ ਹੈ ਅਤੇ ਮਰੀਜ਼ ਹੱਡੀਆਂ ਦੀ ਮੁੱਠ ਬਣ ਕੇ ਰਹਿ ਜਾਂਦਾ ਹੈ।

➢ ਪ੍ਰੋਟੀਨ ਦੀ ਕਮੀ ਕਾਰਨ ਜ਼ਖ਼ਮ ਭਰਨ ਦੀ ਕਿਰਿਆ ਹੌਲੀ ਹੋ ਜਾਂਦੀ ਹੈ। ਕਵੇਸ਼ਰਕਰ ਦੇ ਮਰੀਜ਼ ਵਿੱਚ ਮਿਹਦੇ ਦਾ ਆਕਾਰ ਵੱਡਾ ਹੋ ਜਾਂਦਾ ਹੈ, ਜਿਸਨੂੰ 'ਫੈਟੀ ਲਿਵਰ' ਕਿਹਾ ਜਾਂਦਾ ਹੈ।

### ਪ੍ਰੋਟੀਨ ਦੀ ਘਾਟ ਦੇ ਲੱਛਣ

➢ ਚਮੜੀ ਦੇ ਰੰਗ ਵਿੱਚ ਕਈ ਤਰ੍ਹਾਂ ਦੇ ਬਦਲਾਅ ਆਉਂਦੇ ਹਨ। ਗੱਲਾਂ ਉੱਤੇ ਚਿੱਟੇ ਰੰਗ ਦੇ ਦਾਗ਼ ਪੈ ਜਾਂਦੇ ਹਨ। ਪੈਰਾਂ ਅਤੇ ਹੱਥਾਂ ਦੇ ਨਹੁੰਆਂ ਉੱਤੇ ਚਿੱਟੇ ਰੰਗ ਦੀਆਂ ਲਾਈਨਾਂ ਪ੍ਰੋਟੀਨ ਦੀ ਕਮੀ ਦੇ ਲੱਛਣ ਦਰਸਾਉਂਦੀਆਂ ਹਨ।

➢ ਪ੍ਰੋਟੀਨ ਦੀ ਕਮੀ ਕਾਰਨ ਦੰਦਾਂ ਨੂੰ ਕੀੜਾ ਲੱਗਣ ਦਾ ਖ਼ਤਰਾ ਵਧ ਜਾਂਦਾ ਹੈ ਅਤੇ ਥੁੱਕ ਬਣਾਉਣ ਵਾਲੀਆਂ ਗ੍ਰੰਥੀਆਂ 'ਤੇ ਵੀ ਬੁਰਾ ਪ੍ਰਭਾਵ ਪੈਂਦਾ ਹੈ। ਮਰੀਜ਼ ਵਿੱਚ ਪ੍ਰੋਟੀਨਾਂ ਦੀ ਕਮੀ ਕਾਰਨ ਚਿੰਤਾ, ਘਬਰਾਹਟ, ਤਣਾਅ, ਇੱਛਾ-ਸ਼ਕਤੀ ਦਾ ਖ਼ਤਮ ਹੋਣਾ, ਸਿਰਦਰਦ, ਬੇਹੋਸ਼ ਹੋ ਕੇ ਡਿੱਗਣਾ, ਨੀਂਦ ਨਾ ਆਉਣਾ ਆਦਿ ਲੱਛਣ ਵੀ ਪੈਦਾ ਹੋ ਜਾਂਦੇ ਹਨ।

### ਕਿੰਜ ਕਰੀਏ ਪ੍ਰੋਟੀਨ ਦੀ ਕਮੀ ਨੂੰ ਪੂਰਾ ?

ਪ੍ਰੋਟੀਨ ਦੀ ਕਮੀ ਨੂੰ ਸੰਤੁਲਿਤ ਖ਼ੁਰਾਕ ਲੈ ਕੇ ਪੂਰਾ ਕੀਤਾ ਜਾ ਸਕਦਾ ਹੈ। ਬੱਚਿਆਂ ਅਤੇ ਨੌਜਵਾਨਾਂ ਦੁਆਰਾ 'ਫਾਸਟ ਫੂਡ' ਦੀ ਵਾਧੂ ਵਰਤੋਂ ਮੋਟਾਪੇ ਦਾ ਕਾਰਨ ਬਣਨ ਤੋਂ ਇਲਾਵਾ ਕਈ ਹੋਰ ਬੀਮਾਰੀਆਂ ਨੂੰ ਵੀ ਸੱਦਾ ਦਿੰਦੀ ਹੈ। ਔਰਤਾਂ ਨੂੰ ਖ਼ਾਸ ਤੌਰ 'ਤੇ ਸਿਹਤ ਸਬੰਧੀ ਜਾਗਰੂਕ ਹੋਣ ਦੀ ਲੋੜ ਹੈ। ਅੱਜਕੱਲ੍ਹ ਪਤਲੇ ਹੋਣ ਦੀਆਂ ਚਾਹਵਾਨ ਔਰਤਾਂ ਰੋਟੀ-ਪਾਣੀ ਛੱਡ ਦਿੰਦੀਆਂ ਹਨ ਤੇ ਕੁਪੋਸ਼ਣ ਦਾ ਸ਼ਿਕਾਰ ਹੋ ਜਾਂਦੀਆਂ ਹਨ। ਸਾਨੂੰ ਰੋਜ਼ਾਨਾ ਖ਼ੁਰਾਕ ਵਿੱਚ ਪ੍ਰੋਟੀਨ ਨੂੰ ਸਹੀ ਮਾਤਰਾ ਵਿੱਚ ਸ਼ਾਮਲ ਕਰਨਾ ਚਾਹੀਦਾ ਹੈ ਜਿਵੇਂ ਅਨਾਜ, ਦਾਲਾਂ, ਮੂੰਗਫਲੀ, ਲੋਬੀਆ, ਸੋਇਆਬੀਨ, ਮਸਰ ਦੀ ਦਾਲ, ਦੁੱਧ, ਅੰਡੇ, ਪਨੀਰ, ਮੀਟ ਅਤੇ ਮੱਛੀ ਆਦਿ। ਦੁੱਧ ਅਤੇ ਦੁੱਧ ਤੋਂ ਬਣੇ ਪਦਾਰਥ ਜਿਵੇਂ ਪਨੀਰ ਪ੍ਰੋਟੀਨ ਭਰਪੂਰ ਹੁੰਦੇ ਹਨ ਅਤੇ ਸਰੀਰ ਦੁਆਰਾ ਆਸਾਨੀ ਨਾਲ ਹਜ਼ਮ ਹੋ ਜਾਂਦੇ ਹਨ। ਬੀਮਾਰੀ ਵਾਲੇ ਮਰੀਜ਼ਾਂ ਨੂੰ ਖ਼ਾਸ ਤੌਰ 'ਤੇ ਮਾਸਾਹਾਰੀ ਖ਼ੁਰਾਕ ਤੋਂ ਪਰਹੇਜ਼ ਕਰਨਾ ਚਾਹੀਦਾ ਹੈ। ਦਾਲਾਂ ਵਿੱਚੋਂ 'ਸੋਇਆਬੀਨ' ਪ੍ਰੋਟੀਨ ਦਾ ਸਭ ਤੋਂ ਵਧੀਆ ਸਰੋਤ ਹੈ। ਸੋਇਆਬੀਨ ਵਿੱਚ ਮੀਟ ਨਾਲੋਂ ਦੁੱਗਣਾ ਤੇ ਅੰਡਿਆਂ ਨਾਲੋਂ ਚਾਰ ਗੁਣਾਂ ਵੱਧ ਪ੍ਰੋਟੀਨ ਹੁੰਦਾ ਹੈ। ਇਸ ਵਿੱਚ ਸਾਰੇ ਜ਼ਰੂਰੀ ਵਿਟਾਮਿਨ ਹੋਣ ਦੇ ਨਾਲ ਹੀ ਕਲੈਸਟਰੋਲ ਤੇ ਕਾਰਬੋਹਾਈਡ੍ਰੇਟਸ ਬਹੁਤ ਘੱਟ ਮਾਤਰਾ ਵਿੱਚ ਹੁੰਦੇ ਹਨ ਜਿਸ ਕਰਕੇ ਸੋਇਆਬੀਨ ਦੀ ਵਰਤੋਂ ਸ਼ੂਗਰ ਦੇ ਰੋਗੀ ਵੀ ਕਰ ਸਕਦੇ ਹਨ। ਜਿਹੜੇ ਬੱਚਿਆਂ ਨੂੰ ਗਾਂ ਜਾਂ ਮੱਝ ਦੇ ਦੁੱਖ ਤੋਂ ਐਲਰਜੀ ਹੋਵੇ, ਉਹ ਸੋਇਆਬੀਨ ਦੇ ਦੁੱਧ ਦਾ ਸੇਵਨ ਕਰ ਸਕਦੇ ਹਨ।

- ਡਾ. ਗੁਰਜੀਤਪਾਲ ਕੌਰ

## ਹੱਡੀ ਹੰਢਾਇਆ ਸੱਚ

# ਰੱਬ ਦਾ ਰੂਪ ਨਹੀਂ, ਕਸਾਈ ਬਣਦਾ ਜਾ ਰਿਹਾ ਡਾਕਟਰ

ਅਕਸਰ ਹੀ ਸਿਆਣਿਆਂ ਨੂੰ ਕਹਿੰਦੇ ਸੁਣਿਆ ਹੈ ਕਿ ਡਾਕਟਰ ਰੱਬ ਦਾ ਰੂਪ ਹੁੰਦੇ ਨੇ , ਡਾਕਟਰ ਤਾਂ ਮਰੇ ਬੰਦੇ ਵਿਚ ਜਾਨ ਪਾ ਦਿੰਦੇ ਹਨ, ਸ਼ਾਇਦ ਇਹ ਸੱਚ ਹੁੰਦਾ ਹੋਵੇਗਾ। ਪਿਛਲੇ ਸਮਿਆਂ 'ਚ ਜਦੋਂ ਡਾਕਟਰ ਪੈਸੇ ਦੇ ਲਾਲਚ ਤਿਆਗਕੇ ਮਰੀਜ਼ ਦਾ ਇਲਾਜ ਆਪਣਾ ਫਰਜ਼ ਸਮਝਕੇ ਕਰਦੇ ਹੋਣਗੇ। ਪਰ ਅੱਜ ਚਾਰੇ ਪਾਸੇ ਪੈਸੇ ਦੀ ਅੰਨ੍ਹੀ ਦੌੜ ਲੱਗੀ ਹੋਈ ਹੈ। ਅੱਜ ਦਾ ਡਾਕਟਰ ਰੱਬ ਦਾ ਰੂਪ ਨਹੀਂ ਬਲਕਿ ਚੰਦ ਛਿੱਲੜਾਂ ਬਦਲੇ ਕਸਾਈ ਦਾ ਰੂਪ ਧਾਰਨ ਕਰੀ ਬੈਠਾ ਹੈ। ਕਸਾਈ ਸ਼ਬਦ ਮੈਂ ਸਿਰਫ਼ ਉਨ੍ਹਾਂ ਡਾਕਟਰਾਂ ਲਈ ਵਰਤਿਆ ਜੋ ਸਿਰਫ਼ ਮਰੀਜ਼ ਦੇ ਇਲਾਜ ਦੇ ਨਾਂਅ 'ਤੇ ਸਿਰਫ਼ ਪੈਸਾ ਹੀ ਮੁੱਖ ਰੱਖਦੇ ਹਨ ਨਾ ਕਿ ਮਰੀਜ਼ ਦੀ ਤੰਦਰੁਸਤੀ। ਪਰ ਉਨ੍ਹਾਂ ਡਾਕਟਰਾਂ ਨੂੰ ਮੇਰੀ ਕਲਮ ਸਲਾਮ ਕਰਦੀ ਹੈ ਜੋ ਮਾਨਵਤਾ ਦੀ ਸੇਵਾ ਆਪਣਾ ਫਰਜ਼ ਸਮਝਕੇ ਕਰਦੇ ਹਨ। ਹਰ ਪਾਸੇ ਤੋ ਲੋਕਾਂ ਤੋਂ ਸੁਣਿਆ ਜਾਂਦਾ ਹੈ ਕਿ ਅਸੀਂ ਬਹੁਤ ਤਰੱਕੀ ਕਰ ਲਈ ਹੈ, ਹਰ ਸ਼ਹਿਰ, ਕਸਬੇ, ਮੰਡੀਆਂ ਵਿਚ ਕਈ-ਕਈ ਮੰਜ਼ਿਲਾਂ ਦੀ ਆਲੀਸ਼ਾਨ ਇਮਾਰਤਾਂ ਉਪਰ ਵੱਡੇਵੱਡੇ ਬੋਰਡ ਫਲਾਣੀ ਬਿਮਾਰੀ ਦੇ ਮਾਹਿਰ, ਸਪੈਸ਼ਲਿਸਟ, ਹਸਪਤਾਲ ਅੰਦਰ ਏ.ਸੀ. ਰੂਮੀ, ਟੈਲੀਵਿਜ਼ਨ ਅਤੇ ਹਰ ਸੁੱਖ ਸਹੂਲਤ ਦਾ ਦਿਖਾਵਾ ਕੀਤਾ ਜਾਂਦਾ ਹੈ। ਪੈਸੇ ਵਾਲੇ ਲੋਕ ਤਾਂ ਆਪਣੀ ਛੋਟੀ-ਮੋਟੀ ਬਿਮਾਰੀ ਸਮੇਂ ਇਨ੍ਹਾਂ ਹਸਪਤਾਲਾਂ ਵਿਚ ਇੰਜ ਜਾਂਦੇ ਹਨ, ਜਿਵੇਂ ਪਿਕਨਿਕ ਮਨਾਉਣ ਆਏ ਹੋਣ, ਪਰ ਜਦ ਇੰਨ੍ਹਾਂ ਹਸਪਤਾਲਾਂ ਵਿਚ ਕੋਈ ਸਾਧਾਰਨ ਜਾਂ ਗਰੀਬ ਫਸ ਜਾਂਦਾ ਹੈ ਤਾਂ ਉਸਦੀ ਮੋਟੀ ਛਿੱਲ ਲਾਹੀ ਜਾਂਦੀ ਹੈ। ਸ਼ਹਿਰਾਂ ਦੇ ਨਿੱਜੀ ਹਸਪਤਾਲਾਂ ਵਿਚੋਂ ਆਮ ਵਿਅਕਤੀ ਤਾਂ ਇਲਾਜ ਕਰਵਾ ਹੀ ਨਹੀਂ ਸਕਦਾ। ਜਿੰਨ੍ਹੇ ਪੈਸੇ ਡਾਕਟਰ ਨੇ ਮੂੰਹੋਂ ਮੰਗ ਲਏ ਦੇਣੇ ਪੈਣਗੇ। ਉਪਰੋਂ ਹਰੇਕ ਹਸਪਤਾਲ ਵਿਚ ਖੁੱਲੀਆਂ ਦਵਾਈਆਂ ਦੀਆਂ ਦੁਕਾਨਾਂ 'ਚੋਂ ਵੀ ਡਾਕਟਰਾਂ ਨੂੰ ਮੋਟਾ ਕਮਿਸ਼ਨ ਮਿਲਦਾ ਹੈ। 10 ਰੁਪਏ ਦਵਾਈ ਦਾ ਪੱਤਾ 50 ਰੁਪਏ ਯਾਨਿ ਡਾਕਟਰ ਦੇ ਨਾਲ ਨਾਲ ਮੈਡੀਕਲ ਸਟੋਰਾਂ ਵਾਲੇ ਵੀ ਲੁੱਟ ਕਰਦੇ ਹਨ। ਇਹ ਰੱਬ ਦਾ ਰੂਪ ਸਮਝੇ ਜਾਣ ਵਾਲੇ ਡਾਕਟਰ ਤਾਂ ਕਈ ਵਾਰ ਮਰੇ ਬੰਦੇ ਨੂੰ ਵੀ ਕਈ-ਕਈ ਦਿਨ ਵੈਂਟੀਲੇਟਰ ਸ਼ੀਸ਼ੇ ਵਾਲੇ ਕੈਬਿਨ ਵਿਚ ਰੱਖਕੇ ਪੀੜ੍ਹਤ ਪਰਿਵਾਰ ਦੀ ਚੰਗੀ ਛਿੱਲ ਲਾਹੁੰਦੇ ਹਨ। ਅਨੇਕਾਂ ਵਾਰ ਡਾਕਟਰਾਂ ਦੀ ਅਣਗਹਿਲੀ ਕਾਰਨ ਮਰੇ ਵਿਅਕਤੀਆਂ ਦੇ ਪਰਿਵਾਰ ਹਸਪਤਾਲਾਂ ਅੱਗੇ ਧਰਨੇ ਲਾਉਂਦੇ ਹਨ ਡਾਕਟਰ ਦਾ ਪਿੱਟ ਸਿਆਪਾ ਕਰਦੇ ਦੇਖੇ ਹਨ। ਪਰ ਡਾਕਟਰ ਆਪਣੇ ਅਸਰ ਰਸੂਖ ਨਾਲ ਸਾਫ਼ ਬਰੀ ਹੋ ਜਾਂਦਾ ਹੈ ਕਿਉਂਕਿ ਜ਼ਿਲ੍ਹਾ ਪ੍ਰਸ਼ਾਸ਼ਨ ਦੇ ਅਧਿਕਾਰੀਆਂ ਨੂੰ ਵੀ ਐਸੇ ਡਾਕਟਰਾਂ ਦੀ ਲੋੜ ਹੁੰਦੀ ਹੈ। ਇੰਨ੍ਹਾਂ ਡਾਕਟਰਾਂ ਨੇ ਆਪਣੀ ਯੂਨੀਅਨ ਵੀ ਬਣਾਈ ਹੋਈ ਹੈ। ਵੈਸੇ ਤਾਂ ਪੰਜਾਬ ਦੇ ਹਰ ਸ਼ਹਿਰ ਵਿਚਲੇ ਵੱਡੇ-ਵੱਡੇ ਹਸਪਤਾਲ ਆਮ ਲੋਕਾਂ ਦੀ ਲੁੱਟ ਦੇ ਅੱਡੇ ਬਣੇ ਹੋਏ ਹਨ ਪਰ ਬਠਿੰਡਾ ਵਿਚ ਵੀ ਕੁਝ ਐਸੇ ਹਸਪਤਾਲ ਹਨ ਜਿਨ੍ਹਾਂ ਦੇ ਮੁੱਖੀਆਂ ਉਪਰ ਕਈ ਵਾਰ ਮਰੀਜ਼ਾਂ ਨੂੰ ਅਣਗਹਿਲੀ ਕਰਕੇ ਮਾਰਨ ਦੀਆਂ ਖ਼ਬਰਾਂ ਮੀਡੀਏ ਵਿਚ ਨਸ਼ਰ ਹੋਈਆਂ ਹਨ। ਮੈਂ ਉਨ੍ਹਾਂ ਲੋਕਾਂ ਪਾਸੋਂ ਪੁੱਛਣਾ ਚਾਹੁੰਦਾ ਹਾਂ ਜੋ ਡਾਕਟਰ ਨੂੰ ਰੱਬ ਦੀ ਉਪਾਧੀ ਦਿੰਦੇ ਹਨ ਕਿ ਡਾਕਟਰ ਤਾਂ ਮਰੀਜ਼ ਦਾ ਇਲਾਜ, ਅਪਰੇਸ਼ਨ, ਮੋਟੇ ਪੈਸੇ ਲੈ ਕੇ ਕਰਦਾ ਹੈ ਫੇਰ ਵੀ ਅਸੀਂ ਉਸਦਾ ਧੰਨਵਾਦ ਕਰਦੇ ਹਾਂ ਕਿ ਅਕਾਲ ਪੁਰਖ, ਅੱਲਾ, ਰਾਮ ਦਾ ਸ਼ੁਕਰ ਕੀਤਾ ਹੈ ਜਿਸਨੇ ਸਾਨੂੰ ਮਨੁੱਖਾ ਦੇਹੀ ਜਿਸ ਵਿਚ ਹੱਥ, ਪੈਰ, ਨੱਕ, ਕੰਨ, ਮੂੰਹ ਬਲਕਿ ਸਰੀਰ ਨੂੰ ਚਲਾਉਣ ਵਾਲਾ ਹਰੇਕ ਅੰਗ ਦੇ ਕੇ ਦੁਨੀਆਂ ਵਿਚ ਭੇਜਿਆ ਹੈ। ਸਵਾਸਥ, ਸਰੀਰ, ਮਾਨਵਤਾ ਦੀ ਸੇਵਾ ਕਰਨ ਲਈ ਹੱਥ ਪੈਰ, ਚੰਗਾ ਕਰਨ ਲਈ ਦਿਮਾਗ, ਚੰਗਾ ਸੁਣਨ ਲਈ ਕੰਨ ਅਤੇ ਚੰਗਾ ਬੋਲਣ ਲਈ ਮੂੰਹ ਦਿੱਤਾ ਹੈ। ਕੀ ਕਦੇ ਉਸ ਅਕਾਲ ਪੁਰਖ ਦਾ ਦੋ ਪਲ ਸ਼ੁਕਰੀਆ ਅਦਾ ਕੀਤਾ ਹੈ। ਜਿਸ ਨੇ ਬਿਨ੍ਹਾਂ ਪੈਸੇ, ਬਿਨ੍ਹਾਂ ਕਿਸੇ ਸਵਾਰਥ ਲਈ ਇਸ ਸੰਸਾਰ ਵਿਚ ਭੇਜਿਆ ਹੈ। ਫੇਰ ਉਸ ਡਾਕਟਰ ਦਾ ਧੰਨਵਾਦ ਜਾਂ ਡਾਕਟਰ ਰੱਬ ਦਾ ਰੂਪ ਕਿਉਂ ? ਜੋ ਸਾਡੇ ਇਲਾਜ ਦੇ ਨਾਂਅ 'ਤੇ ਅੰਨ੍ਹੀ ਲੁੱਟ ਕਰਦਾ ਹੈ।



ਹੁਣ ਮੈਂ ਆਪਣੇ ਪਾਠਕਾਂ ਨਾਲ ਰੱਬ ਦਾ ਰੂਪ ਸਮਝੇ ਜਾਣ ਵਾਲੇ ਡਾਕਟਰ ਬਾਰੇ ਆਪਣੀ ਹੱਡਬੀਤੀ ਸਾਂਝੀ ਕਰਨ ਜਾ ਰਿਹਾ ਹਾਂ। ਇਸ ਰੱਬ ਦੇ ਰੂਪ ਡਾਕਟਰ ਨੇ ਜਿੱਥੇ ਮੇਰੀ ਇਲਾਜ ਦੇ ਨਾਂਅ 'ਤੇ ਮੋਟੀ ਛਿੱਲ ਲਾਹੀ ਉਥੇ ਮੈਨੂੰ ਨਕਾਰਾ ਬਣਾ ਦਿੱਤਾ। ਘਟਨਾ 2 ਦਸੰਬਰ 2011 ਦੀ ਹੈ ਜਦੋਂ ਮੈਨੂੰ ਰਾਤ ਦੇ ਦੋ ਵਜੇ ਅਟੈਕ ਹੋ ਗਿਆ ਸੀ, ਮੈਨੂੰ ਰਾਤ ਸਮੇਂ ਬਠਿੰਡਾ ਦੇ ਇਕ ਨਿੱਜੀ ਹਸਪਤਾਲ ਵਿਚ ਦਾਖ਼ਲ ਕਰਵਾ ਦਿੱਤਾ। ਪਹਿਲਾਂ ਤਾਂ ਡਾਕਟਰ ਨੇ ਮੇਰੀ ਨਾਜ਼ੁਕ ਹਾਲਤ ਦੇਖਕੇ ਜ਼ਿੰਮੇਵਾਰੀ ਨਾ ਲਈ ਪਰ ਫੇਰ ਇਲਾਜ ਸ਼ੁਰੂ ਕਰ ਦਿੱਤਾ। ਮੈਨੂੰ ਕੋਈ ਸੁਰਤ ਨਹੀਂ ਸੀ ਮੇਰੇ ਪਰਿਵਾਰਿਕ ਮੈਂਬਰਾਂ ਦੇ ਦੱਸਣ ਮੁਤਾਬਿਕ ਮੈਨੂੰ ਐਮਰਜੈਂਸੀ ਰੂਮ ਵਿਚ ਆਈ. ਸੀ. ਯੂ. ਵਿਚ ਆਕਸੀਜਨ ਦੇ ਕੇ ਪਾਇਆ ਗਿਆ। 16 ਘੰਟਿਆਂ ਬਾਅਦ ਮੈਨੂੰ ਹੋਸ਼ ਆਵੁਣੀ ਸ਼ੁਰੂ ਹੋਈ ਤਾਂ ਮੇਰੇ ਮੋਢੇ ਤੋਂ ਪੀੜ੍ਹਾਂ ਸ਼ੁਰੂ ਹੋ ਗਈਆਂ। ਬਠਿੰਡਾ ਦੇ ਹੀ ਗੁਰਦੇਵ ਹੱਡੀਆਂ ਦੇ ਮਾਹਿਰ ਡਾਕਟਰ ਨੂੰ ਦਿਖਾਇਆ ਤਾਂ ਉਸਨੇ ਮੇਰਾ ਮੋਢਾ ਟੋਹਕੇ ਕਿਹਾ ਕਿ ਮੋਢੇ ਦੀ ਹੱਡੀ ਟੁੱਟਕੇ ਅੰਦਰ ਧਸ ਗਈ ਹੈ। ਅਪਰੇਸ਼ਨ ਹੋਵੇਗਾ। ਪਰ ਇਸ ਦਾ ਦਿਲ ਦੀ ਬਿਮਾਰੀ ਦਾ ਇਲਾਜ ਚੱਲ ਰਿਹਾ ਹੈ ਪਹਿਲਾਂ ਉਧਰੋਂ ਇਲਾਜ ਕਰਵਾਓ। 4 ਦਸੰਬਰ ਨੂੰ ਮੈਨੂੰ ਦਿਲ ਦੀਆਂ ਬਿਮਾਰੀਆਂ ਦੇ ਮਾਹਿਰ ਡਾਕਟਰ ਨੇ ਛੁੱਟੀ ਦੇ ਦਿੱਤੀ ਤਾਂ ਬਠਿੰਡਾ ਦੇ ਗਣੇਸ਼ਾ ਬਸਤੀ ਨੇੜਲੇ ਗੁਰਦੇਵ ਹੱਡੀਆਂ ਅਤੇ ਜੋੜਾਂ ਦੇ ਹਸਪਤਾਲ ਵਿਚ ਦਾਖ਼ਲ ਕਰਵਾ ਦਿੱਤਾ। ਕਿਉਂਕਿ ਡਾਕਟਰ ਨੂੰ ਪਤਾ ਸੀ ਕਿ ਮਰੀਜ਼ ਪੱਤਰਕਾਰ ਹੈ ਉਸਨੇ ਆਨਾ ਕਾਨੀ ਕਰਨੀ ਸ਼ੁਰੂ ਕਰ ਦਿੱਤੀ। ਮੇਰੀ ਮਾਤਾ ਅਤੇ ਮੇਰੀ ਪਤਨੀ ਨੇ ਡਾਕਟਰ ਅੱਗੇ ਤਰਲੇ ਕੀਤੇ ਤਾਂ ਡਾਕਟਰ ਅਪਰੇਸ਼ਨ ਲਈ ਮੰਨ ਗਿਆ। ਡਾਕਟਰ ਨੇ ਆਪਣੇ ਕਮਰੇ ਜਿੱਥੇ ਮਰੀਜ਼ਾਂ ਦੀ ਜਾਂਚ ਕਰਦਾ ਸੀ ਵਿਚ ਗੁਰਬਾਣੀ ਦੇ ਪਵਿੱਤਰ ਵਾਕ ਅਤੇ ਗੁਰੂ ਸਾਹਿਬਾਨਾਂ ਦੀਆਂ ਵੱਡ ਅਕਾਰੀ ਤਸਵੀਰਾਂ ਲਾ ਰੱਖੀਆਂ ਸਨ ਤਾਂ ਕਿ ਮਰੀਜ਼ ਨੂੰ ਪਹਿਲੀ ਨਜ਼ਰੇ ਪਤਾ ਲੱਗ ਸਕੇ ਕਿ ਡਾਕਟਰ ਧਾਰਮਿਕ ਬਿਰਤੀ ਵਾਲਾ ਗੁਰਸਿੱਖ ਬੰਦਾ ਹੈ। ਉਸ ਦਿਨ ਮੇਰੇ ਮੋਢੇ ਦਾ ਚਾਰ ਘੰਟਿਆਂ ਦੀ ਜੱਦੋ ਜਹਿਦ ਬਾਅਦ ਅਪਰੇਸ਼ਨ ਹੋ ਗਿਆ। ਮੈਂ ਆਪਣੀ ਪਹਿਲੀ ਬਿਮਾਰੀ ਕਰਕੇ ਅਤੇ ਅਪਰੇਸ਼ਨ ਦੌਰਾਨ ਲੱਗੀਆਂ ਬੇਹੋਸ਼ੀ ਦੀਆਂ ਦਵਾਈਆਂ ਕਾਰਨ ਜਦੋਂ ਦੂਜੇ ਦਿਨ ਕੁਝ ਹੋਸ਼ ਵਿਚ ਆਇਆ ਤਾਂ ਮੈਂ ਮੇਰੀ ਧਰਮਪਤਨੀ ਕੁਲਦੀਪ ਕੌਰ ਨੂੰ ਕਿਹਾ ਕਿ ਭਾਈ ਘਨੱਈਆ ਸਕੀਮ ਤਹਿਤ ਮੇਰਾ ਬੀਮਾ ਹੋਇਆ ਹੈ ਕੀ ਤੁਸੀਂ ਡਾਕਟਰ ਨੂੰ ਮੇਰਾ ਬੀਮਾ ਕਾਰਡ ਦਿਖਾ ਦਿੱਤਾ ਤਾਂ ਮੇਰੀ ਪਤਨੀ ਅਤੇ ਮੇਰੀ ਬੀਬੀ ਜੀ ਨੇ ਕਿਹਾ ਕਿ ਅਸੀਂ ਤਾਂ ਡਰਦੇ ਮਾਰਿਆ ਨੇ ਡਾਕਟਰ ਨੂੰ ਤੇਰੇ ਬੀਮੇ ਬਾਰੇ ਨਹੀਂ ਦੱਸਿਆ ਕਿ ਡਾਕਟਰ ਕਿਤੇ ਤੇਰੇ ਅਪਰੇਸ਼ਨ ਤੋਂ ਹੀ ਜਵਾਬ ਨਾ ਦੇ ਦੇਵੇ ਜਾਂ ਕਿਤੇ ਇਲਾਜ ਹੀ ਸਹੀ ਢੰਗ ਨਾਲ ਨਾ ਕਰੇ। ਇਸ ਲਈ ਨਹੀਂ ਦੱਸਿਆ। ਮੈਂ ਕਿਹਾ ਕਿ ਮੇਰੇ ਬੀਮੇ ਕਾਰਨ ਡਾਕਟਰ ਦਾ ਕੋਈ ਨੁਕਸਾਨ ਨਹੀਂ ਹੋਣਾ ਸੀ ਸਗੋਂ ਡਾਕਟਰ ਨੂੰ ਤਾਂ ਅਪਰੇਸ਼ਨ ਅਤੇ ਮੇਰੇ ਇਲਾਜ ਕਰਨ ਦੇ ਬੀਮਾ ਕੰਪਨੀ ਤੋਂ ਪੈਸੇ ਮਿਲ ਜਾਣੇ ਸਨ। ਸੋ ਮੈਂ ਬੀਮੇ ਸੰਬੰਧੀ ਡਾਕਟਰ ਗੁਰਦੇਵ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਕਿਹਾਕਿ ਤੁਸੀਂ ਆਪਣਾ ਬੀਮਾ ਕਾਰਡ, ਵੋਟ ਕਾਰਡ ਮੈਨੂੰ ਦਿਓ ਮੈਂ ਬੀਮਾ ਕੰਪਨੀ ਨੂੰ ਲਿਖਕੇ ਭੇਜ ਦਿੰਦਾ ਹਾਂ। ਮੈਂ ਆਪਣੇ ਸਾਰੇ ਕਾਗਜ਼ ਡਾਕਟਰ ਨੂੰ ਫੜਾ ਦਿੱਤੇ। ਡਾਕਟਰ ਦੇ ਕੰਪਾਊਡਰ ਗੁਰਮੇਲ ਸਿੰਘ ਜਿਸਨੂੰ ਮੈਂ ਆਪਣਾ ਵਧੀਆ ਦੋਸਤ ਮੰਨਦਾ ਸੀ ਨੇ ਬੀਮਾ ਕੰਪਨੀ ਨੂੰ ਈਮੇਲ ਕਰ ਦਿੱਤੀ। ਦੂਜੇ-ਤੀਜੇ ਦਿਨ ਬੀਮਾ ਕੰਪਨੀ ਤੋਂ ਇਕ ਮੁਲਾਜ਼ਮ ਆਇਆ ਤਾਂ ਉਸਨੇ ਮੇਰੇ ਅਪਰੇਸ਼ਨ ਵਾਲੇ ਮੋਢੇ ਤੋਂ ਪੱਟੀਆਂ ਲਹਾਕੇ ਫੋਟੋ ਅਤੇ ਪੂਰੀ ਜਾਂਚ ਪੜਤਾਲ ਕਰਨ ਉਪਰੰਤ ਮੈਥੋ ਇਕ ਫ਼ਾਰਮ ਤੇ ਦਸਤਖਤ ਕਰਵਾਕੇ ਡਾਕਟਰ ਨੂੰ ਫਾਰਮ ਫੜਾ ਦਿੱਤਾ ਕਿ ਜਲਦੀ ਇਲਾਜ ਦੀ ਸਾਰੀ ਫ਼ਾਇਲ ਬਣਾਕੇ ਸਾਡੀ ਕੰਪਨੀ ਨੂੰ ਭੇਜੀ ਜਾਵੇ। ਪਰ ਮੈਨੂੰ ਬਾਅਦ ਵਿਚ ਪਤਾ ਚੱਲਿਆ ਕਿ ਡਾਕਟਰ ਨੇ ਮੇਰੇ ਪਰਿਵਾਰ ਤੋਂ ਮੈਨੂੰ ਛੁੱਟੀ ਦੇਣ ਤੱਕ ਹਜ਼ਾਰਾਂ ਰੁਪਏ ਲੈ ਲਏ ਹਨ। ਮੈਂ ਡਾਕਟਰ ਨਾਲ ਇਸ ਸਬੰਧੀ ਗੱਲਬਾਤ ਕੀਤੀ ਤਾਂ ਉਨ੍ਹਾਂ ਕਿਾ ਕਿ ਤੇਰੀ ਬੀਮਾ ਕੰਪਨੀ ਨੂੰ ਫਾਇਲ ਭੇਜ ਦਿੱਤੀ ਹੈ, ਬੀਮਾ ਮਿਲਣ ਤੱਕ ਕਈ ਦਿਨ ਜਾਂ ਮਹੀਨੇ ਵੀ ਲੱਗ ਸਕਦੇ ਹਨ। ਮੈਨੂੰ ਛੁੱਟੀ ਮਿਲਣ ਤੋਂ ਬਾਅਦ ਵੀ ਮੇਰੇ ਮੋਢੇ ਉਪਰ ਹਰ ਹਫ਼ਤੇ ਪੱਟੀ ਬਦਲੀ ਜਾਂਦੀ ਮੈਂ ਹਰ ਵਾਰ ਡਾਕਟਰ ਤੋਂ ਆਪਣੇ ਬੀਮੇ ਦੇ ਪੈਸੇ ਬਾਰੇ ਪੁੱਛਦਾ ਤਾਂ ਦੋ-ਤਿੰਨ ਮਹੀਨਿਆਂ ਬਾਅਦ ਡਾਕਟਰ ਕਹਿਣ ਲੱਗਿਆ ਤੂੰ ਪੱਤਰਕਾਰ ਏ ਬੀਮਾ ਕੰਪਨੀ 'ਤੇ ਕੇਸ ਕਰ ਦੇ, ਮੈਂ ਬੀਮਾ ਕੰਪਨੀ ਤੋਂ ਜਦ ਤਿੰਨ ਕੁ ਮਹੀਨਿਆਂ ਬਾਅਦ ਆਪਣੇ ਬੀਮੇ ਬਾਰੇ ਪਤਾ ਕੀਤਾ ਤਾਂ ਉਨ੍ਹਾਂ ਕਿਹਾ ਕਿ ਸਾਡੇ ਕੋਲ ਅਜੇ ਤੱਕ ਤੇਰੇ ਬੀਮੇ ਦੀ ਡਾਕਟਰ ਨੇ ਫਾਇਲ ਹੀ ਨਹੀਂ ਭੇਜੀ। ਮੈਂ ਜਦ ਡਾਕਟਰ ਦੇ ਸਹਾਇਕ ਨਾਲ ਗੱਲ ਕੀਤੀ ਤਾਂ ਉਨ੍ਹਾਂ ਕਿਹਾ ਤੇਰੀ ਫਾਇਲ ਗੁੰਮ ਹੋ ਗਈ ਹੈ, ਉਹ ਮੈਨੂੰ ਫਾਇਲ ਲੱਭਣ ਕੇ ਕਈ ਮਹੀਨੇ ਲਾਰੇ ਲਾਉਂਦਾ ਰਿਹਾ। ਅਖ਼ੀਰ ਫਾਇਲ ਗੁੰਮ ਹੋਣ ਬਾਰੇ ਮੈਂ ਡਾਕਟਰ ਨੂੰ ਦੱਸ ਦਿੱਤਾ ਤਾਂ ਉਨ੍ਹਾਂ ਕਿਹਾ ਕਿ ਛੱਡ ਯਾਰ ਬੀਮੇ ਦੀ ਗੱਲ, ਬੀਮਾ ਕੰਪਨੀ ਨੇ ਕਿਹੜਾ ਤੈਨੂੰ ਕੁਝ ਦੇਣਾ ਸੀ। ਉਨ੍ਹਾਂ ਅਪਰੇਸ਼ਨ ਅਤੇ ਦਵਾਈਆਂ, ਐਕਸਰੇ, ਪੱਟੀਆਂ ਦੇ ਨਾਂਅ 'ਤੇ ਮੇਰੀ ਪੂਰੀ ਲੁੱਟ ਕੀਤੀ। ਮੇਰੇ ਚਾਚਾ ਜੀ ਜੋ ਡਾਕਟਰ ਦਾ ਚੰਗਾ ਦੋਸਤ ਸੀ, ਉਸਨੇ ਹੀ ਮੈਨੂੰ ਹਸਪਤਾਲ ਵਿਚ ਦਾਖ਼ਲ ਕਰਵਾਇਆ ਸੀ ਨਾਲ ਗੱਲ ਕੀਤੀ ਤਾਂ ਉਨ੍ਹਾਂ ਕਿਹਾ ਕਿ ਡਾਕਟਰ ਨਾਲ 20-25 ਸਾਲਾਂ ਦੀ ਬਣੀ ਹੈ, ਛੱਡ ਪਰੇ ਬੀਮੇ ਬਾਰੇ ਮੇਰਾ ਡਾਕਟਰ ਨਾਲ ਫ਼ਰਕ ਪੈ ਜਾਵੇਗਾ। ਪਰ ਮੈਂ ਚੁੱਪ ਕਰਕੇ ਬੈਠਣ ਵਾਲਾ ਨਹੀਂ ਸੀ। ਇਹ ਗੱਲ ਸਾਫ਼ ਹੋ ਗਈ ਸੀ ਕਿ ਡਾਕਟਰ ਨੇ ਹੀ ਬੇਈਮਾਨੀ ਕਰਕੇ ਮੇਰੀ ਫਾਇਲ ਉਪਰ ਭੇਜੀ ਹੀ ਨਹੀਂ ਸੀ। ਕਿਉਂਕਿ ਉਸ ਨੇ ਸਾਡੇ ਕੋਲੋਂ ਅਪਰੇਸ਼ਨ ਦੇ ਨਾਂਅ 'ਤੇ ਹਜ਼ਾਰਾਂ ਰੁਪਏ ਲੈ ਲਏ ਸਨ। ਮੈਂ ਆਪਣੇ ਪੱਤਰਕਾਰ ਦੋਸਤਾਂਤੱਕ ਇਹ ਮਾਮਲਾ ਡਾਕਟਰ ਤੱਕ ਪਹੁੰਚਾਇਆ ਪਰ ਉਸ ਨੇ ਕਿਹਾ ਕਿ ਮੈਂ ਫਾਇਲ ਉਪਰ ਭੇਜੀ ਹੈ। ਮੈਂ ਕੁਝ ਨਹੀਂ ਕਰ ਸਕਦਾ। ਪਰ ਹੌਲੀ-ਹੌਲੀ ਜਦ ਪੱਤਰਕਾਰਾਂ ਦਾ ਡਾਕਟਰ ਉਪਰ ਦਬਾਅ ਪੈ ਗਿਆ ਤਾਂ ਉਸ ਨੇ ਕਿਹਾ ਕਿ ਫਾਇਲ ਗੁੰਮ ਹੋ ਗਈ ਹੈ ਮੈਂ ਕੁਝ ਨਹੀਂ ਕਰ ਸਕਦਾ। ਡਾਕਟਰ ਨੇ ਫੇਰ ਮੇਰੇ ਚਾਚਾ ਕਿੱਕਰ ਸਿੰਘ ਜੋ ਇਸ ਘਟਨਾ ਤੋਂ ਤਿੰਨ ਸਾਲ ਬਾਅਦ 25 ਦਸੰਬਰ 2013 ਨੂੰ ਕਿਸੇ ਬਿਮਾਰੀ ਕਾਰਨ ਮੌਤ ਦੇ ਮੂੰਹ ਜਾ ਪਿਆ ਨੇ ਮੇਰੇ ਉਪਰ ਦਬਾਅ ਪਵਾਇਆ ਕਿ ਤੂੰ ਡਾਕਟਰ ਖਿਲਾਫ਼ ਕੋਈ ਕਾਰਵਾਈ ਨਾ ਕਰ, ਨਹੀਂ ਤਾਂ ਆਪਣਾ ਕੋਈ ਰਿਸ਼ਤਾ ਨਹੀਂ, ਏਥੋਂ ਤੱਕ ਕਿ ਡਾਕਟਰ ਨੇ ਮੇਰੇ ਰਿਸ਼ਤੇਦਾਰਾਂ ਰਾਂਹੀ ਵੀ ਕੋਈ ਕਾਰਵਾਈ ਨਾ ਕਰਨ ਲਈ ਮੇਰੇ ਉਪਰ ਦਬਾਅ ਪਵਾਇਆ। ਜਦੋਂ ਮੇਰੀ ਬੀਬੀ ਜੀ ਨੂੰ ਇਸ ਬਾਰੇ ਮੇਰੇ ਚਾਚਾ ਜੀ ਨੇ ਦੱਸਿਆ ਤਾਂ ਮੇਰੀ ਬੀਬੀ ਜੀ ਕਹਿਣ ਲੱਗੀ ਕਿ ਤੂੰ ਬਚ ਗਿਆ। ਪੈਸਾ ਬੰਦੇ ਤੋਂ ਵੱਡਾ ਨਹੀਂ ਹੁੰਦਾ। ਜੇਕਰ ਤੈਨੂੰ ਕੁਝ ਹੋ ਜਾਂਦਾ ਫੇਰ ਕੀ ਅਸੀਂ ਕਰ ਲੈਂਦੇ। ਡਾਕਟਰਾਂ ਤੱਕ ਕਦੇ ਵੀ ਕੋਈ ਕੰਮ ਪੈ ਸਕਦਾ ਹੈ। ਤੂੰ ਡਾਕਟਰ ਉਪਰ ਕੋਈ ਕਾਰਵਾਈ ਨਹੀਂ ਕਰਨੀ। ਫਿਰ ਧਰਮਪਤਨੀ ਕੁਲਦੀਪ ਕੌਰ ਨੇ ਵੀ ਕਿਹਾ ਕਿ ਡਾਕਟਰ ਉਪਰ ਕੋਈ ਕਾਰਵਾਈ ਨਹੀਂ ਕਰਨੀ ਤੂੰ ਸਹੀ ਸਲਾਮਤ ਏਂ, ਪੈਸੇ ਦਾ ਕੀ ਏ, ਬਥੇਰਾ ਆਈ ਜਾਈ ਜਾ ਰਿਹਾ ਹੈ। ਪਰ ਮੈਨੂੰ ਡਾਕਟਰ ਉਪਰ ਇਸ ਗੱਲ ਦਾ ਗਿਲਾ ਸੀ ਕਿ ਡਾਕਟਰ ਨੇ ਆਪਣੇ ਫਰਜ਼ ਤੋਂ ਕੋਤਾਹੀ ਵਰਤੀ ਹੈ। ਮੇਰੇ ਪਰਿਵਾਰ ਨੇ ਮੇਰੇ ਇਲਾਜ ਲਈ ਕਰਜ਼ਾ ਚੁੱਕ ਕੇ ਡਾਕਟਰ ਨੂੰ ਦਿੱਤਾ ਹੈ। ਡਾਕਟਰ ਉਪਰ ਅਗਲੀ ਕਾਰਵਾਈ ਲਈ ਮੈਂ ਆਪਣੇ ਪੱਤਰਕਾਰ ਦੋਸਤਾਂ ਨਾਲ ਮਿਲਕੇ ਬਠਿੰਡਾ ਦੇ ਐਸ.ਐਸ.ਪੀ. ਅੱਗੇ ਪੇਸ਼ ਹੋ ਗਿਆ ਤਾਂ ਉਸ ਨੇ ਥਾਣਾ ਕੋਤਵਾਲੀ ਇੰਚਾਰਜ ਨੂੰ ਮਾਮਲੇ ਦੀ ਜਾਂਚ ਲਈ ਲਿਖ ਦਿੱਤਾ। ਥਾਣਾ ਮੁੱਖੀ ਨੇ ਮੈਨੂੰ ਮਹੀਨੇ ਬਾਅਦ ਸੱਦਿਆ ਤਾਂ ਕਿਹਾ ਕਿ ਅਸੀਂ ਇਸ ਮਾਮਲੇ 'ਚ ਕੁਝ ਨਹੀਂ ਕਰ ਸਕਦੇ। ਕਿਉਂਕਿ ਤੇਰੀ ਸਾਰੀ ਫਾਇਲ ਡਾਕਟਰ ਕੋਲ ਹੈ, ਤੇਰੇ ਕੋਲ ਕੋਈ ਸਬੂਤ ਨਹੀਂ। ਥਾਣਾ ਮੁੱਖੀ ਨੇ ਡਾਕਟਰ ਨੂੰ ਥਾਣੇ ਸੱਦਿਆ ਤਾਂ ਡਾਕਟਰ ਨੇ ਮਾਮਲਾ ਨਿਬੇੜਨ ਲਈ ਮੇਰੇ ਚਾਚੇ ਉਪਰ ਦਬਾਅ ਪਾਇਆ ਅਤੇ ਬਚਣ ਲਈ ਮੇਰੇ ਅਪਰੇਸ਼ਨ ਅਤੇ ਹੋਰ ਖਰਚੇ ਦੀ ਝੂਠੀ ਰਸੀਦ ਪੇਸ਼ ਕਰ ਦਿੱਤੀ, ਜਿਸ ਵਿਚ ਉਸ ਨੇ ਸਿਰਫ਼ ਸੋਲਾਂ ਹਜ਼ਾਰ ਦੀ ਰਸੀਦ ਦਿੱਤੀ ਹੈ। ਜਦੋਂਕਿ ਡਾਕਟਰ ਨੇ ਮੇਰੇ ਪਰਿਵਾਰ ਤੋਂ ਛੁੱਟੀ ਵਾਲੇ ਦਿਨ ਚਾਲੀ ਹਜ਼ਾਰ ਦੇ ਕਰੀਬ ਨਕਦ ਲਿਆ ਸੀ, ਦਵਾਈਆਂ ਦਾ ਖਰਚਾ ਵੱਖਰਾ, ਇਸ ਤੋਂ ਬਾਅਦ ਤਿੰਨ ਮਹੀਨੇ ਹਸਪਤਾਲ ਵਿਚ ਪੱਟੀ ਅਤੇ ਹੋਰ ਖਰਚੇ ਵੱਖਰੇ। ਜੇਕਰ ਮੇਰੇ ਮੋਢੇ ਦਾ ਅਪਰੇਸ਼ਨ ਠੀਕ ਹੋ ਜਾਂਦਾ ਤਾਂ ਮੈਂ ਇਹ ਸਭ ਭੁੱਲ ਜਾਂਦਾ ਪਰ ਡਾਕਟਰ ਨੇ ਮੇਰਾ ਸੱਜਾ ਮੋਢਾ ਨਕਾਰਾ ਕਰ ਦਿੱਤਾ ਹੈ। ਮੇਰਾ ਅਪਰੇਸ਼ਨ ਸਹੀ ਨਾ ਹੋਣ ਕਰਕੇ ਹੁਣ ਲੋਹੜੇ ਦੀ ਪੈ ਰਹੀ ਠੰਡ ਕਰਕੇ ਪੂਰੀ ਬਾਂਹ ਦਰਦ ਕਰਦੀ ਹੈ। ਮੈਂ ਕਿਸੇ ਹੋਰ ਡਾਕਟਰ ਨੂੰ ਅਪਰੇਸ਼ਨ ਵਾਲਾ ਮੋਢਾ ਦਿਖਾਇਆ ਤਾਂ ਉਨ੍ਹਾਂ ਕਿਹਾ ਕਿ ਅਪਰੇਸ਼ਨ ਸਹੀ ਨਹੀਂ ਹੋਇਆ। ਮੋਢੇ ਵਿਚ ਅਪਰੇਸ਼ਨ ਦੌਰਾਨ ਪਏ ਸਕਰਿਊ ਕੱਢਣੇ ਪੈਣੇ ਨੇ, ਪਰ ਫੇਰ ਵੀ ਬਾਂਹ ਠੀਕ ਹੋਵੇ ਇਸ ਦੀ ਕੋਈ ਗਾਰੰਟੀ ਨਹੀਂ। ਮੈਂ ਤਿੰਨ ਸਾਲ ਪਹਿਲਾਂ ਮੋਢੇ ਦੇ ਅਪਰੇਸ਼ਨ ਉਪਰ ਲੱਗੇ ਪੈਸੇ ਵੀ ਨਹੀਂ ਮੋੜ ਸਕਿਆ। ਉਪਰੋਂ ਹੋਰ ਖਰਚਾ ਖੜਾ ਹੈ। ਪੁਲਿਸ ਪ੍ਰਸ਼ਾਸ਼ਨ ਨੇ ਡਾਕਟਰ ਉਪਰ ਕੋਈ ਕਾਰਵਾਈ ਨਹੀਂ ਕੀਤੀ। 25 ਦਸੰਬਰ ਨੂੰ ਮੇਰੇ ਚਾਚਾ ਜੀ ਦੀ ਵੀ ਮੌਤ ਹੋ ਗਈ ਹੈ। ਜੇਕਰ ਮੈਨੂੰ ਬੀਮਾ ਕੰਪਨੀ ਵੱਲੋਂ ਮੇਰੇ ਅਪਰੇਸ਼ਨ ਉੱਪਰ ਲੱਗਿਆ ਪੈਸਾ ਮਿਲ ਜਾਂਦਾ ਤਾਂ ਡਾਕਟਰ ਨੂੰ ਕੀ ਨੁਕਸਾਨ ਸੀ।



**ਕਸਾਈ ਸ਼ਬਦ ਮੈਂ ਸਿਰਫ਼ ਉਨ੍ਹਾਂ ਡਾਕਟਰਾਂ ਲਈ ਵਰਤਿਆ ਜੋ ਸਿਰਫ਼ ਮਰੀਜ਼ ਦੇ ਇਲਾਜ ਦੇ ਨਾਂਅ 'ਤੇ ਸਿਰਫ਼ ਪੈਸਾ ਹੀ ਮੁੱਖ ਰੱਖਦੇ ਹਨ ਨਾ ਕਿ ਮਰੀਜ਼ ਦੀ ਤੰਦਰੁਸਤੀ। ਪਰ ਉਨ੍ਹਾਂ ਡਾਕਟਰਾਂ ਨੂੰ ਮੇਰੀ ਕਲਮ ਸਲਾਮ ਕਰਦੀ ਹੈ ਜੋ ਮਾਨਵਤਾ ਦੀ ਸੇਵਾ ਆਪਣਾ ਫਰਜ਼ ਸਮਝਕੇ ਕਰਦੇ ਹਨ।**

ਮੈਂ ਹੁਣ ਡਾਕਟਰ ਨੂੰ ਰੱਬ ਦਾ ਰੂਪ ਨਹੀਂ ਬਲਕਿ ਕਸਾਈ ਦਾ ਦਰਜਾ ਦਿੰਦਾ ਹਾਂ ਜੋ ਮਰੀਜ਼ ਨੂੰ ਜੀਵਨ ਦੇਣ ਦੀ ਥਾਂ ਸਰੀਰਕ ਪੱਖੋਂ ਆਪਣੇ ਸਵਾਰਥ ਲਈ ਨਕਾਰਾ ਬਣਾ ਰਿਹਾ ਹੈ। ਐਸੇ ਡਾਕਟਰ ਵੀ ਹਨ ਜੋ ਆਪਣੇ ਫਰਜ਼ ਪ੍ਰਤੀ ਇਮਾਨਦਾਰ ਹਨ। ਡਾਕਟਰ ਗੁਰਦੇਵ ਸਿੰਘ ਜੋ ਇਕ ਗੁਰਸਿੱਖ ਆਪਣੇ ਆਫ਼ਿਸ ਵਿਚ ਗੁਰੂ ਸਾਹਿਬਾਨਾਂ ਦੀਆਂ ਵੱਡ ਅਕਾਰੀ ਤਸਵੀਰਾਂ ਲਗਾਕੇ ਧਰਮ ਦੀ ਆੜ ਹੇਠ ਮਰੀਜ਼ਾਂ ਦੀ ਲੁੱਟ ਕਰ ਰਿਹਾ ਹੈ। ਐਸੇ ਡਾਕਟਰ ਖਿਲਾਫ਼ ਪੁਲਿਸ ਪ੍ਰਸ਼ਾਸ਼ਨ ਵੱਲੋਂ ਕਾਰਵਾਈ ਨਾ ਕਰਨਾ ਵੀ ਪੁਲਿਸ ਪ੍ਰਸ਼ਾਸ਼ਨ ਅੱਗੇ ਵੀ ਪ੍ਰਸ਼ਨ ਚਿੰਨ੍ਹ ਲੱਗਦਾ ਹੈ। ਮੈਂ ਡਾਕਟਰ ਸਾਹਿਬਾਨ ਨੂੰ ਬੇਨਤੀ ਕਰਦਾ ਹਾਂ ਕਿ ਤੁਹਾਡੇ ਵੀ ਬੱਚੇ ਹੋਣਗੇ, ਜੋ ਤੁਸੀਂ ਮਰੀਜ਼ਾਂ ਤੋਂ ਆਪਣੇ ਫਰਜ਼ ਤੋਂ ਕੋਤਾਹੀ ਕਰਕੇ ਮੋਟਾ ਪੈਸਾ ਲੈ ਕੇ ਉਨ੍ਹਾਂ ਦੀ ਲੁੱਟ ਕਰਦੇ ਹੋ, ਇਹ ਤੁਹਾਡੇ ਬੱਚਿਆਂ ਲਈ ਜ਼ਹਿਰ ਹੈ। ਠੀਕ ਹੈ ਤੁਸੀਂ ਡਾਕਟਰੀ ਪੇਸ਼ੇ ਲਈ ਚੰਗੀ ਪੜ੍ਹਾਈ, ਕੋਰਸ ਉਪਰ ਲੱਖਾਂ ਲਾਏ ਹਨ, ਹਸਪਤਾਲਾਂ ਦੇ ਵੀ ਖਰਚੇ ਹਨ ਪਰ ਕੀ ਕਦੇ ਸੋਚਿਆ ਕਿ ਕਿਸੇ ਗਰੀਬ ਜਾਂ ਕਿਸੇ ਬੇਸਹਾਰਾ ਤੋਂ ਇਲਾਜ ਦੇ ਨਾਂਅ ਹੇਠ ਮੋਟੀ ਕਮਾਈ ਕਰ ਰਹੇ ਹੋ, ਇਸ ਕਮਾਈ ਨਾਲ ਤੁਸੀਂ ਆਪਣੇ ਬੱਚਿਆਂ ਨੂੰ ਚੰਗੀ ਪੜ੍ਹਾਈ ਜਾਂ ਕੋਰਸ ਨਹੀਂ ਕਰ ਰਹੇ ਹੋ, ਇਸ ਕਮਾਈ ਨਾਲ ਤੁਸੀਂ ਆਪਣੇ ਬੱਚਿਆਂ ਨੂੰ ਚੰਗੀ ਪੜ੍ਹਾਈ ਜਾਂ ਕੋਰਸ ਨਹੀਂ ਕਰਵਾ ਸਕਦੇ, ਗਰੀਬਾਂ ਦੀ ਰੱਤ ਚੂਸਨਾ ਜ਼ਹਿਰ ਸਾਮਾਨ ਹੈ। ਲੋਕ ਤੁਹਾਨੂੰ ਰੱਬ ਦਾ ਰੂਪ ਸਮਝਦੇ ਹਨ ਤਾਂ ਉਨ੍ਹਾਂ ਦੀਆਂ ਭਾਵਨਾਵਾਂ ਦੀ ਕਦਰ ਕਰਕੇ ਆਪਣਾ ਫਰਜ਼ ਇਮਾਨਦਾਰੀ ਨਾਲ ਨਿਭਾਓ।

**ਵੇਰਵਾ : ਗੁਰਨੈਬ ਸਾਜਨ ਦਿਓਣ**

## ਪੰਜਾਬ ਦੀਆਂ ਮੁੱਖ ਫ਼ਸਲਾਂ 1

# ਬੱਲੀਏ ਕਣਕ ਦੀਏ



*ਪੰਜਾਬ 'ਚ ਕਣਕ ਸਭ ਤੋਂ ਵਧ ਰਕਬੇ 'ਚ ਬੀਜੀ ਜਾਂਦੀ ਹੈ। ਦੂਜਾ ਸਥਾਨ ਝੋਨੇ ਦਾ, ਤੀਜਾ ਕਪਾਹ-ਨਰਮੇ ਦਾ ਹੈ। ਚੌਥਾ ਗੰਨੇ ਦਾ, ਪੰਜਵਾਂ ਮੱਕੀ ਤੇ ਛੇਵਾਂ ਬਾਜਰੇ ਦਾ ਹੈ। ਆਓ, ਕਣਕ ਬਾਰੇ ਬੁਨਿਆਦੀ ਜਾਣਕਾਰੀ ਪ੍ਰਾਪਤ ਕਰੀਏ...*

• ਡਾ. ਰਣਜੀਤ ਸਿੰਘ

ਪੰਜਾਬ ਇਕ ਖੇਤੀ ਪ੍ਰਧਾਨ ਸੂਬਾ ਹੈ। ਇਥੋਂ ਦੇ ਲੋਕਾਂ ਦਾ ਮੁੱਖ ਕਿੱਤਾ ਖੇਤੀ ਹੈ। ਇਥੋਂ ਦੀ ਲਗਭਗ ਸਾਰੀ ਧਰਤੀ ਹੀ ਸੇਂਜੂ ਹੈ ਤੇ ਇਥੇ ਕੁਦਰਤ ਦੇ ਸਾਰੇ ਮੌਸਮਾਂ ਦਾ ਆਗਮਨ ਹੁੰਦਾ ਹੈ। ਪੰਜਾਬ ਦੀ ਸਾਰੀ ਧਰਤੀ ਦੋ ਫ਼ਸਲੀ ਹੈ, ਭਾਵ ਇਕ ਖੇਤ ਵਿੱਚੋਂ ਸਾਲ 'ਚ ਘੱਟੋ ਘੱਟ ਦੋ ਫ਼ਸਲਾਂ ਲਈਆਂ ਜਾਂਦੀਆਂ ਹਨ। ਇਸ ਫ਼ਸਲ ਚੱਕਰ ਨੂੰ ਦੋ ਖੇਤੀ ਮੌਸਮਾਂ ਵਿਚ ਵੰਡਿਆ ਗਿਆ ਹੈ-ਸਾਉਣੀ ਅਤੇ ਹਾੜ੍ਹੀ। ਹਾੜ੍ਹੀ ਦੀ ਬਿਜਾਈ ਅਕਤੂਬਰ-ਨਵੰਬਰ 'ਚ ਕੀਤੀ ਜਾਂਦੀ ਹੈ ਤੇ ਸਾਉਣੀ ਦੀਆਂ ਫ਼ਸਲਾਂ ਦੀ ਬਿਜਾਈ ਜੂਨ-ਜੁਲਾਈ 'ਚ ਕੀਤੀ ਜਾਂਦੀ ਹੈ। ਕਾਸ਼ਤ ਹੇਠ ਰਕਬੇ ਦੇ ਹਿਸਾਬ ਨਾਲ ਪੰਜਾਬ ਵਿਚ ਕਣਕ ਸਭ ਤੋਂ ਵੱਧ ਰਕਬੇ ਵਿਚ ਬੀਜੀ ਜਾਂਦੀ ਹੈ

ਕਣਕ ਪੰਜਾਬ ਦੀ ਮੁੱਖ ਫ਼ਸਲ ਹੈ। ਪੰਜਾਬ ਵਿਚ ਕਣਕ ਹੇਠ ਲਗਪਗ 35 ਲੱਖ ਹੈਕਟਰ ਰਕਬਾ ਹੈ। ਪੰਜਾਬ ਵਿਚ 1950-51 ਦੌਰਾਨ ਸਿਰਫ਼ 10 ਲੱਖ ਟਨ ਕਣਕ ਪੈਦਾ ਹੁੰਦੀ ਸੀ, ਜੋ ਪਿਛਲੇ ਸਾਲ 51 ਲੱਖ ਟਨ ਪੈਦਾ ਹੋਈ ਸੀ। ਦੇਸ਼ ਵਿਚ ਅਨਾਜ ਦੀ ਥੁੜ੍ਹ ਨੂੰ ਵੇਖਦਿਆਂ ਇਸ ਉੱਤੇ ਖੋਜ ਕਾਰਜ ਸ਼ੁਰੂ ਕੀਤੇ ਗਏ। ਸਭ ਤੋਂ ਪਹਿਲੀ ਸੁਧਰੀ ਕਿਸਮ ਸੀ-591 ਸੀ, ਜਿਹੜੀ ਚੌਧਰੀ ਰਾਮ ਧੰਨ ਸਿੰਘ ਨੇ ਵਿਕਸਤ ਕੀਤੀ ਸੀ। ਇਸ ਨੂੰ ਲੋਕਾਂ ਵੱਲੋਂ ਬਹੁਤ ਪਸੰਦ ਕੀਤਾ ਗਿਆ ਤੇ ਇਸ ਨੂੰ ਫਾਰਮੀ ਕਣਕ ਵੀ ਆਖਿਆ ਜਾਣ ਲੱਗਾ। ਕਣਕ ਦੀ ਪੈਦਾਵਾਰ 'ਚ ਚਮਤਕਾਰੀ ਵਾਧਾ ਉਦੋਂ ਹੋਇਆ, ਜਦੋਂ ਮੈਕਸੀਕੋ ਸਥਿਤ ਅੰਤਰਰਾਸ਼ਟਰੀ ਖੋਜ ਕੇਂਦਰ ਵਿਖੇ ਵੱਧ ਝਾੜ ਦੇਣ ਵਾਲੀਆਂ ਮਧਰੀਆਂ ਕਿਸਮਾਂ ਵਿਕਸਤ ਕੀਤੀਆਂ ਗਈਆਂ। ਇਕ ਦਹਾਕੇ ਵਿਚ ਹੀ ਕਣਕ ਦੀ ਪੈਦਾਵਾਰ ਦੁੱਗਣੀ ਤੋਂ ਵਧ ਗਈ ਤੇ ਇਸ ਨੂੰ 'ਹਰੇ ਇਨਕਲਾਬ' ਦਾ ਨਾਂ ਦਿੱਤਾ ਗਿਆ। ਪਹਿਲੀਆਂ ਕਿਸਮਾਂ ਦੇ ਦਾਣੇ ਲਾਲ ਤੇ ਆਕਾਰ ਛੋਟਾ ਸੀ, ਜਿਸ ਨੂੰ ਬਹੁਤਾ ਪਸੰਦ ਨਹੀਂ ਕੀਤਾ ਗਿਆ। ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਦੇ ਵਿਗਿਆਨੀ ਡਾ. ਦਿਲਬਾਗ ਸਿੰਘ ਅਟਵਾਲ ਨੇ ਇਸ ਵਿਚ ਸੁਧਾਰ ਕਰ ਕੇ 'ਕਲਿਆਣ ਸੋਨਾ' ਨਾਂ ਦੀ ਕਿਸਮ ਵਿਕਸਤ ਕੀਤੀ, ਜਿਸ ਨੂੰ ਕਿਸਾਨਾਂ ਨੇ ਤੇਜ਼ੀ ਨਾਲ ਅਪਣਾਇਆ। ਜਦੋਂ ਇਹ ਕਿਸਮ ਕਮਜ਼ੋਰ ਪੈਣ ਲਗੀ ਤਾਂ ਡਾ. ਖੇਮ ਸਿੰਘ ਗਿੱਲ ਨੇ ਇਕ ਨਵੀਂ ਕਿਸਮ ਪੀਬੀਡਬਲਿਊ 711 ਵਿਕਸਤ ਕੀਤੀ। ਇਸ ਦੀ ਕਾਸ਼ਤ ਕੇਵਲ ਭਾਰਤ 'ਚ ਹੀ ਨਹੀਂ ਸਗੋਂ ਗੁਆਂਢੀ ਦੇਸ਼ਾਂ ਵਿਚ ਵੀ ਕੀਤੀ ਗਈ। ਖੇਤੀ ਖੋਜ ਨੂੰ ਉਤਸ਼ਾਹਿਤ ਕਰਨ ਲਈ ਉਦੋਂ ਦੇ ਵਾਈਸ ਚਾਂਸਲਰ ਡਾ. ਮਹਿੰਦਰ ਸਿੰਘ ਰੰਧਾਵਾ ਨੂੰ ਸਰਕਾਰ ਵੱਲੋਂ 'ਪਦਮ ਭੂਸ਼ਣ' ਨਾਲ ਸਨਮਾਨਿਆ ਗਿਆ। ਇਸ ਖੋਜ ਨੂੰ ਕਿਸਾਨਾਂ ਤਕ ਪਹੁੰਚਾਉਣ ਲਈ ਉਦੋਂ ਦੇ ਡਾਇਰੈਕਟਰ ਪਸਾਰ ਸਿੱਖਿਆ ਡਾ. ਕੇ ਕ੍ਰਿਪਾਲ ਸਿੰਘ ਨੂੰ 'ਪਦਮਸ਼੍ਰੀ' ਨਾਮ ਸਨਮਾਨਿਤ ਕੀਤਾ ਗਿਆ। ਕਣਕ ਦੀ ਉਪਜ ਨੂੰ ਅਗਲਾ ਮੋੜ ਡਾ. ਗੋਵਿੰਦਰ ਸਿੰਘ ਨੰਦਾ ਵੱਲੋਂ ਵਿਕਸਤ ਕੀਤੀ ਕਿਸਮ ਪੀਬੀਡਬਲਿਊ 343 ਨੇ ਦਿੱਤਾ। ਉਸ ਪਿੱਛੋਂ ਕੁਝ ਸਮੇਂ ਲਈ ਖੋਜ ਵਿਚ ਢਿੱਲ ਆਈ ਤੇ ਕਿਸਾਨਾਂ ਨੇ ਗੈਰ-ਪ੍ਰਮਾਣਿਤ ਕਿਸਮਾਂ ਦੀ ਬਿਜਾਈ ਸ਼ੁਰੂ ਕਰ ਦਿੱਤੀ। ਇਸ ਨਾਲ ਉਨ੍ਹਾਂ ਨੂੰ ਨੁਕਸਾਨ ਵੀ ਝੱਲਣਾ ਪਿਆ। ਪਿਛਲੇ ਵਰ੍ਹੇ ਕਣਕ ਦੀਆਂ ਨਵੀਆਂ ਕਿਸਮਾਂ ਪੀਬੀਡਬਲਿਈ 677 ਤੇ ਪੀਬੀਡਬਲਿਊ 725 ਦਿੱਤੀਆਂ ਗਈਆਂ ਹਨ।

ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਬਲਦੇਵ ਸਿੰਘ ਢਿੱਲੋਂ ਦੇ ਯਤਨਾਂ ਸਦਕਾ ਕਿਸਾਨ ਹੁਣ ਪ੍ਰਮਾਣਿਤ ਕਿਸਮਾਂ ਦੀ ਕਾਸ਼ਤ ਵੱਲ ਮੁੜੇ ਹਨ। ਪਿਛਲੇ ਚਾਰ ਦਹਾਕਿਆਂ ਤੋਂ ਪੰਜਾਬ ਦੇਸ਼ ਦੇ ਅੰਨ ਭੰਡਾਰ ਵਿਚ ਕਣਕ ਦਾ 60 ਫ਼ੀਸਦੀ ਹਿੱਸਾ ਪਾ ਰਿਹਾ ਹੈ ਤੇ ਦੇਸ਼ ਦਾ ਅੰਨਦਾਤਾ ਕਹਾਉਂਦਾ ਹੈ। ਇਸ ਲਈ ਭਾਵੇਂ ਪੰਜਾਬ ਨੂੰ ਆਪਣੇ ਪਾਣੀ ਤੇ ਧਰਤੀ ਦੀ ਕੁਰਬਾਨੀ ਦੇਣੀ ਪਈ ਹੈ। ਕਿਸਾਨ ਵਿਸਾਖ ਮਹੀਨੇ ਦੇ ਪਹਿਲੇ ਦਿਨ ਨੂੰ ਵਿਸਾਖੀ ਦੇ ਨਾਂ ਹੇਠ ਤਿਉਹਾਰ ਦੇ ਰੂਪ 'ਚ ਮਨਾਉਂਦੇ ਹਨ ਤੇ ਆਪਣੀ ਫ਼ਸਲ ਨੂੰ ਦਾਤੀ ਲਗਾਉਂਦੇ ਹਨ। ਹੁਣ ਭਾਵੇਂ ਕਣਕ ਦੀ ਵਾਢੀ ਕੰਬਾਈਨ ਨਾਲ ਹੋਣ ਲੱਗ ਪਈ ਹੈ ਪਰ ਦਾਤੀ ਲਗਾਉਣ ਨੂੰ ਸ਼ੁੱਭ ਸ਼ਗਨ ਮੰਨਿਆ ਜਾਂਦਾ ਹੈ।ਇਸੇ ਲਈ ਵਿਸਾਖੀ ਨੂੰ ਸ਼ੁੱਭ ਤਿਉਹਾਰ ਮੰਨਿਆ ਜਾਂਦਾ ਹੈ। •

*ਮੋਬਾਈਲ 94170-87328*

---

# ਕਿਉਂ ਜ਼ਰੂਰੀ ਹੈ ਬੀਟੀ ਸਰ੍ਹੋਂ ਦਾ ਵਿਰੋਧ ?



• ਡਾ. ਅਜੀਤ ਪਾਲ ਸਿੰਘ ਐੱਮਡੀ

ਦੇਸ਼ ਅੰਦਰ ਜਿਨਸੀ ਸੋਧ (ਜੈਨੇਟੀਕੀਲੀ ਮੋਡੀਫਾਈਡ) ਜ਼ਰੀਏ ਤਿਆਰ ਕੀਤੀ ਗਈ ਬੀਟੀ ਸਰ੍ਹੋਂ ਦੀ ਵਪਾਰਕ ਖੇਤੀ ਲਈ ਰਾਹ ਪੱਧਰਾ ਹੋ ਗਿਆ ਹੈ। ਦਿੱਲੀ ਦੇ ਇਕ ਅਦਾਰੇ ਵਲੋਂ ਜੈਨੇਟੀਕਲੀ ਮੋਡੀਫਾਈਡ ਬੀਟੀ ਸਰ੍ਹੋਂ ਦੀ ਵਪਾਰਕ ਪੈਦਾਵਾਰ ਖਾਤਰ ਅਰਜ਼ੀ ਨੂੰ ਜੀਈਏਸੀ (ਜੈਨੇਟਿਕ ਇੰਜਨੀਰਿੰਗ ਅਪ੍ਰੇਜ਼ਲ ਕਮੇਟੀ) ਵੱਲੋਂ 11 ਮਈ ਨੂੰ ਮੰਜ਼ੂਰੀ ਦੇ ਦਿੱਤੀ ਗਈ ਹੈ। ਜੀਈਏਸੀ ਜੈਵ ਤਕਨੀਕ ਸਬੰਧੀ ਅਤੇ ਜੈਵ ਪ੍ਰੀਵਰਤਿਤ ਜੀਵਾਂ ਸਬੰਧੀ ਦੇਸ਼ ਦੀ ਸਭ ਤੋਂ ਵੱਡੀ ਰੈਗੂਲੇਟਰੀ ਸੰਸਥਾ ਹੈ। ਇਹ ਸੰਸਥਾ ਦੇਸ਼ ਵਿਚ ਵਾਤਾਵਰਨ ਮੰਤਰਾਲੇ ਅਧੀਨ ਕੰਮ ਕਰਦੀ ਹੈ।

### ਮਾਰੂ ਬਿਮਾਰੀਆਂ ਨੂੰ ਸੱਦਾ

ਇਨ੍ਹਾਂ ਫ਼ਸਲਾਂ ਦੇ ਪਸ਼ੂਆਂ ਅਤੇ ਹੋਰ ਜੀਵਾਂ ਉੱਪਰ ਕੀਤੇ ਗਏ ਤਜਰਬੇ ਤਸੱਲੀਬਖ਼ਸ਼ ਰਹਿਣੇ ਤਾਂ ਦੂਰ, ਬਲਕਿ ਗੰਭੀਰ ਰੂਪ 'ਚ ਹਾਨੀਕਾਰਕ ਸਿੱਧ ਹੋਏ ਹਨ। ਇਨ੍ਹਾਂ ਫ਼ਸਲਾਂ ਦੇ ਚੂਹਿਆਂ ਉੱਪਰ ਕੀਤੇ ਗਏ ਤਜ਼ਰਬਿਆਂ ਵਿਚ ਗੁਰਦੇ, ਜਿਗਰ ਦੇ ਖ਼ਰਾਬ ਹੋਣ ਕਰਕੇ ਹਾਰਮੋਨ ਸੰਤੁਲਨ ਵਿਗੜਨ ਤੇ ਟਿਊਮਰ ਕੈਂਸਰ ਵਰਗੀਆਂ ਬਿਮਾਰੀਆਂ ਪ੍ਰਗਟ ਹੋਈਆਂ ਹਨ। ਸੂਰਾਂ ਵਿਚ ਬੱਚੇਦਾਨੀ ਦਾ ਵਾਧਾ ਦਰਜ ਕੀਤਾ ਗਿਆ ਹੈ। ਇਨ੍ਹਾਂ ਫ਼ਸਲਾਂ ਦੇ ਨਾਲ ਰਸਾਇਣਾਂ ਕਰਕੇ ਕੈਂਸਰ ਤੇ ਅਲਜ਼ਾਈਮਰ ਵਰਗੀਆਂ ਮਾਰੂ ਬਿਮਾਰੀਆਂ 'ਚ ਵਾਧਾ ਹੋਇਆ ਹੈ।

ਭਾਰਤ ਵਿਚ ਬੀਟੀ ਸਰ੍ਹੋਂ ਸਮੇਤ ਜੈਵ ਪ੍ਰੀਵਰਤਿਤ (ਜੀਐੱਮ) ਫ਼ਸਲਾਂ ਵਿਰੁੱਧ ਜੋ ਘੋਲ ਚੱਲ ਰਿਹਾ ਹੈ, ਉਸ ਵਿਚ ਨਾ ਸਿਰਫ ਸਰਗਰਮ ਸਮਾਜਕ ਕਾਰਕੁੰਨ ਸ਼ਾਮਲ ਹਨ ਬਲਕਿ ਵੱਡੀ ਪੱਧਰ 'ਤੇ ਵਿਗਿਆਨੀ ਅਤੇ ਬੁੱਧੀਜੀਵੀ ਵੀ ਸ਼ਾਮਲ ਹਨ। ਇਥੋਂ ਤਕ ਕਿ ਜੈਵ ਪ੍ਰੀਵਰਤਿਤ ਖੇਤ ਦਾ ਰਾਹ ਪੱਧਰਾ ਕਰਨ ਵਾਲੀ ਭਾਜਪਾ ਸਰਕਾਰ ਦੇ ਕੁਝ ਸਹਿਯੋਗੀ ਸੰਗਠਨ ਵੀ ਇਸਦਾ ਵਿਰੋਧ ਕਰ ਰਹੇ ਹਨ। ਸੰਘ ਪਰਿਵਾਰ ਦਾ ਇਹ ਦੋਗਲਾਪਨ ਕਾਰਪੋਰੇਟ ਹਿੱਤਾਂ ਅਤੇ ਲੋਕ ਭਾਵਨਾ ਦਰਮਿਆਨ ਆਪਣੀ ਬਾਜ਼ੀਗਰੀ ਨਾਲ ਲੋਕ-ਰੋਹ ਨੂੰ ਆਪਣੇ ਪਿੱਛੇ ਲਾਮਬੱਧ ਕਰ ਕੇ ਠੰਢਾ ਛਿੜਕਣ ਅਤੇ ਹੌਲੀ-ਹੌਲੀ ਬੇਅਸਰ ਕਰਨ ਲਈ ਹੀ ਹੈ।

### ਵਾਤਾਵਰਨ ਲਈ ਗੰਭੀਰ ਖ਼ਤਰੇ

ਬੀਟੀ ਕੌਟਨ ਅਤੇ ਬੀਟੀ ਸਰ੍ਹੋਂ ਵਰਗੀਆਂ ਜੈਵ ਪ੍ਰੀਵਰਤਿਤ (ਜੀਐੱਮ) ਫ਼ਸਲਾਂ ਬਾਰੇ ਦੇਸ਼ ਅੰਦਰ ਵੱਡੇ ਪੱਧਰ 'ਤੇ ਜ਼ੋਰਦਾਰ ਢੰਗ ਨਾਲ ਵਿਰੋਧ ਕੀਤਾ ਜਾ ਰਿਹਾ ਹੈ। ਇਸ ਵਿਰੋਧ ਦਾ ਮੁੱਖ ਕਾਰਨ ਜੈਵ ਪ੍ਰੀਵਰਤਿਤ (ਜੀਐੱਮ) ਫ਼ਸਲਾਂ ਦੇ ਮਨੁੱਖੀ ਸਿਹਤ ਉੱਪਰ ਪੈਣ ਵਾਲੇ ਮਾੜੇ ਅਸਰ ਹਨ। ਦੁਨੀਆਂ ਵਿਚ ਫਰਾਂਸ, ਜਰਮਨੀ, ਨੀਦਰਲੈਂਡ, ਗਰੀਸ ਸਮੇਤ ਯੂਰਪ ਦੇ 28 ਦੇਸ਼ਾਂ ਅਤੇ ਏਸ਼ੀਆ, ਅਫ਼ਰੀਕਾ ਤੇ ਲਾਤੀਨੀ ਅਮਰੀਕਾ ਸਮੇਤ ਦੁਨੀਆਂ ਦੇ 38 ਦੇਸ਼ਾਂ ਵਿਚ ਜੈਵ ਪ੍ਰੀਵਰਤਿਤ (ਜੀਐੱਮ) ਫ਼ਸਲਾਂ ਦੇ ਮਨੁੱਖ ਸਮੇਤ ਜੀਵਗਤ ਪਾਰਸਿਥਿਤਕ ਤਾਣੇ-ਬਾਣੇ (ਈਕੋ ਸਿਸਟਮ) ਸਮੇਤ ਵਾਤਾਵਰਨ 'ਤੇ ਪੈਣ ਵਾਲੇ ਗੰਭੀਰ ਅਸਰ ਰਹੇ ਹਨ।

### ਤਬਾਹੀ ਦਾ ਸੁਨਹਿਰੀ ਜਾਲ

ਭਾਰਤ ਵਿਚ ਬੀਟੀ ਕੌਟਨ ਕਾਰਨ ਕ੍ਰਿਸ਼ਨਾ-ਗੋਦਾਵਰੀ ਬੇਸਿਨ ਤੋਂ ਲੈ ਕੇ ਵਿਦਰਭ ਤਕ ਲੱਖਾਂ ਕਿਸਾਨਾਂ ਨੇ ਪਿੱਛਲੇ 2-3 ਦਹਾਕਿਆਂ ਦੌਰਾਨ ਆਤਮ ਹੱਤਿਆਵਾਂ ਕੀਤੀਆਂ ਹਨ। ਜੀਐੱਮ ਫ਼ਸਲਾਂ ਭਾਰਤ ਦੇ ਗ਼ਰੀਬ ਕਿਸਾਨਾਂ ਲਈ ਬ੍ਰਿਟਿਸ਼ ਕਾਲ ਵਿਚ 'ਨੀਲ ਦੀ ਖੇਤੀ' ਵਰਗੀ ਭਿਆਨਕ ਤ੍ਰਾਸਦੀ ਸਾਬਤ ਹੋਈ ਹੈ। ਜੀਐੱਮ ਖੇਤੀ ਤੋਂ ਫ਼ਾਇਦਾ ਸਿਰਫ ਵੱਡੇ ਵਪਾਰੀਆਂ, ਵੱਡੇ ਕਿਸਾਨਾਂ ਤੇ ਬਹੁਕੌਮੀ ਨਿਗਮਾ ਨੂੰ ਹੋਣਾ ਹੈ। ਗ਼ਰੀਬ ਕਿਸਾਨਾਂ ਲਈ ਤਾਂ ਇਹ ਮੌਤ ਤੇ ਤਬਾਹੀ ਦਾ ਸੁਨਹਿਰੀ ਜਾਲ ਹੈ।

ਅੱਜ ਸਾਮਰਾਜੀ ਦੇਸ਼ਾਂ ਦੇ ਪੱਖੀ ਨਿਗਮਾਂ ਵੱਲੋਂ ਪੱਛੜੇ ਮੁਲਕਾਂ ਦੇ ਜੈਵਿਕ ਵਸੀਲਿਆਂ, ਫ਼ਸਲਾਂ ਤੇ ਬੀਜਾਂ ਨੂੰ ਆਪਣੇ ਏਜੰਡੇ ਤਹਿਤ ਕੰਟਰੋਲ ਕਰਨ, ਮੁਨਾਫ਼ਾ ਵੱਟਣ ਤੇ ਉਨ੍ਹਾਂ ਉੱਪਰ ਕਬਜ਼ਾ ਕਰਨ ਲਈ ਅਨੁਵਾਂਸ਼ਿਕ ਵਿਗਿਆਨ (ਜੈਨੇਟਿਕ ਸਾਇੰਸ) ਦੀ ਵਰਤੋਂ ਵੱਡੀ ਪੱਧਰ 'ਤੇ ਕੀਤੀ ਜਾ ਰਹੀ ਹੈ। ਇਸ ਘਟਨਾਕ੍ਰਮ ਨੂੰ 'ਜੈਵ ਸਾਮਰਾਜਵਾਦ' ਦਾ ਨਾਂ ਦਿੱਤਾ ਜਾ ਸਕਦਾ ਹੈ। ਅਜਿਹੇ ਵਿਚ ਆਪਣੇ ਦੇਸ਼ 'ਚ ਜੈਵ ਵਸੀਲਿਆਂ ਦੀ ਰਾਖੀ ਦੇ ਨਾਲ ਗ਼ਰੀਬ ਤੇ ਛੋਟੇ ਕਿਸਾਨਾਂ ਨੂੰ ਭਿਆਨਕ ਤਬਾਹੀ ਦਾ ਸਬੱਬ ਬਣਨ ਵਾਲੀ ਜੀਐੱਮ ਖੇਤੀ ਦਾ ਵਿਰੋਧ ਕਰਨ ਬੇਹੱਦ ਜ਼ਰੂਰੀ ਹੈ। •

*ਮੋਬਾਈਲ 98156-29301*



#### ਜੀਐੱਮ ਸਰ੍ਹੋਂ ਨੂੰ ਮੰਜ਼ੂਰੀ ਆਖ਼ਰੀ ਪੜਾਅ 'ਤੇ

*ਬੀਟੀ ਸਰ੍ਹੋਂ ਦੀ ਇਸ ਜੈਵ ਪ੍ਰੀਵਰਤਿਤ (ਜੀਐੱਮ) ਪ੍ਰਜਾਤੀ ਦਾ ਨਾਂ ਡੀਐੱਮਐੱਚ-11 ਹੈ। ਇਸ ਦਾ ਵਿਕਾਸ ਦਿੱਲੀ ਯੂਨੀਵਰਸਿਟੀ ਅਧੀਨ ਆਉਣ ਵਾਲੇ 'ਸੈਂਟਰ ਫਾਰ ਜੈਨੇਟਿਕ ਮੈਨੀਪੁਲੇਸ਼ਨ ਆਫ ਕਰੋਪ ਪਲਾਂਟ' ਨੇ ਕੀਤਾ ਹੈ। ਬੀਟੀ ਸਰ੍ਹੋਂ ਨੂੰ ਵਪਾਰਕ ਪੈਦਾਵਾਰ ਲਈ ਆਖ਼ਰੀ ਮੰਜ਼ੂਰੀ ਵਾਤਾਵਰਨ ਤੋਂ ਮਿਲਣੀ ਹੈ ਅਤੇ ਇਸ ਸਬੰਧੀ ਜੀਈਏਸੀ ਦੀਆਂ ਸਿਫਾਰਸ਼ਾਂ ਵਾਤਾਵਰਣ ਮੰਤਰੀ ਅਨਿਲ ਮਾਧਵ ਦਵੇ ਕੋਲ ਪਹੁੰਚ ਚੁਕੀਆਂ ਹਨ। ਇਸ ਤਰ੍ਹਾਂ ਬੀਟੀ ਸਰ੍ਹੋਂ ਪੈਦਾਵਾਰ ਦੀ ਮੰਜ਼ੂਰੀ ਦੇ ਆਖ਼ਰੀ ਪੜਾਅ ਵਿਚ ਹੈ ਅਤੇ ਇਹ ਪ੍ਰਕਿਰਿਆ ਉਸ ਪੜਾਅ 'ਤੇ ਪਹੁੰਚ ਗਈ ਹੈ ਜਿੱਥੇ 7 ਸਾਲ ਪਹਿਲਾਂ ਬੀਟੀ ਬੈਂਗਣ ਸੀ। ਬੀਟੀ ਬੈਂਗਣ ਨੂੰ ਮੰਜ਼ੂਰੀ ਦੇ ਆਖ਼ਰੀ ਪੜਾਅ 'ਚ ਉਸ ਵੇਲੇ ਦੇ ਵਾਤਾਵਰਨ ਮੰਤਰੀ ਰਮੇਸ਼ ਵਲੋਂ ਖਾਰਜ ਕਰ ਦਿੱਤਾ ਗਿਆ ਸੀ ਪਰ ਬੀਟੀ ਸਰ੍ਹੋਂ ਦੇ ਮਾਮਲੇ 'ਚ ਰਸਤਾ ਪੱਧਰਾ ਮੰਨਿਆ ਜਾ ਰਿਹਾ ਹੈ ਕਿਉਂਕਿ ਭਾਜਪਾ ਸਰਕਾਰ ਇਸ ਨੂੰ ਮੰਜ਼ੂਰੀ ਦੇਣ ਦੇ ਮੂਡ ਵਿਚ ਵਿਖਾਈ ਦੇ ਰਹੀ ਹੈ।*




#### ਖੇਤੀ ਖੇਤਰ ਦੀ ਬੇਕਿਰਕ ਲੁੱਟ

*ਸਿਹਤ ਕਾਰਨਾਂ ਤੋਂ ਵੀ ਵੱਧ ਬੀਟੀ ਬੈਂਗਣ, ਬੀਟੀ, ਕੌਟਨ ਤੇ ਬੀਟੀ ਸਰ੍ਹੋਂ ਸਮੇਤ ਜੈਵ ਪ੍ਰੀਵਰਤਿਤ (ਜੀਐੱਮ) ਖੇਤੀ ਦੀ ਬੁਨਿਆਦ ਵਿਚ ਮੁੱਖ ਮਕਸਦ ਦੇਸੀ-ਵਿਦੇਸ਼ੀ ਪੂੰਜੀ ਵੱਲੋਂ ਖੇਤੀ ਖੇਤਰ ਦੀ ਬੇਕਿਰਕ ਲੁੱਟ ਲਈ ਰਾਹ ਖੋਲ੍ਹਣਾ ਹੈ। ਇਹ ਫ਼ਸਲਾਂ ਵੱਧ ਲਾਗਤ ਮੁੱਲ ਦੀ ਮੰਗ ਕਰਦੀਆਂ ਹਨ। ਵੱਧ ਪੈਦਾਵਾਰ ਦੇ ਲਾਲਚ ਵਿਚ ਕਿਸਾਨ ਇਨ੍ਹਾਂ ਫ਼ਸਲਾਂ ਦੇ ਬੀਜਾਂ ਦੇ ਚੱਕਰ 'ਚ ਪਏ ਰਹਿੰਦੇ ਹਨ। ਇਸ ਨਾਲ ਇਨ੍ਹਾਂ 'ਤੇ ਲਗਣ ਵਾਲੇ ਕੀੜਿਆਂ ਤੇ ਨਾਲ ਹੀ ਪੈਦਾ ਹੋਣ ਵਾਲੇ ਨਦੀਨਾਂ ਨੂੰ ਨਸ਼ਟ ਕਰਨ ਲਈ ਗ਼ਰੀਬ ਕਿਸਾਨਾਂ ਨੂੰ ਬਹੁਕੌਮੀ ਕੰਪਨੀਆਂ ਦੇ ਮਹਿੰਗੇ ਕੀਟ ਨਾਸ਼ਕ ਤੇ ਨਦੀਨ ਨਾਸ਼ਕ ਲੈਣੇ ਪੈਂਦੇ ਹਨ। ਇਸ ਨਾਲ ਇਨ੍ਹਾਂ ਫ਼ਸਲਾਂ 'ਤੇ ਹੱਲਾ ਕਰਨ ਵਾਲੇ ਕੀੜਿਆਂ ਨੂੰ ਨਸ਼ਟ ਕਰਨ ਲਈ ਆਉਂਦੇ ਖ਼ਰਚ ਕਰਨ ਫ਼ਸਲਾਂ ਦੀ ਲਾਗਤ ਲਗਾਤਾਰ ਵੱਧਦੀ ਜਾਂਦੀ ਹੈ। ਪਿੱਛੋਂ ਕਿਸਾਨਾਂ ਲਈ ਇਸ ਮਹਿੰਗੀ ਫ਼ਸਲ ਨੂੰ ਵੇਚਣਾ ਵੀ ਵੱਡੀ ਸਿਰਦਰਦੀ ਬਣ ਜਾਂਦਾ ਹੈ ਅਤੇ ਕਈ ਵਾਰ ਲਾਗਤ ਤੋਂ ਘੱਟ ਫ਼ਸਲਾਂ ਵੇਚਣ, ਕੀੜੇ ਲਗਣ ਅਤੇ ਫ਼ਸਲਾਂ ਖ਼ਰਾਬ ਹੋਣ ਕਰਕੇ ਗ਼ਰੀਬ ਕਿਸਾਨ ਕਰਜ਼ੇ ਵਿਚ ਡੁੱਬ ਕੇ ਨਿਰਾਸ਼ਾ ਵੱਸ ਖ਼ੁਦਕੁਸ਼ੀ ਲਈ ਮਜ਼ਬੂਰ ਹੁੰਦੇ ਹਨ।*

---

# ਗਾਜਰ ਬੂਟੀ ਖ਼ਤਰਨਾਕ ਨਦੀਨ ਦਾ ਕਿਵੇਂ ਕਰੀਏ ਖ਼ਾਤਮਾ

*ਗਾਜਰ ਬੂਟੀ ਬੇਹੱਦ ਘਾਤਕ ਨਦੀਨ ਹੈ। ਇਸ ਦੇ ਪਰਾਗ ਕਣ ਤੇ ਜ਼ਹਿਰੀਲਾ ਮਾਦਾ ਜਿੱਥੇ ਮਨੁੱਖੀ ਅਤੇ ਪਸ਼ੂਆਂ ਦੀ ਸਿਹਤ ਉੱਪਰ ਮਾੜਾ ਅਸਰ ਪਾਉਂਦਾ ਹੈ, ਉੱਥੇ ਇਹ ਨਦੀਨ ਦੂਸਰੀਆਂ ਫ਼ਸਲਾਂ ਦੀ ਪੈਦਾਵਾਰ ਵਿਚ ਵੀ ਵੱਡੀਆਂ ਅੜਚਨਾਂ ਖੜ੍ਹੀਆਂ ਕਰਦਾ ਹੈ...*



• ਡਾ. ਪ੍ਰਦੀਪ ਕੁਮਾਰ

ਪੰਜਾਬ ਦੇ ਵੱਖ-ਵੱਖ ਹਿੱਸਿਆਂ ਵਿਚ ਗਾਜਰ ਬੂਟੀ ਜਾਂ ਕਾਂਗਰਸ ਘਾਹ ਨਾਂ ਦੇ ਭੈੜੇ ਨਦੀਨ ਨੇ ਵਿਹਲੀਆਂ ਥਾਵਾਂ 'ਤੇ ਕਾਫੀ ਰਕਬਾ ਮੱਲ ਲਿਆ ਹੈ। ਕਾਂਗਰਸ ਘਾਹ ਦਾ ਤਕਨੀਕੀ ਨਾਂ ਪਾਰਥੀਨੀਅਮ ਹਿਸਟੈਰੋਫੋਰਸ ਹੈ। ਇਹ ਨਦੀਨ ਦੱਖਣੀ ਅਮਰੀਕਾ ਤੋਂ ਭਾਰਤ 'ਚ ਆਇਆ। ਇਹ ਸਭ ਤੋਂ ਪਹਿਲਾਂ ਮੈਕਸੀਕੋ ਤੋਂ ਆਉਣ ਵਾਲੀ ਕਣਕ ਨਾਲ ਮਿਲ ਕੇ ਸਾਡੇ ਦੇਸ਼ ਵਿਚ ਆਇਆ।

ਦੇਸ਼ ਵਿਚ ਇਹ ਸਭ ਤੋਂ ਪਹਿਲਾਂ ਪੂਨਾ (ਮਹਾਂਰਾਸ਼ਟਰ) ਵਿਖੇ ਵਿਹਲੀਆਂ ਥਾਵਾਂ 'ਤੇ ਪਾਇਆ ਗਿਆ। ਇਸ ਤੋਂ ਬਾਅਦ ਇਹ ਨਦੀਨ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿਚ ਤੇਜ਼ੀ ਨਾਲ ਫ਼ੈਲਿਆ। ਅੱਜ ਕੱਲ੍ਹ ਇਹ ਨਦੀਨ ਭਾਰਤ ਦੇ ਪਹਾੜੀ ਇਲਾਕਿਆਂ ਨੂੰ ਛੱਡ ਕੇ ਸਾਰੇ ਸੂਬਿਆਂ ਵਿਚ ਪਾਇਆ ਜਾਂਦਾ ਹੈ ਅਤੇ ਮਨੁੱਖ ਤੇ ਪਸ਼ੂਆਂ ਦੀ ਸਿਹਤ ਲਈ ਗੰਭੀਰ ਖ਼ਤਰਾ ਬਣ ਗਿਆ ਹੈ।

### ਗਾਜਰ ਬੂਟੀ ਦੀ ਪਛਾਣ

ਗਾਜਰ ਬੂਟੀ ਇਕ ਲੰਬਾ, ਡੂੰਘੀਆਂ ਜੜ੍ਹਾਂ ਵਾਲਾ ਤੇ ਤੇਜ਼ੀ ਨਾਲ ਫ਼ੈਲਣ ਵਾਲਾ ਨਦੀਨ ਹੈ, ਜੋ ਫੁੱਲਾਂ ਵਾਲੀ ਅਵਸਥਾ ਵਿਚ ਇਕ ਮੀਟਰ ਤਕ ਉੱਚਾ ਹੋ ਜਾਂਦਾ ਹੈ। ਇਸ ਨੂੰ ਛੋਟੇ-ਛੋਟੇ ਚਿੱਟੇ ਰੰਗ ਦੇ ਫੁੱਲ ਲਗਦੇ ਹਨ, ਜੋ ਪੱਕਣ ਉਪਰੰਤ ਖੁੱਲ੍ਹ ਕੇ ਹਜ਼ਾਰਾਂ ਬੀਜਾਂ ਨੂੰ ਹਵਾ 'ਚ ਖਿਲਾਰ ਦਿੰਦੇ ਹਨ। ਇਹ ਬੀਜ ਹਵਾ ਦੇ ਵਹਾਅ ਨਾਲ ਵੱਡੇ ਰਕਬੇ 'ਚ ਫ਼ੈਲ ਜਾਂਦੇ ਹਨ। ਇਸ ਦੇ ਬੂਟੇ ਪ੍ਰਤੀ ਵਰਗ ਮੀਟਰ ਵਿਚ ਕਰੀਬ 1,54,000 ਬੀਜ ਪੈਦਾ ਕਰਦੇ ਹਨ, ਜਦਕਿ ਇਕ ਬੂਟਾ ਕਰੀਬ 15,000 ਤੋਂ 25,000 ਬੀਜ ਪੈਦਾ ਕਰਦਾ ਹੈ। ਇਹ ਬੀਜ ਵਜ਼ਨ ਵਿਚ ਹਲਕੇ ਹੁੰਦੇ ਹਨ, ਜੋ ਪਾਣੀ, ਹਵਾ ਜਾਂ ਕਿਸੇ ਵੀ ਹੋਰ ਹਲਚਲ ਨਾਲ ਅੱਗੇ ਫ਼ੈਲ ਜਾਂਦੇ ਹਨ। ਇਹ ਨਦੀਨ ਆਪਣੇ ਕੱਟੇ-ਵੱਢੇ ਹਿੱਸਿਆਂ ਤੋਂ ਵੀ ਅੱਗੇ ਫ਼ੈਲ ਜਾਂਦਾ ਹੈ। ਇਸ ਨੂੰ ਅਵਾਰਾ ਜਾਨਵਰ ਵੀ ਨਹੀਂ ਚਰਦੇ ਅਤੇ ਇਸ ਉੱਪਰ ਕੀੜਿਆਂ ਤੇ ਬਿਮਾਰੀਆਂ ਦਾ ਹਮਲਾ ਵੀ ਨਾਮਾਤਰ ਹੀ ਹੁੰਦਾ ਹੈ।

### ਗਾਜਰ ਬੂਟੀ ਦਾ ਫ਼ੈਲਾਅ

ਗਾਜਰ ਬੂਟੀ ਬਹੁਤ ਹੀ ਹਮਲਾਵਰ ਤੇ ਤਕੜਾ ਨਦੀਨ ਹੈ, ਜੋ ਸੜਕਾਂ, ਨਹਿਰਾਂ, ਰੇਲਵੇ ਪਟੜੀਆਂ ਦੇ ਨਾਲ-ਨਾਲ, ਸੂਏ-ਕੱਸੀਆਂ ਦੇ ਨਾਲ ਵਿਹਲੀਆਂ ਥਾਵਾਂ ਅਤੇ ਕਈ ਵਾਰੀ ਖੇਤਾਂ ਵਿਚ ਵੀ ਪਾਇਆ ਜਾਂਦਾ ਹੈ। ਕਾਂਗਰਸ ਘਾਹ ਜਿੱਥੇ ਵੀ ਉੱਗਦਾ ਹੈ ਉੱਥੇ ਕਿਸੇ ਹੋਰ ਬੂਟੇ ਨੂੰ ਨਹੀਂ ਉੱਗਣ ਦਿੰਦਾ ਕਿਉਂਕਿ ਇਸ ਦੀਆਂ ਜੜ੍ਹਾਂ ਵਿੱਚੋ ਮਿੱਟੀ 'ਚ ਇਕ ਖ਼ਤਰਨਾਕ ਰਸਾਇਣ ਦਾ ਰਿਸਾਅ ਹੁੰਦਾ ਹੈ, ਜੋ ਦੂਜੇ ਬੂਟਿਆਂ ਨੂੰ ਉੱਗਣ ਨਹੀਂ ਦਿੰਦਾ।

ਇਸ ਦਾ ਵਾਧਾ ਫਰਵਰੀ ਅਖ਼ੀਰ ਤੋਂ ਸ਼ੁਰੂ ਹੋ ਕੇ ਅਕਤੂਬਰ ਦੇ ਅੰਤ ਤਕ ਹੁੰਦਾ ਰਹਿੰਦਾ ਹੈ। ਸਭ ਤੋਂ ਤੇਜ਼ ਵਾਧਾ ਜੁਲਾਈ-ਅਗਸਤ ਵਿਚ ਹੁੰਦਾ ਹੈ। ਠੰਢ ਸ਼ੁਰੂ ਹੋਣ ਨਾਲ ਇਸ ਦਾ ਵਾਧਾ ਰੁਕ ਜਾਂਦਾ ਹੈ। •

*ਸੰਪਰਕ 01822-232543*

#### ਨੁਕਸਾਨ

*ਇਸ ਨਦੀਨ ਦੇ ਮਨੁੱਖੀ ਅਤੇ ਪਸ਼ੂਆਂ ਦੀ ਸਿਹਤ 'ਤੇ ਬਹੁਤ ਮਾੜੇ ਪ੍ਰਭਾਵ ਪੈਂਦੇ ਹਨ। ਇਸ ਬੂਟੀ ਵਿਚ ਪਾਰਥੈਨਿਨ ਤੇ ਐਂਬਰੋਸਿਨ ਨਾਂ ਦੇ ਖ਼ਤਰਨਾਕ ਰਸਾਇਣ ਹੁੰਦੇ ਹਨ, ਇਸ ਲਈ ਇਸ ਦੇ ਪਰਾਗ ਕਣਾਂ ਦੇ ਸਾਹ ਰਾਹੀਂ ਫ਼ੇਫੜਿਆਂ ਵਿਚ ਜਾਣ ਨਾਲ ਇਨਸਾਨਾਂ ਵਿਚ ਸਾਹ ਨਲੀ ਦੀ ਸੋਜ਼ਿਸ਼, ਦਮਾਂ, ਜ਼ੁਕਾਮ, ਗਰਦਨ ਵਿਚ ਦਰਦ ਅਤੇ ਚਿੰਤਾ ਰੋਗ ਆਦਿ ਬਿਮਾਰੀਆਂ ਹੋ ਸਕਦੀਆਂ ਹਨ। ਇਸ ਨਦੀਨ ਦੇ ਲਗਾਤਾਰ ਸੰਪਰਕ ਵਿਚ ਆਉਣ ਨਾਲ ਚਮੜੀ ਸਬੰਧੀ ਗੰਭੀਰ ਰੋਗ ਹੋ ਸਕਦੇ ਹਨ। ਇਹ ਨਦੀਨ ਦੁਧਾਰੂ ਪਸ਼ੂਆਂ ਲਈ ਵੀ ਬਹੁਤ ਘਾਤਕ ਹੈ, ਜਿਸ ਦੇ ਮਾੜੇ ਅਸਰ ਨਾਲ ਦੁਧਾਰੂ ਪਸ਼ੂਆਂ ਨੂੰ ਚਮੜੀ ਦੀ ਖਾਰਿਸ਼, ਥਣਾਂ ਦੀ ਸੋਜ਼ ਤੇ ਵਾਲ ਝੜਨ ਵਰਗੀਆਂ ਬਿਮਾਰੀਆਂ ਹੋ ਜਾਂਦੀਆਂ ਹਨ। ਇਹ ਨਦੀਨ ਦਾਲਾਂ ਵਾਲੀਆਂ ਫ਼ਸਲਾਂ ਦੀ ਮਿੱਟੀ ਵਿਚ ਨਾਈਟਰੋਜਨ ਜਮ੍ਹਾਂ ਕਰਨ ਦੀ ਸ਼ਕਤੀ 'ਤੇ 60 ਫ਼ੀਸਦੀ ਤਕ ਮੰਦਾ ਅਸਰ ਪਾਉਂਦਾ ਹੈ। ਇਸ ਦੇ ਪਰਾਗ ਕਣ ਬੈਂਗਣ, ਟਮਾਟਰ, ਮਿਰਚਾਂ ਅਤੇ ਮੱਕੀ ਦਾ ਪਰ-ਪਰਾਗਣ ਘਟਾ ਦਿੰਦੇ ਹਨ। ਇਸ ਨਦੀਨ ਦੇ ਬੇਤਹਾਸ਼ਾ ਵਾਧੇ ਦੇ ਨਾਲ ਪਾਰਕਾਂ, ਬਾਗ਼ਾਂ ਤੇ ਰਿਹਾਇਸ਼ੀ ਕਲੋਨੀਆਂ ਦੇ ਰਾਹ ਮੱਲਣ ਕਾਰਨ ਆਉਣ-ਜਾਣ 'ਚ ਪਰੇਸ਼ਾਨੀ ਹੁੰਦੀ ਹੈ।*

#### ਰੋਕਥਾਮ

*ਇਸ ਨਦੀਨ ਦੀ ਰਸਾਇਣਕ ਤਰੀਕੇ ਨਾਲ ਰੋਕਥਾਮ 1.5 ਕਿੱਲੋ ਐਟਰਾਜ਼ੀਨ ਜਾਂ ਇਕ ਲਿਟਰ ਗਲਾਈਫੋਸੇਟ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕਾਅ ਕਰ ਕੇ ਕੀਤੀ ਜਾ ਸਕਦੀ ਹੈ। ਕੇਸੀਆ ਜਾਤੀ ਦੇ ਬੂਟੇ ਲਗਾਉਣ ਨਾਲ ਵੀ ਇਸ ਨਦੀਨ ਦਾ ਵਾਧਾ ਘੱਟ ਹੁੰਦਾ ਹੈ। ਕਾਂਗਰਸ ਘਾਹ ਨੂੰ ਖ਼ਤਮ ਕਰਨ ਲਈ ਖੇਤਾਂ ਨੂੰ ਜੂਨ ਮਹੀਨੇ ਵਿਚ ਫੁੱਲ ਪੈਣ ਤੋਂ ਪਹਿਲਾਂ ਵਾਹ ਦੇਣਾ ਚਾਹੀਦਾ ਹੈ। ਇਸ ਦੇ ਬੂਟਿਆਂ ਨੂੰ ਹੱਥਾਂ ਉੱਪਰ ਦਸਤਾਨੇ ਜਾਂ ਲਿਫ਼ਾਫ਼ੇ ਚੜ੍ਹਾ ਕੇ ਕਹੀ ਨਾਲ ਜੜ੍ਹੋਂ ਪੁੱਟ ਕੇ ਡੂੰਘੇ ਦੱਬ ਦੇਣਾ ਚਾਹੀਦਾ ਹੈ, ਜਿਸ ਦੀ ਡੇਢ ਮਹੀਨੇ ਬਾਅਦ ਗਲਣ ਉਪਰੰਤ ਕੰਪੋਸਟ ਖਾਦ ਬਣ ਜਾਂਦੀ ਹੈ। ਇਸ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਕਾਬੂ ਕਰਨ ਲਈ ਦੱਖਣੀ ਅਮਰੀਕਾ ਤੋਂ ਭਾਰਤ ਵਿਚ 1984 'ਜ਼ਜਾਈਗੋਗਰਾਮਾ ਬਾਈਕਲੋਰੇਟਾ ਨਾਂ ਦੇ ਕੀੜੇ ਨੂੰ ਲਿਆਂਦਾ ਗਿਆ ਸੀ। ਇਸ ਕੀੜੇ ਦੀਆਂ ਸੁੰਡੀਆਂ ਅਤੇ ਬਾਲਗ ਕਾਂਗਰਸ ਘਾਹ ਨੂੰ ਖਾ ਕੇ ਖ਼ਤਮ ਕਰ ਦਿੰਦੇ ਹਨ।*



---

# ਵੈਟਰਨਰੀ ਯੂਨੀਵਰਸਿਟੀ ਦਾ ਪਸ਼ੂ ਪਾਲਣ ਮੇਲਾ

*ਗਡਵਾਸੂ ਵੱਲੋਂ ਲਗਾਏ ਜਾਂਦੇ ਸਾਲਾਨਾ ਮੇਲੇ ਪਸ਼ੂ-ਪਾਲਕਾਂ ਅਤੇ ਯੂਨੀਵਰਸਿਟੀ ਦਰਮਿਆਨ ਪੁਲ ਦੀ ਭੂਮਿਕਾ ਨਿਭਾਉਂਦੇ ਹਨ। ਇਨ੍ਹਾਂ ਮੇਲਿਆਂ 'ਚ ਸ਼ਾਮਲ ਹੋ ਕੇ ਪਸ਼ੂ-ਪਾਲਕ ਜਿੱਥੇ ਡੇਅਰੀ ਫਾਰਮਿੰਗ ਤੇ ਹੋਰ ਸਹਾਇਕ ਧੰਦਿਆਂ ਬਾਰੇ ਬੁਨਿਆਦੀ ਜਾਣਕਾਰੀ ਪ੍ਰਾਪਤ ਕਰਦੇ ਹਨ, ਉੱਥੇ ਇਹ ਮੇਲੇ ਉਨ੍ਹਾਂ ਦੀ ਕਿੱਤਾਮੁਖੀ ਅਗਵਾਈ ਵੀ ਕਰਦੇ ਹਨ। ਇਸ ਵਾਰ ਯੂਨੀਵਰਸਿਟੀ ਵੱਲੋਂ 22-23 ਸਤੰਬਰ ਨੂੰ ਪਸ਼ੂ ਪਾਲਣ ਮੇਲਾ ਲਗਾਇਆ ਜਾ ਰਿਹਾ ਹੈ...*

• ਡਾ. ਹਰੀਸ਼ ਕੁਮਾਰ ਵਰਮਾ

ਗੁਰੂ ਅੰਗਦ ਦੇਵ ਵੈਟਰਨਰੀ ਐਂਡ ਐਨੀਮਲ ਸਾਇੰਸਿਜ਼ ਯੂਨੀਵਰਸਿਟੀ ਲੁਧਿਆਣਾ ਵਿਖੇ 22-23 ਸਤੰਬਰ 2017 ਨੂੰ ਪਸ਼ੂ ਪਾਲਣ ਮੇਲਾ ਲਗਾਇਆ ਜਾ ਰਿਹਾ ਹੈ। ਯੂਨੀਵਰਸਿਟੀ ਵੱਲੋਂ ਸਾਲ 'ਚ ਦੋ ਵਾਰ ਲੁਧਿਆਣਾ ਕੈਂਪਸ ਵਿਖੇ ਮਾਰਚ ਅਤੇ ਸਤੰਬਰ ਵਿਚ 'ਪਸ਼ੂ ਪਾਲਣ ਮੇਲਾ' ਲਗਾਇਆ ਜਾਂਦਾ ਹੈ। ਇਸ ਵਾਰ ਇਹ ਮੇਲਾ 22-23 ਸਤੰਬਰ ਨੂੰ ਲਗਾਇਆ ਜਾ ਰਿਹਾ ਹੈ।

### ਪ੍ਰਦਰਸ਼ਨੀਆਂ

ਇਸ ਮੇਲੇ ਵਿਚ ਵਧੀਆ ਨਸਲ ਦੇ ਜਾਨਵਰਾਂ ਜਿਵੇਂ ਮੱਝਾਂ, ਗਾਵਾਂ, ਬੱਕਰੀਆਂ, ਸੂਰ, ਖਰਗੋਸ਼, ਬਰਾਇਲਰ, ਬਟੇਰੇ, ਮੁਰਗੀਆਂ ਤੇ ਮੱਛੀਆਂ ਆਦਿ ਦੀ ਪ੍ਰਦਰਸ਼ਨੀ ਲਗਾਈ ਜਾਵੇਗੀ। ਇਸ ਤੋਂ ਇਲਾਵਾ ਮੱਝਾਂ, ਵਲਾਇਤੀ ਗਾਵਾਂ, ਬੀਟਲ ਬੱਕਰੀਆਂ, ਸਤਲੁਜ ਮੁਰਗੀਆਂ, ਆਈਬੀਐੱਲ 80 ਬਰਾਇਲਰ, ਪੰਜਾਬ ਬਟੇਰ ਆਦਿ ਵੀ ਪ੍ਰਦਰਸ਼ਿਤ ਕੀਤੇ ਜਾਣਗੇ। ਇਸ ਤੋਂ ਇਲਾਵਾ ਮਿਆਰੀ ਨਸਲ ਦੇ ਸਾਨ੍ਹਾਂ, ਝੋਟਿਆਂ, ਬੱਕਰਿਆਂ ਆਦਿ ਦੀ ਵੀ ਨੁਮਾਇਸ਼ ਲਗਾਈ ਜਾਏਗੀ। ਮਸਨੂਈ ਗਰਭਦਾਨ ਤੇ ਭਰੂਣ ਤਬਾਦਲੇ ਦੀ ਵਿਧੀ ਬਾਰੇ ਕਿਸਾਨਾਂ ਤੇ ਪਸ਼ੂ-ਪਾਲਕਾਂ ਨੂੰ ਜਾਣਕਾਰੀ ਮੁਹੱਈਆ ਕਰਵਾਈ ਜਾਵੇਗੀ। ਵੱਖ-ਵੱਖ ਕਿਸਮ ਦੇ ਪਸ਼ੂਆਂ ਲਈ ਮਿਆਰੀ ਤੇ ਸਸਤੇ ਸ਼ੈੱਡ ਬਣਾਉਣ ਬਾਰੇ ਵੀ ਜਾਣਕਾਰੀ ਦਿੱਤੀ ਜਾਵੇਗੀ। ਮਿਆਰੀ ਦੁੱਧ ਦੀ ਪੈਦਾਵਾਰ, ਚੁਆਈ ਦੇ ਸਹੀ ਤਰੀਕਿਆਂ ਤੇ ਮਸ਼ੀਨੀ ਚੁਆਈ ਬਾਰੇ ਦੱਸਿਆ ਜਾਵੇਗਾ। ਕਟੜੂ/ਵਛੜੂਆਂ ਦੇ ਸੁਚੱਜਾ ਪ੍ਰਬੰਧ ਕਰਨ ਬਾਰੇ ਮਾਹਿਰਾਂ ਵੱਲੋਂ ਜਾਣਕਾਰੀ ਦਿੱਤੀ ਜਾਵੇਗੀ। ਜਾਨਵਰਾਂ ਦੀ ਸਾਂਭ ਸੰਭਾਲ ਦੇ ਤਰੀਕਿਆਂ ਤੇ ਸੰਤੁਲਿਤ ਵੰਡ-ਦਾਣਾ ਬਣਾਉਣ ਦੀਆਂ ਤਕਨੀਕਾਂ ਬਾਰੇ ਦੱਸਿਆ ਜਾਵੇਗਾ। ਪਸ਼ੂ ਖ਼ੁਰਾਕ ਵਿਚ ਧਾਤਾਂ ਦੀ ਮਹੱਤਤਾ ਬਾਰੇ ਵੀ ਚਾਨਣਾ ਪਾਇਆ ਜਾਵੇਗਾ। ਦੁਧਾਰੂਆਂ ਲਈ ਧਾਤਾਂ ਦਾ ਮਿਸ਼ਰਣ ਸਸਤੀ ਕੀਮਤ 'ਤੇ ਉਪਲਬਧ ਹੋਵੇਗਾ। ਪਸ਼ੂ-ਪਾਲਕਾਂ ਨੂੰ 'ਯੂਰੋਮਿਨ ਚਾਟ' ਤੇ 'ਸੁਬਾਬੂਲ ਚਾਟ' ਬਣਾਉਣ ਦੀ ਵਿਧੀ ਬਾਰੇ ਵੀ ਦੱਸਿਆ ਜਾਵੇਗਾ।

### ਪਸ਼ੂ ਖ਼ੁਰਾਕ ਬਾਰੇ ਜਾਣਕਾਰੀ

ਤੂੜੀ ਅਤੇ ਪਰਾਲੀ ਦੀ ਯੂਰੀਏ ਨਾਲ ਸੋਧ ਕਰਨ ਦੀ ਵਿਧੀ ਦੱਸੀ ਜਾਵੇਗੀ। ਪਸ਼ੂ ਪਾਲਣ 'ਚ ਹਰੇ ਚਾਰੇ ਦੀ ਮਹੱਤਤਾ ਬਾਰੇ ਕਿਸਾਨਾਂ ਨੂੰ ਜਾਗਰੂਕ ਕੀਤਾ ਜਾਏਗਾ। ਵਾਧੂ ਹਰੇ ਚਾਰੇ ਨੂੰ ਲੰਬੇ ਅਰਸੇ ਤਕ ਸੰਭਾਲਣ ਦੇ ਤਰੀਕੇ ਅਤੇ ਅਚਾਰ/ਸਾਈਲੇਜ ਬਣਾਉਣ ਬਾਰੇ ਪ੍ਰਦਰਸ਼ਨੀ ਵੀ ਲਗਾਈ ਜਾਏਗੀ। ਪਸ਼ੂ ਖ਼ੁਰਾਕ ਤੇ ਖ਼ੁਰਾਕੀ ਵਸਤਾਂ ਨੂੰ ਪ੍ਰਯੋਗਸ਼ਾਲਾ ਰਾਹੀਂ ਪਰਖਣ ਦੀ ਸਹੂਲਤ ਵੀ ਮੇਲੇ ਵਿਚ ਮੁਹੱਈਆ ਕਰਵਾਈ ਜਾਵੇਗੀ। ਇਸ ਤੋਂ ਇਲਾਵਾ ਪਸ਼ੂਆਂ ਦੀਆਂ ਸਿਹਤ ਸਬੰਧੀ ਸਮੱਸਿਆਵਾਂ ਅਤੇ ਇਨ੍ਹਾਂ ਦੀ ਮੁੱਢਲੀ ਸਹਾਇਤਾ ਬਾਰੇ ਮਾਹਿਰਾਂ ਵੱਲੋਂ ਜਾਣਕਾਰੀ ਦਿੱਤੀ ਜਾਵੇਗੀ।

### ਪਸ਼ੂਆਂ ਦੀ ਸਿਹਤ ਸੰਭਾਲ

ਪਸ਼ੂਆਂ ਦੀਆਂ ਸਿਹਤ ਸਮੱਸਿਆਵਾਂ ਜਿਵੇਂ ਅਫਾਰਾ, ਮੋਕ, ਲੰਙ ਮਾਰਨਾ, ਖੁਰ ਵਧਣੇ, ਲੇਵੇ ਦੀ ਸੋਜ਼ਿਸ਼, ਲਹੂ ਮੂਤਣ, ਧਾਤਾਂ ਦੀ ਘਾਟ ਤੋਂ ਬਚਾਅ ਅਤੇ ਰੋਕਥਾਮ ਬਾਰੇ ਵੀ ਮਾਹਿਰਾਂ ਵੱਲੋਂ ਜਾਣਕਾਰੀ ਦਿੱਤੀ ਜਾਵੇਗੀ। ਮਲੱਪਾਂ ਅਤੇ ਚਿੱਚੜਾਂ ਤੋਂ ਪੈਦਾ ਹੋਣ ਵਾਲੀਆਂ ਬਿਮਾਰੀਆਂ ਦੇ ਛੁਟਕਾਰੇ ਦੇ ਉਪਾਅ ਵੀ ਦੱਸੇ ਜਾਣਗੇ। ਆਪ੍ਰੇਸ਼ਨ ਰਾਹੀਂ ਪਸ਼ੂਆਂ ਦੇ ਇਲਾਜਯੋਗ ਰੋਗਾਂ ਦੇ ਇਲਾਜ ਦੀਆਂ ਸਹੂਲਤਾਂ ਜਿਵੇਂ ਰਸੌਲੀ, ਸਰਨ, ਟੁੱਟੀ ਹੱਡੀ, ਬੰਨ੍ਹ ਪੈਣ, ਹਰਨੀਆਂ, ਪਿਸ਼ਾਬ ਦਾ ਬੰਨ੍ਹ, ਥਣ ਦਾ ਬੰਦ ਹੋਣਾ ਬਾਰੇ ਡਾਕਟਰ ਮੌਕੇ 'ਤੇ ਹੀ ਇਲਾਜ ਦੱਸਣਗੇ। ਪ੍ਰਜਨਣ ਸਬੰਧੀ ਸਮੱਸਿਆਵਾਂ ਜਿਵੇਂ ਗੂੰਗਾ ਹੇਹਾ, ਹੇਹੇ ਵਿਚ ਨਾ ਆਉਣਾ, ਵਾਰ ਵਾਰ ਫਿਰਨਾ, ਪਿੱਛਾ ਮਾਰਨਾ, ਔਖੀ ਸੁਆਈ, ਜ਼ੇਰ ਨਾ ਪੈਣਾ, ਬੱਚੇਦਾਨੀ ਦਾ ਵਲੇਵਾਂ ਆਦਿ ਦੇ ਬਚਾਅ ਤੇ ਇਲਾਜ ਬਾਰੇ ਵੀ ਜਾਣਕਾਰੀ ਮੁਹੱਈਆ ਕਰਵਾਈ ਜਾਵੇਗੀ। ਪਸ਼ੂਆਂ ਨੂੰ ਸਿਹਤਮੰਦ ਰੱਖਣ ਲਈ ਕਿਰਮ ਰਹਿਤ ਕਰਨ ਦੀ ਵਿਧੀ, ਬਿਮਾਰੀਆਂ ਦੇ ਬਚਾਅ ਲਈ ਟੀਕਾਕਰਣ ਦੇ ਢੰਗ ਤਰੀਕਿਆਂ ਅਤੇ ਸਮਾਂ ਸਾਰਣੀ ਬਾਰੇ ਜਾਗਰੂਕ ਕੀਤਾ ਜਾਏਗਾ।

ਪਸ਼ੂਆਂ ਦੀਆਂ ਬਿਮਾਰੀਆਂ ਦਾ ਕਾਰਨ ਲੱਭਣ ਲਈ ਦੁੱਧ, ਗੋਹਾ, ਖ਼ੂਨ, ਪਿਸ਼ਾਬ ਆਦਿ ਦੀ ਮੌਕੇ 'ਤੇ ਹੀ ਜਾਂਚ ਕੀਤੀ ਜਾਵੇਗੀ। ਯੂਨੀਵਰਸਿਟੀ ਦੇ ਪਸ਼ੂ ਹਸਪਤਾਲ ਵਿਚ ਮੌਜੂਦ ਇਲਾਜ, ਐਕਸਰੇ, ਅਲਟਰਾਸਾਊਂਡ, ਪ੍ਰਯੋਗਸ਼ਾਲਾ, ਪੋਸਟ ਮਾਰਟਮ ਆਦਿ ਸੇਵਾਵਾਂ ਬਾਰੇ ਚਾਨਣਾ ਪਾਇਆ ਜਾਏਗਾ। ਪਸ਼ੂਆਂ ਤੋਂ ਇਨਸਾਨਾਂ ਨੂੰ ਹੋਣ ਵਾਲੀਆਂ ਬਿਮਾਰੀਆਂ ਜਿਵੇਂ ਹਲਕਾਅ, ਤਪਦਿਕ, ਆਦਿ ਦੀ ਜਾਂਚ ਤੇ ਬਚਾਅ ਬਾਰੇ ਸੁਚੇਤ ਕੀਤਾ ਜਾਵੇਗਾ। ਚਾਰਿਆਂ ਦੇ ਜ਼ਹਿਰਬਾਦ ਤੇ ਹੋਰ ਜ਼ਹਿਰਾਂ ਤੋਂ ਬਚਾਅ ਦੀਆਂ ਵਿਧੀਆਂ ਬਾਰੇ ਜਾਣਕਾਰੀ ਸਾਂਝੀ ਕੀਤੀ ਜਾਵੇਗੀ।

### ਪਸ਼ੂ ਤੇ ਮਨੁੱਖੀ ਬਿਮਾਰੀਆਂ ਬਾਰੇ ਗਿਆਨ

ਜਾਨਵਰਾਂ ਵਿਚ ਕੀਟਨਾਸ਼ਕ ਵਰਤਣ ਦੇ ਸਹੀ ਢੰਗ ਤਰੀਕੇ ਤੇ ਸਾਵਧਾਨੀਆਂ ਬਾਰੇ ਪਸ਼ੂ ਪਾਲਕਾਂ ਨੂੰ ਤਕਨੀਕਾਂ ਦੱਸੀਆਂ ਜਾਣਗੀਆਂ। ਨਵੀਆਂ ਬਿਮਾਰੀਆਂ ਜਿਵੇਂ ਸਵਾਈਨ ਫਲੂ, ਮੈਡ ਕਾਉ ਆਦਿ ਬਾਰੇ ਗਿਆਨ ਦਿੱਤਾ ਜਾਏਗਾ। ਉੱਲੀ ਰੋਗਾਂ ਤੋਂ ਬਚਾਅ ਤੇ ਛੁਟਕਾਰੇ ਦੇ ਉਪਾਅ ਦੱਸੇ ਜਾਣਗੇ। ਮੁਰਗੀਆਂ ਦੀਆਂ ਬਿਮਾਰੀਆਂ, ਖ਼ਾਸ ਕਰਕੇ ਬਰਡ ਫਲੂ ਬਾਰੇ ਚਾਨਣਾ ਪਇਆ ਜਾਏਗਾ। ਦੁੱਧ, ਆਂਡਿਆਂ ਤੇ ਮਾਸ ਦੇ ਪਦਾਰਥ ਬਣਾਉਣ ਬਾਰੇ ਗਿਆਨ ਦਿੱਤਾ ਜਾਵੇਗਾ। ਵੱਖ-ਵੱਖ ਤਕਨੀਕਾਂ ਜਿਵੇਂ ਥਣਾਂ ਨੂੰ ਡੋਬਾ ਦੇਣਾ, ਦੁੱਧ ਦੀ ਸਹੀ ਚੁਆਈ, ਖੁਰਾਂ ਦੀ ਕਟਾਈ ਆਦਿ ਬਾਰੇ ਪ੍ਰਦਰਸ਼ਨੀ ਲਗਾਈ ਜਾਏਗੀ। ਐਮਰਜੈਂਸੀ ਲਈ ਯੂਨੀਵਰਸਿਟੀ ਤੋਂ ਉਪਲੱਬਧ ਸਹਾਇਤਾ ਤੇ ਐਂਬੂਲੈਂਸ ਦੀ ਸਹੂਲਤ ਬਾਰੇ ਜਾਣਕਾਰੀ ਮੁਹੱਈਆ ਕਰਵਾਈ ਜਾਵੇਗੀ।

### ਨਵੀਆਂ ਤਕਨੀਕਾਂ ਦੇ ਰੂ-ਬ-ਰੂ

ਮੇਲੇ ਵਿੱਚ ਆਏ ਪਸ਼ੂ ਪਾਲਕਾਂ ਦੀਆਂ ਸਮੱਸਿਆਵਾਂ ਸਬੰਧੀ ਪੁੱਛੇ ਸਵਾਲਾਂ ਦੇ ਜੁਵਾਬ ਦੇਣ ਲਈ ਵੱਖਰੇ ਸਵਾਲ-ਜੁਆਬ ਸੈਸ਼ਨ ਦਾ ਪ੍ਰਬੰਧ ਕੀਤਾ ਗਿਆ ਹੈ। ਪਸ਼ੂਧਨ ਨਾਲ ਸਬੰਧਤ ਵੱਖ-ਵੱਖ ਸਰਕਾਰੀ ਵਿਭਾਗਾਂ ਜਿਵੇਂ ਪਸ਼ੂ ਪਾਲਣ ਵਿਭਾਗ, ਡੇਅਰੀ ਵਿਕਾਸ ਵਿਭਾਗ, ਮੱਛੀ ਪਾਲਣ ਵਿਭਾਗ, ਮਿਲਕਫੈੱਡ, ਮਾਰਕਫੈੱਡ ਵੀ ਆਪਣੇ ਵਿਭਾਗਾਂ ਦੀਆਂ ਸਹੂਲਤਾਂ ਬਾਰੇ ਦੱਸਣਗੇ। ਨੁਮਾਇਸ਼ ਵਿੱਚ ਦਵਾਈਆਂ, ਖ਼ੁਰਾਕ ਤੇ ਮਸ਼ੀਨਾਂ ਬਣਾਉਣ ਵਾਲੀਆਂ ਕੰਪਨੀਆਂ ਆਪੋ ਆਪਣੇ ਉਤਪਾਦਾਂ ਬਾਰੇ ਜਾਣਕਾਰੀ ਦੇਣਗੀਆਂ। ਯੂਨੀਵਰਸਿਟੀ ਦੇ ਸਹਿਯੋਗ ਅਧੀਨ ਕੰਮ ਕਰਦੀਆਂ ਪਸ਼ੂ ਪਾਲਕਾਂ ਦੀਆਂ ਜਥੇਬੰਦੀਆਂ ਵੀ ਮੇਲੇ ਵਿਚ ਆਪਣੇ ਸਟਾਲ ਸਜਾਉਣਗੀਆਂ। ਯੂਨੀਵਰਸਿਟੀ ਵਿਚ ਪੜ੍ਹਾਈ ਕਰਨ ਅਤੇ ਦਾਖ਼ਲੇ ਸਬੰਧੀ ਵੀ ਜਾਣਕਾਰੀ ਦਿੱਤੀ ਜਾਵੇਗੀ। •



#### ਪਸ਼ੂ ਪਾਲਣ ਤੇ ਸਹਾਇਕ ਧੰਦਿਆਂ ਬਾਰੇ ਜਾਣਕਾਰੀ

*ਮੇਲੇ ਵਿਚ ਪਸ਼ੂ ਪਾਲਣ, ਮੱਛੀ ਪਾਲਣ, ਝੀਂਗਾ ਮੱਛੀ ਤੇ ਸਜਾਵਟੀ ਮੱਛੀਆਂ ਦੀ ਸਾਂਭ ਸੰਭਾਲ, ਬਿਮਾਰੀਆਂ ਤੇ ਕਿੱਤਾ ਕਰਨ ਬਾਰੇ ਮਾਹਿਰਾਂ ਵੱਲੋਂ ਜਾਣਕਾਰੀ ਦਿੱਤੀ ਜਾਵੇਗੀ। ਪਾਲਤੂ ਜਾਨਵਰਾਂ ਕੁੱਤੇ, ਬਿੱਲੀਆਂ ਅਦਿ ਨੂੰ ਦੀ ਸਾਂਭ ਸੰਭਾਲ ਬਾਰੇ ਜਾਣਕਾਰੀ ਦਿੱਤੀ ਜਾਏਗੀ। ਪਸ਼ੂ ਪਾਲਣ, ਬੱਕਰੀ ਪਾਲਣ, ਸੂਰ ਪਾਲਣ, ਮੁਰਗੀ, ਬਟੇਰ, ਬਰਾਇਲਰ ਪਾਲਣ ਤੇ ਮੱਛੀ ਪਾਲਣ ਆਦਿ ਧੰਦਿਆਂ ਬਾਰੇ ਲਗਾਏ ਜਾਣ ਵਾਲੇ ਸਿਖਲਾਈ ਕੋਰਸਾਂ 'ਚ ਦਾਖ਼ਲੇ ਬਾਰੇ ਵੀ ਸੂਚਿਤ ਕੀਤਾ ਜਾਵੇਗਾ। ਪਸ਼ੂ ਪਾਲਣ ਧੰਦਿਆਂ ਨੂੰ ਵਿਗਿਆਨਕ ਤਰੀਕੇ ਨਾਲ ਕਰਨ ਲਈ ਕਿਤਾਬਾਂ ਤੇ ਰਸਾਲੇ ਸਸਤੀ ਕੀਮਤ 'ਤੇ ਉਪਲੱਬਧ ਹੋਣਗੇ।*



# ਡਿਪਟੀ ਕਮਿਸ਼ਨਰ ਵੱਲੋਂ ਤਿਉਹਾਰਾਂ ਦੇ ਸੀਜ਼ਨ ਮੌਕੇ ਫੂਡ ਸੇਫਟੀ ਬਾਰੇ ਸਖ਼ਤ ਚੌਕਸੀ ਦੇ ਨਿਰਦੇਸ਼

**➢ ਫੂਡ ਸੇਫਟੀ ਟੀਮਾਂ ਨੂੰ ਨਾਗਰਿਕਾਂ ਲਈ ਸੁਰੱਖਿਅਤ ਤੇ ਗੁਣਵੱਤਾ ਵਾਲੀਆਂ ਖਾਣ-ਪੀਣ ਦੀਆਂ ਵਸਤਾਂ ਦੀ ਉਪਲਬਧਤਾ ਯਕੀਨੀ ਬਣਾਉਣ ਦੇ ਨਿਰਦੇਸ਼ ➢ ਦੁੱਧ, ਮਠਿਆਈਆਂ, ਘਿਓ ਤੇ ਪਨੀਰ ਦੇ ਨਮੂਨੇ ਲੈਣ ਦੇ ਆਦੇਸ਼; ਖਪਤਕਾਰਾਂ ਦੀ ਜਾਗਰੂਕਤਾ ਉਤੇ ਜ਼ੋਰ**

**ਪਟਿਆਲਾ, 14 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਤਿਉਹਾਰਾਂ ਦੇ ਸੀਜ਼ਨ ਦੇ ਮੱਦੇਨਜ਼ਰ, ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਜ਼ਿਲ੍ਹੇ ਭਰ ਵਿੱਚ ਭੋਜਨ ਸੁਰੱਖਿਆ ਅਤੇ ਸਫਾਈ ਦੇ ਮਿਆਰਾਂ ਦੀ ਸਮੀਖਿਆ ਕਰਨ ਲਈ ਇੱਕ ਮਹੱਤਵਪੂਰਨ ਮੀਟਿੰਗ ਕੀਤੀ।ਉਨ੍ਹਾਂ ਨੇ ਫੂਡ ਸੇਫਟੀ ਟੀਮਾਂ ਨੂੰ ਨਾਗਰਿਕਾਂ ਲਈ ਸਿਰਫ਼ ਸੁਰੱਖਿਅਤ ਅਤੇ ਉਚ ਗੁਣਵੱਤਾ ਵਾਲੀਆਂ ਖਾਣ-ਪੀਣ ਦੀਆਂ ਵਸਤਾਂ ਹੀ ਉਪਲਬਧ ਕਰਵਾਉਣ ਦੇ ਸਖ਼ਤ ਨਿਰਦੇਸ਼ ਜਾਰੀ ਕੀਤੇ।



ਸੁਰੱਖਿਅਤ ਭੋਜਨ ਅਤੇ ਸਿਹਤਮੰਦ ਖੁਰਾਕ ਬਾਰੇ ਮੀਟਿੰਗ ਦੀ ਪ੍ਰਧਾਨਗੀ ਕਰਦੇ ਹੋਏ, ਡਾ. ਪ੍ਰੀਤੀ ਯਾਦਵ ਨੇ ਜ਼ਿਲ੍ਹਾ ਸਿਹਤ ਅਧਿਕਾਰੀ ਡਾ. ਗੁਰਪ੍ਰੀਤ ਕੌਰ, ਫੂਡ ਸੇਫਟੀ ਅਫਸਰਾਂ ਜਸਵਿੰਦਰ ਸਿੰਘ ਅਤੇ ਗੌਰਵ ਕੁਮਾਰ ਨੂੰ ਭੋਜਨ ਪਦਾਰਥਾਂ ਵਿੱਚ ਮਿਲਾਵਟ ਵਿਰੁੱਧ ਸਖ਼ਤੀ ਵਰਤਣ ਦੇ ਆਦੇਸ਼ ਦਿੱਤੇ।ਉਨ੍ਹਾਂ ਨੇ ਕਿਹਾ ਕਿ ਇਸ ਸੀਜਨ ਵਿੱਚ ਖਾਸ ਕਰਕੇ ਦੁੱਧ ਅਤੇ ਦੁੱਧ ਉਤਪਾਦਾਂ, ਘਿਓ, ਪਨੀਰ ਅਤੇ ਮਠਿਆਈਆਂ ਦੀ ਜ਼ਿਆਦਾ ਖਪਤ ਹੁੰਦੀ ਹੈ, ਇਸ ਲਈ ਇਨ੍ਹਾਂ ਵਸਤਾਂ ਵਿੱਚ ਮਿਲਾਵਟ ਵਿਰੁੱਧ 24 ਘੰਟੇ ਚੌਕਸੀ ਬਣਾਈ ਰੱਖੀ।ਉਨ੍ਹਾਂ ਹਦਾਇਤ ਕੀਤੀ ਕਿ ਨਮੂਨੇ ਲੈਣ ਅਤੇ ਜਾਂਚ ਨੂੰ ਤੇਜ਼ ਕੀਤਾ ਜਾਵੇ ਅਤੇ ਭੋਜਨ ਉਤਪਾਦਾਂ ਦੇ ਸਰੋਤ ਅਤੇ ਸਪਲਾਈ ਲੜੀ ਦਾ ਪੂਰੀ ਤਰ੍ਹਾਂ ਪਤਾ ਲਗਾਇਆ ਜਾਵੇ ਅਤੇ ਵੱਡੀਆਂ ਸਵੀਟਸ ਸ਼ਾਪ ਦੇ ਮਾਲਕਾਂ ਨੂੰ ਵੀ ਸੁਚੇਤ ਕੀਤਾ ਜਾਵੇ ਕਿ ਉਹ ਇਹ ਪਤਾ ਲਗਾਉਣ ਕਿ ਉਨ੍ਹਾਂ ਕੋਲ ਦੁੱਧ ਤੇ ਪਨੀਰ ਆਦਿ ਕਿਸ ਸਰੋਤ ਤੋਂ ਆ ਰਿਹਾ ਹੈ।

ਡਿਪਟੀ ਕਮਿਸ਼ਨਰ ਨੇ ਜ਼ੋਰ ਦੇ ਕੇ ਕਿਹਾ ਕਿ ਮਠਿਆਈਆਂ ਅਤੇ ਹੋਰ ਖਾਣ-ਪੀਣ ਦੀਆਂ ਵਸਤਾਂ ਵਿੱਚ ਨਕਲੀ ਰੰਗਾਂ ਅਤੇ ਗੈਰ-ਇਜਾਜ਼ਤ ਵਾਲੇ ਐਡਿਟਿਵਜ਼ ਦੀ ਵਰਤੋਂ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਣਾ ਚਾਹੀਦਾ ਹੈ। ਉਨ੍ਹਾਂ ਇਹ ਵੀ ਨਿਰਦੇਸ਼ ਦਿੱਤੇ ਕਿ ਫੂਡ ਬਿਜ਼ਨਸ ਪਰੇਟਰਾਂ, ਸਵੀਟ ਸ਼ਾਪਸ ਦੇ ਵੱਡੇ ਕਾਰੋਬਾਰੀਆਂ ਅਤੇ ਆਮ ਜਨਤਾ ਦੋਵਾਂ ਲਈ ਸੁਰੱਖਿਅਤ ਤੇ ਸ਼ੁੱਧ ਭੋਜਨ ਪ੍ਰਦਾਨ ਕਰਨ ਅਤੇ ਮਿਲਾਵਟਖੋਰੀ ਨੂੰ ਰੋਕਣ ਲਈ ਜਾਗਰੂਕਤਾ ਮੁਹਿੰਮ ਚਲਾਈ ਜਾਵੇ।

ਡਾ. ਪ੍ਰੀਤੀ ਯਾਦਵ ਨੇ ਅੱਗੇ ਹਦਾਇਤ ਕੀਤੀ ਕਿ ਸਰਕਾਰੀ ਅਤੇ ਨਿੱਜੀ ਸਕੂਲਾਂ ਵਿੱਚ ਸਾਰੀਆਂ ਮਿਡ-ਡੇਅ ਮੀਲ ਰਸੋਈਆਂ ਨੂੰ ਫੂਡ ਸੇਫਟੀ ਐਂਡ ਸਟੈਂਡਰਡਜ਼ ਐਕਟ ਤਹਿਤ ਲਾਜ਼ਮੀ ਤੌਰ ਉਤੇ ਰਜਿਸਟਰ ਕੀਤਾ ਜਾਵੇ, ਅਤੇ ਜ਼ਿਲ੍ਹੇ ਦੇ ਸਾਰੇ ਆਂਗਣਵਾੜੀ ਕੇਂਦਰਾਂ ਦੀ ਇਸੇ ਤਰ੍ਹਾਂ ਦੀ ਰਜਿਸਟ੍ਰੇਸ਼ਨ ਜਲਦੀ ਤੋਂ ਜਲਦੀ ਪੂਰੀ ਕੀਤੀ ਜਾਵੇ।

ਉਨ੍ਹਾਂ ਕਿਹਾ ਕਿ ਭੋਜਨ ਸੁਰੱਖਿਆ ਨੂੰ ਯਕੀਨੀ ਬਣਾਉਣਾ ਸਿਰਫ਼ ਇੱਕ ਲਾਗੂ ਕਰਨ ਵਾਲੀ ਗਤੀਵਿਧੀ ਨਹੀਂ ਹੈ, ਸਗੋਂ ਇੱਕ ਸਮੂਹਿਕ ਸਮਾਜਿਕ ਜ਼ਿੰਮੇਵਾਰੀ ਹੈ। ਉਨ੍ਹਾਂ ਨੇ ਸਾਰੇ ਵਿਭਾਗਾਂ ਨੂੰ ਤਿਉਹਾਰਾਂ ਦੇ ਸਮੇਂ ਦੌਰਾਨ ਜਨਤਕ ਸਿਹਤ ਦੀ ਰੱਖਿਆ ਲਈ ਤਾਲਮੇਲ ਵਿੱਚ ਕੰਮ ਕਰਨ ਦੀ ਹਦਾਇਤ ਕੀਤੀ।

ਮੀਟਿੰਗ ਦੌਰਾਨ ਸਿਹਤ ਵਿਭਾਗ, ਸਿੱਖਿਆ ਵਿਭਾਗ, ਨਗਰ ਨਿਗਮ ਅਤੇ ਸਥਾਨਕ ਸਰਕਾਰਾਂ ਦੇ ਅਧਿਕਾਰੀਆਂ ਦੇ ਨਾਲ ਵੀਡੀਓ ਕਾਨਫਰੰਸਿੰਗ ਰਾਹੀਂ ਐਸਡੀਐਮ ਅਤੇ ਸਿਵਲ ਸਰਜਨ ਨੇ ਸ਼ਿਰਕਤ ਕੀਤੀ।

# 574 ਥਾਂਵਾ ਤੇ ਮਿਲੇ ਲਾਰਵੇ ਨੂੰ ਸਿਹਤ ਵਿਭਾਗ ਦੀਆਂ ਟੀਮਾਂ ਵੱਲੋਂ ਮੌਕੇ ਤੇ ਹੀ ਨਸ਼ਟ ਕਰਵਾ ਦਿੱਤਾ ਗਿਆ

**ਪਟਿਆਲਾ, 14 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸਿਵਲ ਸਰਜਨ ਡਾ.ਜਗਪਾਲਇੰਦਰ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਡੇਂਗੂ ਤੋਂ ਬਚਾਅ ਲਈ ਹਰੇਕ ਸ਼ੁੱਕਰਵਾਰ ਮਨਾਏ ਜਾ ਰਹੇ ਡਰਾਈ-ਡੇਅ ਤਹਿਤ ਸਿਹਤ ਵਿਭਾਗ ਦੀਆਂ ਟੀਮਾਂ ਵੱਲੋਂ ਗਲੀ / ਮੁਹੱਲਿਆਂ ਵਿਚ ਘਰ ਘਰ ਜਾ ਕੇ ਪਾਣੀ ਦੇ ਖੜ ਸਰੋਤਾਂ ਦੀ ਚੈਕਿੰਗ ਕੀਤੀ ਗਈ। ਇਸ ਮੌਕੇ ਨਰਸਿੰਗ ਵਿਦਿਆਰਥਨਾਂ ਅਤੇ ਆਸ਼ਾ ਵਰਕਰਾਂ ਵੱਲੋਂ ਵੀ ਭਾਗ ਲਿਆ ਗਿਆ। ਅੱਜ ਖਾਸ ਤੌਰ ਤੇ ਜਿਲ੍ਹਾ ਪਟਿਆਲਾ ਅਧੀਨ ਆਉਂਦੇ ਪਲਾਂਟ ਨਰਸਰੀਆਂ, ਖਾਲੀ ਪਲਾਟ ਅਤੇ ਉਸਾਰੀ ਅਧੀਨ ਇਮਾਰਤਾਂ ਦੀ ਚੈਕਿੰਗ ਕੀਤੀ ਗਈ।



ਸਿਵਲ ਸਰਜਨ ਡਾ.ਜਗਪਾਲਇੰਦਰ ਸਿੰਘ 2/ ਆਖਿਆ ਕਿ ਪਟਿਆਲਾ ਦੇ ਸਾਰੇ ਸਰਕਾਰੀ ਹਸਪਤਾਲਾਂ ਵਿੱਚ ਡੇਂਗੂ ਦੇ ਇਲਾਜ ਸਬੰਧੀ ਪ੍ਰਬੰਧ ਮੁਕੰਮਲ ਹਨ ਅਤੇ ਲੋੜੀਂਦੀਆਂ ਹਰੇਕ ਤਰ੍ਹਾਂ ਦੀਆਂ ਦਵਾਈਆਂ ਮੌਜੂਦ ਹਨ ਤੇ ਸਾਰੇ ਇਲਾਕਿਆਂ ਵਿੱਚ ਸਿਹਤ ਵਿਭਾਗ ਦੀਆਂ ਟੀਮਾਂ ਪੂਰੀ ਚੌਕਸੀ ਨਾਲ ਕੰਮ ਕਰ ਰਹੀਆਂ ਹਨ। ਉਨ੍ਹਾਂ ਆਖਿਆ ਕਿ ਪਾਣੀ ਨੂੰ ਕਿਤੇ ਖੜ੍ਹਾ ਨਾ ਹੋਣ ਦਿੱਤਾ ਜਾਵੇ ਤੇ ਜੇ ਕਿਤੇ ਪਾਣੀ ਖੜ੍ਹਾ ਰਹਿ ਵੀ ਜਾਂਦਾ ਹੈ ਤਾਂ ਪਾਣੀ ਦੇ ਖੜ੍ਹੇ ਸਰੋਤਾਂ ਵਿੱਚ ਕਾਲਾ ਤੇਲ ਪਾ ਦਿੱਤਾ ਜਾਵੇ। ਜੇ ਕਿਸੇ ਨੂੰ ਤੇਜ਼ ਬੁਖਾਰ, ਸਿਰਦਰਦ, ਅੱਖਾਂ ਦੇ ਪਿਛਲੇ ਹਿੱਸੇ ਵਿੱਚ ਦਰਦ ਮਹਿਸੂਸ ਹੁੰਦਾ ਹੈ ਤੇ ਸਾਰੇ ਸ਼ਰੀਰ ਵਿੱਚ ਦਰਦ ਹੁੰਦਾ ਹੈ ਤਾਂ ਨਜ਼ਦੀਕੀ ਸਿਹਤ ਕੇਂਦਰ ਵਿੱਚ ਜਾ ਕੇ ਡੇਂਗੂ ਸਬੰਧੀ ਜਾਂਚ ਕਰਵਾਈ ਜਾਵੇ।

ਜਿਲ੍ਹਾ ਐਪੀਡੇਮੋਲੋਜਿਸਟ ਡਾ.ਸੁਮੀਤ ਸਿੰਘ ਨੇ ਆਖਿਆ ਕਿ ਇਸ ਵਾਰੀ ਸਮੁੱਚੇ ਪਟਿਆਲਾ ਜਿਲ੍ਹੇ ਵਿੱਚ ਹੁਣ ਤੱਕ 279 ਡੇਂਗੂ ਦੇ ਕੇਸ ਪਾਏ ਗਏ ਹਨ। ਉਨ੍ਹਾਂ ਦੱਸਿਆ ਕਿ ਇਸ ਹਫਤੇ ਜਿਲ੍ਹੇ ਭਰ ਦੇ 40092 ਘਰਾਂ ਵਿਚ ਪਹੁੰਚ ਕੇ ਡੇਂਗੂ ਲਾਰਵੇ ਦੀ ਚੈਕਿੰਗ ਕੀਤੀ ਗਈ ਅਤੇ 574 ਥਾਂਵਾ ਤੇ ਮਿਲੇ ਲਾਰਵੇ ਨੂੰ ਟੀਮਾਂ ਵੱਲੋਂ ਮੌਕੇ ਤੇ ਹੀ ਨਸ਼ਟ ਕਰਵਾ ਦਿੱਤਾ ਗਿਆ। ਉਨ੍ਹਾਂ ਅੱਗੇ ਦੱਸਿਆ ਕਿ ਹੁਣ ਤੱਕ ਸਿਹਤ ਟੀਮਾਂ ਵੱਲੋਂ ਡਰਾਈ ਡੇਅ ਮੁਹਿੰਮ ਤਹਿਤ 930171 ਘਰਾਂ ਦਾ ਸਰਵੇ ਕੀਤਾ ਜਾ ਚੁੱਕਾ ਹੈ, ਜਿਨ੍ਹਾਂ ਵਿੱਚ 9007 ਥਾਂਵਾ ਤੇ ਮਿਲੇ ਲਾਰਵਾ ਨੂੰ ਮੌਕੇ ਤੇ ਹੀ ਨਸ਼ਟ ਕਰਵਾ ਦਿੱਤਾ ਗਿਆ ਹੈ ਅਤੇ ਸਬੰਧਤ ਪਰਿਵਾਰਾਂ ਨੂੰ ਅਗਾਂਹ ਲਈ ਬਚਾਅ ਸਬੰਧੀ ਜਾਗਰੂਕ ਕੀਤਾ ਗਿਆ। ਉਹਨਾਂ ਆਖਿਆ ਕਿ ਡੇਂਗੂ ਬੁਖਾਰ ਫੈਲਾਉਣ ਵਾਲੇ ਮੱਛਰਾਂ ਦੀ ਪੈਦਾਵਾਰ ਦਾ ਇਹ ਸਿਖਰ ਸਮਾਂ ਹੈ ਇਸ ਲਈ ਦਿਨ ਦੇ ਸਮੇਂ ਜਾਲੀ ਵਾਲੇ ਖਿੜਕੀ ਦਰਵਾਜੇ ਬੰਦ ਰੱਖੇ ਜਾਣ, ਦਿਨ ਵੇਲੇ ਮੱਛਰ ਭਜਾਉਣ ਵਾਲੀ ਰਿਪੈਲੇਂਟ ਜਿਵੇਂ ਕਿ ਆਲ-ਆਉਟ ਆਦਿ ਲਗਾਏ ਜਾਣ।

# ਨਵੰਬਰ ਮਹੀਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਲਾਸਾਨੀ ਸ਼ਹਾਦਤ ਨੂੰ ਸਮਰਪਿਤ ਪਟਿਆਲਾ 'ਚ ਹੋਣਗੇ ਵੱਡੇ ਸਮਾਗਮ : ਡਾ. ਪ੍ਰੀਤੀ ਯਾਦਵ

**ਡੀ.ਸੀ. ਵੱਲੋਂ 350 ਸਾਲਾ ਸ਼ਹੀਦੀ ਸ਼ਤਾਬਦੀ ਬਾਬਤ ਕੀਰਤਨ ਸਮਾਗਮ ਤੇ ਧਾਰਮਿਕ ਯਾਤਰਾ ਦੀ ਆਮਦ ਦੇ ਪ੍ਰਬੰਧਾਂ ਦਾ ਜਾਇਜ਼ਾ**

**ਪਟਿਆਲਾ, 14 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਦੇ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਪੰਜਾਬ ਸਰਕਾਰ ਵੱਲੋਂ ਨੌਵੇਂ ਪਾਤਸ਼ਾਹ ਤੇ ਹਿੰਦ ਦੀ ਚਾਦਰ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਮਨਾਉਣ ਲਈ ਯਾਦਗਾਰੀ ਸਮਾਗਮ ਕਰਵਾਉਣ ਦੇ ਕੀਤੇ ਫੈਸਲੇ ਤਹਿਤ ਪਟਿਆਲਾ ਜ਼ਿਲ੍ਹੇ ਵਿੱਚ ਨਵੰਬਰ ਮਹੀਨੇ ਹੋਣ ਵਾਲੇ ਵੱਡੇ ਸਮਾਗਮਾਂ ਦੀਆਂ ਤਿਆਰੀਆਂ ਦਾ ਜਾਇਜ਼ਾ ਲਿਆ।



ਜ਼ਿਲ੍ਹਾ ਸੱਭਿਆਚਾਰਕ ਸੁਸਾਇਟੀ ਦੀ ਬੈਠਕ ਦੀ ਪ੍ਰਧਾਨਗੀ ਕਰਦਿਆਂ ਡਾ. ਪ੍ਰੀਤੀ ਯਾਦਵ ਨੇ ਦੱਸਿਆ ਕਿ ਨਵੰਬਰ ਮਹੀਨੇ ਦੌਰਾਨ ਪਟਿਆਲਾ ਵਿਖੇ ਜਿੱਥੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਨੂੰ ਨਤਮਸਤਕ ਹੋਣ ਲਈ ਇੱਕ ਵਿਸ਼ੇਸ਼ ਕੀਰਤਨ ਸਮਾਗਮ ਕਰਵਾਇਆ ਜਾਵੇਗਾ ਉਥੇ ਹੀ ਬਾਕੀ ਸਬ ਡਵੀਜ਼ਨਾਂ ਵਿਖੇ ਵੀ ਕੀਰਤਨ ਸਮਾਗਮ ਤੇ ਕਵੀ ਦਰਬਾਰ ਆਯੋਜਿਤ ਕੀਤੇ ਜਾਣਗੇ।ਇਸ ਤੋਂ ਬਿਨ੍ਹਾਂ 20 ਨਵੰਬਰ ਨੂੰ ਸ੍ਰੀ ਤਲਵੰਡੀ ਸਾਬੋ (ਬਠਿੰਡਾ) ਤੋਂ ਚੱਲਣ ਵਾਲੀ ਧਾਰਮਿਕ ਯਾਤਰਾ ਰਾਤ ਨੂੰ ਪਟਿਆਲਾ ਵਿਖੇ ਪੁੱਜੇਗੀ ਤੇ ਵਿਸ਼ਰਾਮ ਕਰੇਗੀ।

ਇਨ੍ਹਾਂ ਸਮੁੱਚੇ ਸਮਾਗਮਾਂ ਲਈ ਸੰਗਤ ਦੀ ਸਹੂਲਤ ਲਈ ਕੀਤੇ ਜਾਣ ਵਾਲੇ ਪ੍ਰਬੰਧਾਂ ਬਾਰੇ ਸਮੂਹ ਅਧਿਕਾਰੀਆਂ ਨੂੰ ਹਦਾਇਤਾਂ ਜਾਰੀ ਕਰਦਿਆਂ ਡਾ.ਪ੍ਰੀਤੀ ਯਾਦਵ ਨੇ ਦੱਸਿਆ ਕਿ ਪਟਿਆਲਾ ਸ੍ਰੀ ਗੁਰੂ ਤੇਗ ਬਹਾਦਰ ਜੀ ਤੋਂ ਵਰੋਸਾਇਆ ਸ਼ਹਿਰ ਹੈ, ਕਿਉਂਕਿ ਗੁਰੂ ਸਾਹਿਬ ਦੀ ਚਰਨ ਛੋਹ ਵਾਲੇ ਸਭ ਤੋਂ ਵਧੇਰੇ 36 ਅਸਥਾਨ ਪਟਿਆਲਾ ਜ਼ਿਲ੍ਹੇ ਅੰਦਰ ਸਥਿਤ ਹਨ, ਜਿਨ੍ਹਾਂ ਦੇ ਚਹੁੰਪੱਖੀ ਵਿਕਾਸ ਲਈ ਵੱਡੇ ਪ੍ਰਾਜੈਕਟ ਉਲੀਕੇ ਗਏ ਹਨ। ਉਨ੍ਹਾਂ ਨੇ ਸਮੂਹ ਸੰਗਤ ਨੂੰ ਇਨ੍ਹਾਂ ਸਮਾਗਮਾਂ ਵਿੱਚ ਹੁੰਮ-ਹੁਮਾ ਕੇ ਸ਼ਮੂਲੀਅਤ ਕਰਨ ਦੀ ਬੇਨਤੀ ਕੀਤੀ।

ਡਾ. ਪ੍ਰੀਤੀ ਯਾਦਵ ਨੇ ਕਿਹਾ ਕਿ ਗੁਰੂ ਤੇਗ ਬਹਾਦਰ ਸਾਹਿਬ ਦੀ ਕੁਰਬਾਨੀ ਵਰਗੀ ਮਿਸਾਲ ਦੁਨੀਆਂ ਵਿੱਚ ਹੋਰ ਕਿਧਰੇ ਨਹੀ ਮਿਲਦੀ, ਜਿਸ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਸਮੂਹ ਸੰਗਤ ਦੇ ਸਹਿਯੋਗ ਨਾਲ ਗੁਰੂ ਸਾਹਿਬਾਨ ਦੇ ਫ਼ਲਸਫ਼ੇ ਨੂੰ ਦੁਨੀਆਂ ਦੇ ਕੋਨੇ-ਕੋਨੇ ਤੱਕ ਪਹੁੰਚਾਉਣ ਲਈ ਵੱਡੇ ਪ੍ਰੋਗਰਾਮ ਉਲੀਕ ਰਹੀ ਹੈ।ਇਸ ਲਈ ਜ਼ਿਲ੍ਹਾ ਪ੍ਰਸ਼ਾਸਨ ਆਪਣੀ ਜ਼ਿੰਮੇਵਾਰੀ ਪੂਰੀ ਤਨਦੇਹੀ ਤੇ ਪੂਰੀ ਅਕੀਦਤ ਨਾਲ ਇਕ ਸ਼ਰਧਾਲੂ ਦੀ ਤਰ੍ਹਾਂ ਨਿਭਾਉਣ ਲਈ ਤਤਪਰ ਹੈ।

ਡਿਪਟੀ ਕਮਿਸ਼ਨਰ ਨੇ ਸਮੂਹ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਸਮਾਗਮਾਂ ਦੇ ਪ੍ਰਬੰਧਾਂ 'ਚ ਕੋਈ ਕਮੀ ਨਾ ਛੱਡੀ ਜਾਵੇ। ਉਨ੍ਹਾਂ ਨੇ ਸਫ਼ਾਈ, ਸੜਕਾਂ ਦੀ ਮੁਰੰਮਤ, ਸੰਗਤਾਂ ਦੀ ਰਿਹਾਇਸ਼, ਪਾਰਕਿੰਗ ਤੇ ਸਜਾਵਟ ਸਮੇਤ ਹੋਰ ਪ੍ਰਬੰਧਾਂ ਬਾਰੇ ਵਿਸਥਾਰ 'ਚ ਚਰਚਾ ਕੀਤੀ ਤੇ ਲੋੜੀਂਦੀਆਂ ਹਦਾਇਤਾਂ ਜਾਰੀ ਕੀਤੀਆਂ। ਇਸ ਮੌਕੇ ਏ.ਡੀ.ਸੀਜ ਦਮਨਜੀਤ ਸਿੰਘ ਮਾਨ, ਨਵਰੀਤ ਕੌਰ ਸੇਖੋਂ ਤੇ ਸਿਮਰਪ੍ਰੀਤ ਕੌਰ, ਐਸ.ਪੀ ਵੈਭਵ ਚੌਧਰੀ, ਅੱਛਰੂ ਰਾਮ, ਐਸ.ਡੀ.ਐਮਜ ਡਾ. ਇਸਮਤ ਵਿਜੇ ਸਿੰਘ, ਕਿਰਪਾਲਵੀਰ ਸਿੰਘ, ਹਰਜੋਤ ਕੌਰ, ਰਿਚਾ ਗੋਇਲ ਸਮੇਤ ਲੋਕ ਨਿਰਮਾਣ, ਨਗਰ ਨਿਗਮ ਤੇ ਹੋਰ ਵਿਭਾਗਾਂ ਦੇ ਜ਼ਿਲ੍ਹਾ ਅਧਿਕਾਰੀ ਵੀ ਮੌਜੂਦ ਸਨ।

# ਬ੍ਰਿਟਿਸ਼ ਕੋ ਐਡ ਸਕੂਲ ਦੇ ਲੜਕਿਆਂ ਨੇ ਬਲਾਕ ਪੱਧਰੀ ਫੁੱਟਬਾਲ ਟੂਰਨਾਮੈਂਟ ਵਿੱਚ ਜਿੱਤਿਆ ਗੋਲਡ ਮੈਡਲ



**ਪਟਿਆਲਾ, 14 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਬਲਾਕ ਪਟਿਆਲਾ-2 ਦਾ ਬਲਾਕ ਪੱਧਰੀ ਫੁੱਟਬਾਲ ਟੂਰਨਾਮੈਂਟ ਸਰਕਾਰੀ ਐਲੀਮੈਂਟਰੀ ਸਕੂਲ ਅਰਾਈ ਮਾਜਰਾ ਪਟਿਆਲਾ ਵਿਖੇ ਕਰਵਾਇਆ ਗਿਆ। ਇਸ ਟੂਰਨਾਮੈਂਟ ਵਿੱਚ ਵੱਖ-ਵੱਖ ਸੈਂਟਰਾਂ ਦੀਆਂ ਟੀਮਾਂ ਨੇ ਭਾਗ ਲਿਆ। ਟੂਰਨਾਮੈਂਟ ਦੇ ਸਾਰੇ ਹੀ ਮੈਚ ਬਹੁਤ ਹੀ ਰੋਮਾਂਚਕ ਰਹੇ। ਲੜਕਿਆਂ ਦੇ ਅੰਡਰ-11 ਫੁੱਟਬਾਲ ਟੂਰਨਾਮੈਂਟ ਦਾ ਫਾਈਨਲ ਮੁਕਾਬਲਾ ਸੈਂਟਰ ਮਲਟੀਪਰਪਜ਼ ਅਤੇ ਸੈਂਟਰ ਵਿਕਟੋਰੀਆਂ ਵਿਚਕਾਰ ਹੋਇਆ। ਸੈਂਟਰ ਵਿਕਟੋਰੀਆਂ ਨੇ ਸੈਂਟਰ ਮਲਟੀਪਰਪਜ਼ ਨੂੰ 1-0 ਦੇ ਗੋਲ ਅੰਤਰ ਨਾਲ ਹਰਾ ਕੇ ਗੋਲਡ ਮੈਡਲ ਹਾਸਲ ਕੀਤਾ। ਸੈਂਟਰ ਵਿਕਟੋਰੀਆ ਦੀ ਅੰਡਰ-11 ਲੜਕਿਆਂ ਦੀ ਟੀਮ ਵਿੱਚ ਬ੍ਰਿਟਿਸ਼ ਕੋ ਐਡ ਸਕੂਲ ਦਾ ਮਨਕੀਰਤ ਸਿੰਘ ਮੱਲਣ, ਰਿਤਿਸ਼ ਸਿੰਗਲਾ, ਰੁਦਰ ਸ਼ਰਮਾ, ਗੁਰਨਿਵਾਜ਼ ਸਿੰਘ, ਜੈਕਸ ਅਗਰਵਾਲ, ਉਦੇਵੀਰ ਸਿੰਘ, ਜਪਤੇਸ ਸਿੰਘ, ਪ੍ਰਭਗੀਤ ਸਿੰਘ, ਆਦਵਿਕ ਗੋਇਲ, ਲਵਰਾਜ ਸਿੰਘ, ਸੂਰਜ ਸਿੰਘ ਸਿੱਧੂ ਅਤੇ ਗੁਰਵੰਸ਼ ਸਿੰਘ ਮਾਟਾ ਸ਼ਾਮਲ ਸਨ। ਸ੍ਰੀਮਤੀ ਮਮਤਾ ਰਾਣੀ ਜੀ (ਪੀ.ਟੀ.ਆਈ., ਸਰਕਾਰੀ ਮਿਡਲ ਸਕੂਲ ਖੇੜੀ ਗੁੱਜਰਾਂ, ਪਟਿਆਲਾ) ਨੇ ਕਿਹਾ ਕਿ ਬਲਾਕ ਪਟਿਆਲਾ-2 ਵਿਖੇ ਪ੍ਰਾਇਮਰੀ ਖੇਡਾਂ ਅਤੇ ਖੇਡਾਂ ਵਿੱਚ ਭਾਗ ਲੈਣ ਵਾਲੇ ਸਾਰੇ ਖਿਡਾਰੀਆਂ ਦੀ ਰਿਫਰੈਸ਼ਮੈਂਟ ਦਾ ਬਹੁਤ ਵਧੀਆ ਪ੍ਰਬੰਧ ਕੀਤਾ ਗਿਆ ਹੈ। ਮਿਸ ਸੰਦੀਪ ਕੌਰ ਜੀ (ਟੀਚਰ, ਬ੍ਰਿਟਿਸ਼ ਕੋ ਐਡ ਸਕੂਲ ਪਟਿਆਲਾ) ਨੇ ਕਿਹਾ ਕਿ ਉਹਨਾਂ ਦੇ ਸਕੂਲ ਦੇ ਖਿਡਾਰੀ ਪਿਛਲੇ ਕਾਫੀ ਸਮੇਂ ਤੋਂ ਇਸ ਟੂਰਨਾਮੈਂਟ ਦੀ ਤਿਆਰੀ ਕਰ ਰਹੇ ਸਨ, ਜਿਸ ਦੇ ਨਤੀਜੇ ਵੱਜੋਂ ਉਹਨਾਂ ਨੂੰ ਇਹ ਸਫਲਤਾ ਮਿਲੀ ਹੈ। ਮਿਸ ਕਿਰਨਜੋਤ ਕੌਰ ਜੀ (ਟੀਚਰ, ਬ੍ਰਿਟਿਸ਼ ਕੋ ਐਡ ਸਕੂਲ ਪਟਿਆਲਾ) ਨੇ ਕਿਹਾ ਕਿ ਉਹਨਾਂ ਨੂੰ ਆਸ ਹੈ ਕਿ ਉਹਨਾਂ ਦੇ ਸਕੂਲ ਦੇ ਖਿਡਾਰੀ ਜ਼ਿਲ੍ਹਾ ਪੱਧਰੀ ਖੇਡਾਂ ਵਿੱਚ ਵੀ ਚੰਗਾ ਪ੍ਰਦਰਸ਼ਨ ਕਰਨਗੇ। ਇਸ ਮੌਕੇ ਤੇ ਸ੍ਰੀ ਮਨਪ੍ਰੀਤ ਸਿੰਘ, ਸ੍ਰੀ ਪੂਰਨ ਸਿੰਘ,ਸ੍ਰੀ ਆਦਰਸ਼ ਬਾਂਸਲ, ਸ੍ਰੀ ਜਸਪਿੰਦਰ ਸਿੰਘ, ਮਿਸ ਸ਼ੈਲੀ, ਸ੍ਰੀ ਅਮਨਦੀਪ ਸਿੰਘ ਅਤੇ ਹੋਰ ਅਧਿਆਪਕ ਮੌਜੂਦ ਸਨ।

# ਸਰਕਾਰ ਪਟਿਆਲਾ-ਸਰਹਿੰਦ ਸੜਕ ਨੂੰ ਚੌੜਾ ਕਰਨ ਦੇ ਕਾਰਜ ਨੂੰ ਜਲਦ ਮੁਕੰਮਲ ਕਰੇ : ਪ੍ਰੋ. ਬਡੂੰਗਰ

**ਪਟਿਆਲਾ, 14 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਸਰਕਾਰ ਵੱਲੋਂ ਪਟਿਆਲਾ-ਸਰਹਿੰਦ ਸੜਕ ਨੂੰ ਚੌੜਾ ਕਰਨ ਦੇ ਕਾਰਜ ਦੀ ਸ਼ਲਾਘਾ ਕਰਦਿਆਂ ਇਸ ਕੰਮ ਨੂੰ ਜਲਦ ਮੁਕੰਮਲ ਕਰਨ ਲਈ ਆਖਿਆ ਹੈ।



ਸਾਬਕਾ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਕਿਹਾ ਕਿ ਪਟਿਆਲਾ-ਸਰਹਿੰਦ ਸੜਕ ਨੂੰ ਚੌੜਾ ਕਰਨ ਦਾ ਕੰਮ ਕਈ ਮਹੀਨਿਆਂ ਤੋਂ ਚੱਲ ਰਿਹਾ ਹੈ ਅਤੇ ਜੇਕਰ ਸਰਕਾਰ ਇਸ ਸੜਕ ਦੇ ਕੰਮ ਨੂੰ ਸ਼ਹੀਦੀ ਜੋੜ ਮੇਲ ਤੋਂ ਪਹਿਲਾਂ 30 ਨਵੰਬਰ ਤੱਕ ਮੁਕੰਮਲ ਕਰ ਲਵੇ ਤਾਂ ਅਚਾਨਕ ਵਾਪਰਦੇ ਸੜਕ ਹਾਦਸੇ ਅਤੇ ਹਾਦਸੇ ਦੌਰਾਨ ਅਜਾਈਂ ਜਾਂਦੀਆਂ ਕੀਮਤੀ ਜਾਨਾਂ ਨੂੰ ਬਚਾਇਆ ਜਾ ਸਕਦਾ ਹੈ। ਪ੍ਰੋ. ਬਡੂੰਗਰ ਨੇ ਕਿਹਾ ਕਿ ਪਿਛਲੇ ਸਮਿਆਂ ਵਿਚ ਅਨੇਕਾਂ ਹੀ ਸੜਕ ਹਾਦਸੇ ਇਸ ਤੰਗ ਸੜਕ ਕਾਰਨ ਵਾਪਰੇ ਹਨ।

ਉਨ੍ਹਾਂ ਕਿਹਾ ਕਿ ਸਰਕਾਰ ਸੜਕ ਨੂੰ ਚੌੜਾ ਕਰਨ ਦੇ ਕੰਮ ਦੇ ਨਾਲ ਨਾਲ ਇਸ ਸੜਕ ਉਪਰ ਡਿਵਾਈਡਰ ਨੂੰ ਵੀ ਬਣਵਾ ਦੇਵੇ ਤਾਂ ਜੋ ਇਸ ਸੜਕ ਉਪਰੋਂ ਲੰਘਦੇ ਤੇਜ਼ ਗਤੀ ਵਾਲੇ ਵਾਹਨ ਅਤੇ ਮੁਸਾਫਰ ਆਪੋ ਆਪਣੀਆਂ ਮੰਜਿਲ੍ਹਾਂ ਤੇ ਸਮੇਂ ਸਿਰ ਪੁੱਜ ਜਾਣ।

ਪ੍ਰੋ. ਬਡੂੰਗਰ ਨੇ ਸਰਕਾਰ ਦੇ ਧਿਆਨ ਵਿਚ ਇਹ ਵੀ ਲਿਆਂਦਾ ਹੈ ਕਿ ਜਿਥੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਸਮਾਗਮ ਕਰਵਾ ਰਹੀ ਅਤੇ ਇਸ ਸਬੰਧ ਵਿਚ ਵੱਖ ਵੱਖ ਥਾਵਾਂ ਤੋਂ ਨਗਰ ਕੀਰਤਨ ਵੀ ਕੱਢੇ ਜਾ ਰਹੇ ਹਨ, ਜਿਸ ਤਹਿਤ ਸਰਕਾਰ ਵੀ 350 ਸਾਲਾਂ ਸ਼ਹੀਦੀ ਸਮਾਗਮਾਂ ਦੇ ਕਾਰਜਾਂ ਵਿਚ ਜੁਟੀ ਨਜ਼ਰ ਆ ਰਹੀ ਹੈ। ਸਾਬਕਾ ਪ੍ਰਧਾਨ ਪ੍ਰੋ. ਬਡੂੰਗਰ ਨੇ ਕਿਹਾ ਕਿ ਇਸ ਨਾਲੋਂ ਵੀ ਚੰਗਾ ਹੋਵੇਗਾ ਕਿ ਸਰਕਾਰ ਪਟਿਆਲਾ-ਸਰਹਿੰਦ ਰੋਡ ਦਾ ਨਾਮ ਵੀ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਮਾਰਗ ਐਲਾਨ ਦੇਵੇ, ਜਿਸ ਨਾਲ ਸਰਕਾਰ ਵੱਲੋਂ ਕੀਤਾ ਜਾਣਾ ਵਾਲਾ ਇਹ ਵੀ ਕਾਰਜ ਸਦੀਵੀ ਯਾਦਗਾਰੀ ਕਾਰਜ ਹੋ ਨਿਬੜੇਗਾ। ਪ੍ਰੋ. ਬਡੂੰਗਰ ਨੇ ਅਪੀਲ ਕਰਦਿਆਂ ਕਿਹਾ ਕਿ ਸਰਕਾਰ ਪਟਿਆਲਾ-ਸਰਹਿੰਦ ਮਾਰਗ ਦੇ ਸੜਕੀ ਕਾਰਜ ਨੂੰ ਜਲਦ ਮੁਕੰਮਲ ਕਰੇ ਅਤੇ ਇਸ ਮਾਰਗ ਦਾ ਨਾਮ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਨਾਮ ਹੇਠ ਸਮਰਪਿਤ ਕਰ ਦੇਵੇ।

**ਤਰਨ ਤਾਰਨ ਜ਼ਿਮਨੀ ਚੋਣ ਦੀਆਂ ਤਿਆਰੀਆਂ ਦਾ ਜਾਇਜ਼ਾ**

# ਪੰਜਾਬ ਦੇ ਮੁੱਖ ਚੋਣ ਅਧਿਕਾਰੀ ਸਿਬਿਨ ਸੀ ਵੱਲੋਂ ਤਰਨ ਤਾਰਨ ਦੇ ਡਿਪਟੀ ਕਮਿਸ਼ਨਰ ਅਤੇ ਐੱਸ.ਐੱਸ.ਪੀ ਨਾਲ ਸਮੀਖਿਆ ਮੀਟਿੰਗ

**ਚੰਡੀਗੜ੍ਹ, 14 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਮੁੱਖ ਚੋਣ ਅਧਿਕਾਰੀ ਸਿਬਿਨ ਸੀ ਨੇ ਤਰਨ ਤਾਰਨ ਸੀਟ ਦੀ ਜ਼ਿਮਨੀ ਚੋਣ ਦੀਆਂ ਤਿਆਰੀਆਂ ਦਾ ਜਾਇਜ਼ਾ ਲੈਣ ਲਈ ਸ਼ੁੱਕਰਵਾਰ ਨੂੰ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ- ਕਮ- ਜ਼ਿਲ੍ਹਾ ਚੋਣ ਅਧਿਕਾਰੀ ਰਾਹੁਲ, ਐੱਸ.ਐੱਸ.ਪੀ ਡਾ. ਰਵਜੋਤ ਗਰੇਵਾਲ ਅਤੇ ਹੋਰ ਜ਼ਿਲ੍ਹਾ ਅਧਿਕਾਰੀਆਂ ਨਾਲ ਵੀਡਿਓ ਕਾਨਫਰੰਸਿੰਗ ਜ਼ਰੀਏ ਮੀਟਿੰਗ ਕੀਤੀ।




ਮੀਟਿੰਗ ਦੌਰਾਨ ਸਿਬਿਨ ਸੀ ਨੇ ਤਰਨ ਤਾਰਨ ਸੀਟ ਦਾ ਇਲਾਕਾ ਕੌਮਾਂਤਰੀ ਸਰਹੱਦੀ ਨਾਲ ਲੱਗਦੇ ਹੋਣ ਕਰਕੇ ਵਧੇਰੇ ਚੌਕਸੀ ਵਧਾਉਣ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਕਿਹਾ ਕਿ ਵੋਟਾਂ ਤੋਂ 72, 48 ਅਤੇ 24 ਘੰਟਿਆਂ ਤੋਂ ਲੈ ਕੇ ਚੋਣ ਪ੍ਰਕਿਰਿਆ ਮੁਕੰਮਲ ਹੋਣ ਤੱਕ ਹਰ ਗਤੀਵਿਧੀ ਉੱਤੇ ਨਜ਼ਰ ਰੱਖੀ ਜਾਵੇ। ਉਨ੍ਹਾਂ ਨਿਰਦੇਸ਼ ਦਿੱਤੇ ਕਿ ਚੋਣ ਜ਼ਾਬਤਾ ਸਖਤੀ ਨਾਲ ਲਾਗੂ ਕੀਤਾ ਜਾਵੇ ਅਤੇ ਚੋਣ ਜ਼ਾਬਤੇ ਦੀ ਉਲੰਘਣਾ ਨਾਲ ਸਬੰਧਤ ਸ਼ਿਕਾਇਤਾਂ ਨੂੰ ਵੀ ਸਮਾਂਬੱਧ ਤਰੀਕੇ ਨਾਲ ਨਿਪਟਾਇਆ ਜਾਵੇ।

ਮੁੱਖ ਚੋਣ ਅਧਿਕਾਰੀ ਨੇ ਜ਼ਿਲ੍ਹਾ ਚੋਣ ਅਧਿਕਾਰੀ ਨੂੰ ਪੋਲਿੰਗ ਬੂਥਾਂ, ਕਾਊਂਟਿੰਗ ਹਾਲ ਅਤੇ ਸਟਰਾਂਗ ਰੂਮ ਵਿੱਚ ਢੁਕਵੇਂ ਪ੍ਰਬੰਧ ਤੇ ਸੁਰੱਖਿਆ ਯਕੀਨੀ ਬਣਾਉਣ ਲਈ ਕਿਹਾ। ਇਸ ਤੋਂ ਇਲਾਵਾ ਉਨ੍ਹਾਂ ਨੇ ਵੋਟਰਾਂ ਦੀ ਸਹੂਲਤ ਲਈ ਪੋਲਿੰਗ ਬੂਥਾਂ ▼ਤੇ ਪੀਣ ਵਾਲੇ ਪਾਣੀ, ਵੇਟਿੰਗ ਏਰੀਆ, ਪਖਾਨਿਆਂ ਅਤੇ ਦਿਵਿਆਂਗ ਵੋਟਰਾਂ ਲਈ ਵ੍ਹੀਲ ਚੇਅਰਾਂ ਆਦਿ ਦੀ ਸਹੂਲਤ ਮੁਹੱਈਆ ਕਰਵਾਉਣ ਦੇ ਨਿਰਦੇਸ਼ ਦਿੱਤੇ। ਸਿਬਿਨ ਸੀ ਨੇ ਜ਼ਿਲ੍ਹਾ ਚੋਣ ਅਧਿਕਾਰੀ ਨੂੰ ਕੈਮਰੇ ਲਗਾ ਕੇ 100 ਫ਼ੀਸਦੀ ਵੈੱਬਕਾਸਟਿੰਗ ਯਕੀਨੀ ਬਣਾਉਣ ਅਤੇ ਸਵੀਪ ਗਤੀਵਿਧੀਆਂ ਵਧਾਉਣ ਲਈ ਕਿਹਾ ਤਾਂ ਜੋ ਵੋਟਰਾਂ ਦੀ ਭਾਗੀਦਾਰੀ ਨੂੰ ਵਧਾਇਆ ਜਾ ਸਕੇ।

ਸਿਬਿਨ ਸੀ ਨੇ ਐੱਸਐੱਸਪੀ ਨੂੰ ਸਖ਼ਤੀ ਵਧਾਉਣ ਅਤੇ ਨਾਕਿਆਂ ਉੱਤੇ ਸੀਸੀਟੀਵੀ ਕੈਮਰਿਆਂ ਦੀ ਮਦਦ ਨਾਲ ਨਿਗਰਾਨੀ ਰੱਖਣ ਦੇ ਆਦੇਸ਼ ਦਿੱਤੇ ਤਾਂ ਜੋ ਡਰੱਗ, ਸ਼ਰਾਬ, ਨਕਦੀ ਅਤੇ ਹੋਰ ਸਮਾਨ ਦੀ ਗੈਰ-ਕਾਨੂੰਨੀ ਤਸਕਰੀ ਉੱਤੇ ਨੱਥ ਪਾਈ ਜਾ ਸਕੇ। ਉਨ੍ਹਾਂ ਅੱਗੇ ਕਿਹਾ ਕਿ ਵੋਟਾਂ ਦੌਰਾਨ ਵੋਟਰਾਂ ਨੂੰ ਭਰਮਾਉਣ ਲਈ ਜੇਕਰ ਕੋਈ ਨਕਦੀ ਜਾਂ ਕਿਸੇ ਹੋਰ ਤਰ੍ਹਾਂ ਦਾ ਸਮਾਨ (ਫ੍ਰੀ ਬੀਜ਼) ਵੰਡਣ ਦੀ ਕੋਸ਼ਿਸ਼ ਕਰਦਾ ਹੈ ਤਾਂ ਉਸ ਖਿਲਾਫ਼ ਤੁਰੰਤ ਕਾਰਵਾਈ ਕੀਤੀ ਜਾਵੇ। ਉਨ੍ਹਾਂ ਸੀ-ਵਿਜ਼ਿਲ ਐਪ ਪ੍ਰਤੀ ਲੋਕਾਂ ਵਿੱਚ ਵੱਧ ਤੋਂ ਵੱਧ ਜਾਗਰੂਕਤਾ ਫੈਲਾਉਣ ਦੇ ਨਿਰਦੇਸ਼ ਵੀ ਦਿੱਤੇ ਤਾਂ ਜੋ ਵੋਟਰ ਬਿਨਾਂ ਡਰ-ਭੈਅ ਦੇ ਇਸ ਐਪ ਉੱਤੇ ਸ਼ਿਕਾਇਤ ਦਰਜ ਕਰਵਾ ਸਕਣ।

ਮੀਟਿੰਗ ਦੌਰਾਨ ਜ਼ਿਲ੍ਹਾ ਚੋਣ ਅਧਿਕਾਰੀ ਅਤੇ ਐੱਸ.ਐੱਸ.ਪੀ ਨੇ ਦੱਸਿਆ ਕਿ ਵੋਟਿੰਗ ਲਈ ਕੁੱਲ 114 ਥਾਵਾਂ ਉੱਤੇ 222 (ਸ਼ਹਿਰੀ 60 ਅਤੇ ਪੇਂਡੂ 162) ਪੋਲਿੰਗ ਬੂਥ ਬਣਾਏ ਗਏ ਹਨ। ਇਨ੍ਹਾਂ ਵਿੱਚੋਂ ਹੁਣ ਤੱਕ 100 ਪੋਲਿੰਗ ਬੂਥਾਂ ਨੂੰ ਸੰਵੇਦਨਸ਼ੀਲ ਐਲਾਨਿਆ ਗਿਆ ਹੈ। ਇਸ ਤੋਂ ਇਲਾਵਾ ਕੌਮਾਂਤਰੀ ਸਰਹੱਦ ਨੇੜਲੇ ਪਿੰਡਾਂ ਵਿੱਚ ਇੱਕ ਦਰਜਨ ਤੋਂ ਵੱਧ ਪੋਲਿੰਗ ਬੂਥ ਬਣਾਏ ਗਏ ਹਨ, ਜਿਨ੍ਹਾਂ ਉੱਤੇ ਸਖਤ ਸੁਰੱਖਿਆ ਪ੍ਰਬੰਧ ਕੀਤੇ ਜਾਣਗੇ। ਉਨ੍ਹਾਂ ਦੱਸਿਆ ਕਿ ਹੁਣ ਤੱਕ 1435 ਪੁਲਿਸ ਮੁਲਾਜ਼ਮ ਅਤੇ ਹੋਰ ਸੁਰੱਖਿਆ ਬਲ ਤਾਇਨਾਤ ਕੀਤੇ ਜਾ ਚੁੱਕੇ ਹਨ।

ਜ਼ਿਲ੍ਹਾ ਅਧਿਕਾਰੀਆਂ ਨੇ ਦੱਸਿਆ ਕਿ ਸੁਰੱਖਿਆ ਬੰਦੋਬਸਤ ਮਜ਼ਬੂਤ ਕਰਨ ਦੇ ਮਕਸਦ ਨਾਲ ਕਪੂਰਥਲਾ ਅਤੇ ਅੰਮ੍ਰਿਤਸਰ ਜ਼ਿਲ੍ਹਿਆਂ ਨਾਲ ਲੱਗਦੀ ਸਰਹੱਦ ਉੱਤੇ 6 ਨਾਕੇ ਹੁਣ ਤੋਂ ਹੀ ਲਗਾ ਦਿੱਤੇ ਗਏ ਹਨ, ਜਿੱਥੇ 24 ਘੰਟੇ ਹਰ ਗਤੀਵਿਧੀ ▼ਤੇ ਤਿੱਖੀ ਨਜ਼ਰ ਰੱਖੀ ਜਾ ਰਹੀ ਹੈ। । ਕਿਸੇ ਵੀ ਤਰ੍ਹਾਂ ਦੀ ਸ਼ਿਕਾਇਤ ਦਰਜ ਕਰਵਾਉਣ ਲਈ 1950 ਨੰਬਰ ਚਾਲੂ ਕਰ ਦਿੱਤਾ ਗਿਆ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਹਲਕੇ ਵਿੱਚ ਕਿਸੇ ਵੀ ਤਰ੍ਹਾਂ ਦੀ ਗਤੀਵਿਧੀ ਉੱਤੇ ਨਜ਼ਰ ਰੱਖਣ ਲਈ 6 ਫਲਾਇੰਗ ਸਕੁਐਡ ਦੀਆਂ ਟੀਮਾਂ ਅਤਿ ਆਧੁਨਿਕ ਗੱਡੀਆਂ ਸਮੇਤ ਸੜਕਾਂ ਉੱਤੇ 24 ਘੰਟੇ ਨਿਗਰਾਨੀ ਕਰ ਰਹੀਆਂ ਹਨ।

ਉਨ੍ਹਾਂ ਕਿਹਾ ਕਿ ਚੋਣ ਕਮਿਸ਼ਨ ਦੀਆਂ ਹਦਾਇਤਾਂ ਤੇ ਨਿਯਮਾਂ ਅਨੁਸਾਰ ਜ਼ਿਮਨੀ ਚੋਣ ਨੂੰ ਨੇਪਰੇ ਚਾੜ੍ਹਿਆ ਜਾਵੇਗਾ। ਹਲਕੇ ਵਿੱਚ 9 ਮਾਡਲ ਪੋਲਿੰਗ ਬੂਥ ਅਤੇ ਮਹਿਲਾਵਾਂ ਨੂੰ ਸਮਰਪਿਤ 3 ਪੋਲਿੰਗ ਬੂਥ ਬਣਾਏ ਜਾਣਗੇ।

# ਸ਼ੋਰ ਪ੍ਰਦੂਸ਼ਨ ਨੂੰ ਬੰਦ ਕਰਵਾਉਣ 'ਚ ਪ੍ਰਸ਼ਾਸਨ ਹੋ ਰਿਹੈ ਨਕਾਮ ਸਾਬਤ

**ਪਾਤੜਾਂ, 14 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪਾਤੜਾਂ ਸ਼ਹਿਰ ਅੰਦਰ ਟੈਂਪੂਆਂ ਤੇ ਫਰੂਟ ਲੱਦੀ ਫਿਰਦੇ ਉੱਚੀ ਉੱਚੀ ਅਵਾਜ਼ ਵਿੱਚ ਲਗਾਏ ਸਪੀਕਰ ਸ਼ਹਿਰ ਵਾਸੀਆਂ ਲਈ ਸਿਰਦਰਦੀ ਦਾ ਕਾਰਨ ਬਣੇ ਹੋਏ ਹਨ ਜਿਸ ਨੂੰ ਪ੍ਰਸ਼ਾਸਨ ਬੰਦ ਕਰਾਉਣ ਵਿੱਚ ਨਕਾਮ ਸਾਬਤ ਹੋ ਰਿਹਾ ਹੈ। ਸ਼ਹਿਰ ਵਾਸੀਆਂ ਦਾ ਕਹਿਣਾ ਹੈ ਕਿ ਹਰ ਰੋਜ਼ ਦਿਨ ਚੜਦੇ ਹੀ ਜਾਖਲ ਰੋਡ ਅਤੇ ਪਟਿਆਲਾ ਰੋਡ ਤੇ ਬਿਨਾਂ ਕਿਸੇ ਮਨਜ਼ੂਰੀ ਦੇ ਟੈਂਪੂਆਂ ਤੇ ਫਰੂਟ ਅਤੇ ਸਬਜ਼ੀਆਂ ਲੱਦ ਕੇ ਉੱਚੀ ਆਵਾਜ਼ ਵਿੱਚ ਲਗਾਏ ਹੋਏ ਸਪੀਕਰ ਜਿੱਥੇ ਸੋਰ ਪ੍ਰਦੂਸ਼ਣ ਫੈਲਾ ਰਹੇ ਹਨ ਉਥੇ ਹਾਦਸਿਆਂ ਨੂੰ ਵੀ ਸੱਦਾ ਦੇ ਰਹੇ ਹਨ।

# ਚੇਅਰਮੈਨ ਰਣਜੋਧ ਹਡਾਣਾ ਐਕਸ਼ਨ ਮੋਡ 'ਚ, ਨਜਾਇਜ਼ ਕਬਜਾ ਧਾਰਕਾਂ 'ਤੇ ਕਰਵਾਈ ਮੌਕੇ 'ਤੇ ਕਾਰਵਾਈ

**ਪਟਿਆਲਾ, 14 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਹਲਕਾ ਸਨੌਰ ਦੀ ਸਬਜ਼ੀ ਮੰਡੀ ਵਿਖੇ ਹਲਕਾ ਇੰਚਾਰਜ ਸਨੌਰ ਅਤੇ ਚੇਅਰਮੈਨ ਪੀ ਆਰ ਟੀ ਸੀ ਰਣਜੋਧ ਹਡਾਣਾ ਵੱਲੋਂ ਆੜਤੀ ਵੈਲਫੇਅਰ ਸੁਸਾਇਟੀ ਦੇ ਨੁਮਾਂਇੰਦਿਆਂ ਅਤੇ ਮੰਡੀ ਦੇ ਹੋਰ ਵਪਾਰੀਆਂ ਨਾਲ ਪ੍ਰਬੰਧਾਂ ਨੂੰ ਲੈ ਕੇ ਵਿਸ਼ੇਸ਼ ਗੱਲਬਾਤ ਕੀਤੀ ਗਈ। ਹਡਾਣਾ ਨੇ ਮੰਡੀ ਅੰਦਰ ਮੌਜੂਦ ਗੰਦਗੀ ਅਤੇ ਨਜਾਇਜ ਕਬਜਿਆਂ ਨੂੰ ਹਟਾਉਣ ਦੇ ਵੀ ਸਖ਼ਤ ਨਿਰਦੇਸ਼ ਦਿੱਤੇ। ਉਨ੍ਹਾਂ ਸਬੰਧਤ ਅਧਿਕਾਰੀਆਂ ਨੂੰ ਵੀ ਸਪੱਸ਼ਟ ਸ਼ਬਦਾਂ ਵਿੱਚ ਕਿਹਾ ਕਿ ਮੰਡੀ ਦੀ ਸਫਾਈ ਅਤੇ ਪ੍ਰਬੰਧਾਂ ਵਿੱਚ ਕੋਈ ਵੀ ਢਿੱਲ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਹਡਾਣਾ ਨੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕਿਹਾ ਕਿ ਮੰਡੀ ਵਿੱਚ ਜਿੱਥੇ ਵੀ ਨਜਾਇਜ਼ ਕਬਜ਼ਿਆਂ ਨੂੰ ਖਾਲੀ ਕਰਵਾ ਕੇ ਮੰਡੀ ਨੂੰ ਸਾਫ਼-ਸੁਥਰਾ ਰੱਖਣ ਲਈ ਬਣਦੀ ਜਲਦ ਕਾਰਵਾਈ ਕਰਨ ਦੇ ਨਿਰਦੇਸ਼ ਜਾਰੀ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਮੰਡੀ ਕਿਸੇ ਇੱਕ ਵਿਅਕਤੀ ਦੀ ਨਹੀਂ, ਸਗੋਂ ਸਾਰੇ ਆੜ੍ਹਤੀਆਂ ਅਤੇ ਕਿਸਾਨ ਭਰਾਵਾਂ ਦੀ ਸਾਂਝੀ ਜਗ੍ਹਾ ਹੈ, ਇਸ ਲਈ ਇਸਦੀ ਸੰਭਾਲ ਸਾਂਝੀ ਜ਼ਿੰਮੇਵਾਰੀ ਹੈ।



ਉਨ੍ਹਾਂ ਮੰਡੀ ਵਿੱਚ ਰੌਸ਼ਨੀ ਦੇ ਪ੍ਰਬੰਧਾਂ ਬਾਰੇ ਗੱਲਬਾਤ ਕਰਦਿਆਂ ਕਿਹਾ ਕਿ ਰਾਤ ਦੇ ਸਮੇਂ ਮੰਡੀ ਵਿੱਚ ਪੂਰੀ ਰੌਸ਼ਨੀ ਹੋਣੀ ਚਾਹੀਦੀ ਹੈ ਤਾਂ ਜੋ ਕਿਸਾਨਾਂ ਅਤੇ ਖਰੀਦਦਾਰਾਂ ਨੂੰ ਕੋਈ ਮੁਸ਼ਕਲ ਨਾ ਆਵੇ। ਇਸ ਲਈ ਉਨ੍ਹਾਂ ਨੇ ਸਬੰਧਤ ਅਧਿਕਾਰੀਆਂ ਨੂੰ ਵੀ ਲਾਈਟਾਂ ਦੀ ਜਾਂਚ ਕਰਕੇ ਤੁਰੰਤ ਬਦਲਣ ਦੇ ਵੀ ਆਦੇਸ਼ ਦੇ ਦਿੱਤੇ ਹਨ. ਇਸ ਮੌਕੇ ਹਡਾਣਾ ਨੇ ਮੰਡੀ ਦੇ ਵਿਕਾਸ ਦੇ ਬਾਕੀ ਰਹਿੰਦੇ ਕੰਮਾਂ ਦੀ ਵੀ ਸਮੀਖਿਆ ਕੀਤੀ। ਉਨ੍ਹਾਂ ਨੇ ਦਾਅਵਾ ਕੀਤਾ ਕਿ ਸਾਰੇ ਬਕਾਇਆ ਕੰਮ ਜਲਦ ਹੀ ਪੂਰੇ ਕੀਤੇ ਜਾਣਗੇ ਤਾਂ ਜੋ ਮੰਡੀ ਵਿੱਚ ਆਉਣ ਵਾਲੇ ਕਿਸਾਨਾਂ ਨੂੰ ਸੁਵਿਧਾਵਾਂ ਮਿਲ ਸਕਣ।

ਚੇਅਰਮੈਨ ਨੇ ਮੰਡੀ ਦੇ ਸਾਰੇ ਨੁਮਾਇੰਦਿਆਂ ਨੂੰ ਇਕੱਠੇ ਬੈਠ ਕੇ ਮਿਲਜੁਲ ਕੇ ਕੰਮ ਕਰਨ ਦੀ ਅਪੀਲ ਕੀਤੀ। ਉਨ੍ਹਾਂ ਨੇ ਕਿਹਾ ਕਿ ਜਦੋਂ ਸਾਰੇ ਇਕਮੱਤ ਹੋ ਕੇ ਚੱਲਣਗੇ, ਤਦ ਹੀ ਸਾਰੀ ਮੰਡੀ ਦਾ ਚਿਹਰਾ ਬਦਲਿਆ ਜਾ ਸਕਦਾ ਹੈ ਅਤੇ ਕਿਸਾਨਾਂ ਲਈ ਵਧੀਆ ਵਾਤਾਵਰਣ ਬਣਾਇਆ ਜਾ ਸਕਦਾ ਹੈ। ਉਨ੍ਹਾਂ ਨੇ ਕਿਹਾ ਕਿ ਮੰਡੀ ਸਿਰਫ਼ ਕਾਰੋਬਾਰ ਦੀ ਜਗ੍ਹਾ ਨਹੀਂ ਸਗੋਂ ਕਿਸਾਨਾਂ ਦੀ ਆਸ ਤੇ ਆਮਦਨ ਦਾ ਕੇਂਦਰ ਹੈ, ਇਸਦੀ ਸੰਭਾਲ ਤੇ ਵਿਕਾਸ ਸਭ ਦੀ ਜ਼ਿੰਮੇਵਾਰੀ ਹੈ। ਅੰਤ ਵਿੱਚ ਉਨ੍ਹਾਂ ਨੇ ਚੇਤਾਵਨੀ ਦਿੱਤੀ ਕਿ ਲਾਪਰਵਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ ਅਤੇ ਜਿਹੜਾ ਵੀ ਕਰਮਚਾਰੀ ਜਾਂ ਵਿਅਕਤੀ ਮੰਡੀ ਦੀ ਸਫ਼ਾਈ ਜਾਂ ਪ੍ਰਬੰਧਾਂ ਵਿੱਚ ਰੁਕਾਵਟ ਪੈਦਾ ਕਰੇਗਾ, ਉਸ ਖ਼ਿਲਾਫ਼ ਸਖ਼ਤ ਕਾਰਵਾਈ ਹੋਵੇਗੀ।

# ਕਾਗ਼ਜ਼ੀ ਕਾਰਵਾਈ ਦੀ ਲੋੜ ਖ਼ਤਮ ਹੋਈ, ਆਟੋ-ਫੈਚਿੰਗ ਨਾਲ ਹੁਣ ਦਸਤਾਵੇਜ਼ ਵਾਰ-ਵਾਰ ਜਮ੍ਹਾਂ ਨਹੀਂ ਕਰਾਉਣੇ ਪੈਣਗੇ: ਅਮਨ ਅਰੋੜਾ

**ਚੰਡੀਗੜ੍ਹ, 14 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਸੁਚੱਜਾ ਪ੍ਰਸ਼ਾਸਨ ਅਤੇ ਸੂਚਨਾ ਤੇ ਤਕਨੀਕ ਮੰਤਰੀ ਅਮਨ ਅਰੋੜਾ ਨੇ ਅੱਜ ਇੱਥੇ ਦੱਸਿਆ ਕਿ ਪੰਜਾਬ ਨੂੰ ਡਿਜੀਟਲ ਤੌਰ 'ਤੇ ਸਮਰੱਥ ਬਣਾਉਣ ਅਤੇ ਲੋਕਾਂ ਨੂੰ ਪਾਰਦਰਸ਼ੀ ਤੇ ਭ੍ਰਿਸ਼ਟਾਚਾਰ-ਮੁਕਤ ਸੇਵਾਵਾਂ ਪ੍ਰਦਾਨ ਕਰਨ ਦੀ ਦਿਸ਼ਾ ਵਿੱਚ ਅਹਿਮ ਕਦਮ ਚੁੱਕਦਿਆਂ ਪੰਜਾਬ ÷ਯੂਨੀਫਾਈਡ ਸਿਟੀਜ਼ਨ ਪੋਰਟਲ÷ ਨੂੰ ਸ਼ੁਰੂ ਕਰਨ ਵਾਲਾ ਮੋਹਰੀ ਸੂਬਾ ਬਣਨ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਇਸ ਸਿੰਗਲ-ਵਿੰਡੋ ਪਲੇਟਫਾਰਮ ਯਾਨੀਕਿ ÷ਯੂਨੀਫਾਈਡ ਸਿਟੀਜ਼ਨ ਪੋਰਟਲ÷ ਰਾਹੀਂ ਸੂਬੇ ਦੇ ਲੋਕਾਂ ਦੀ ਵੱਖ-ਵੱਖ ਵਿਭਾਗਾਂ ਦੀਆਂ ਸਰਕਾਰੀ ਸੇਵਾਵਾਂ ਤੱਕ ਨਿਰਵਿਘਨ ਪਹੁੰਚ ਯਕੀਨੀ ਬਣੇਗੀ।



ਪੰਜਾਬ ਭਵਨ ਵਿਖੇ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਸ੍ਰੀ ਅਮਨ ਅਰੋੜਾ ਨੇ ਦੱਸਿਆ ਕਿ ਸੁਚੱਜਾ ਪ੍ਰਸ਼ਾਸਨ ਅਤੇ ਸੂਚਨਾ ਤੇ ਤਕਨੀਕ ਵਿਭਾਗ ਨੇ ਇਸ ਨਵੇਂ ਸਿਟੀਜ਼ਨ ਪੋਰਟਲ ਦੀ ਵਿਆਪਕ ਡਿਜ਼ਾਈਨਿੰਗ, ਵਿਕਾਸ, ਲਾਗੂਕਰਨ ਅਤੇ ਰੱਖ-ਰਖਾਅ ਲਈ ਈ-ਕਨੈਕਟ ਸਾਲਿਊਸ਼ਨਜ਼ ਪ੍ਰਾਈਵੇਟ ਲਿਮਿਟਡ ਨਾਲ 13 ਕਰੋੜ ਰੁਪਏ ਦਾ ਸਮਝੌਤਾ ਸਹੀਬੱਧ ਕੀਤਾ ਹੈ।

ਉਨ੍ਹਾਂ ਦੱਸਿਆ ਕਿ ਇਹ ਪੋਰਟਲ ਛੇ ਮਹੀਨਿਆਂ ਦੇ ਅੰਦਰ ਤਿਆਰ ਕਰਕੇ ਸ਼ੁਰੂ ਕਰ ਦਿੱਤਾ ਜਾਵੇਗਾ ਜਿਸ ਨਾਲ ਸਰਕਾਰੀ ਸੇਵਾਵਾਂ ਤੱਕ ਲੋਕਾਂ ਦੀ ਵਧੇਰੇ ਆਸਾਨ ਪਹੁੰਚ ਯਕੀਨੀ ਬਣੇਗੀ ਅਤੇ ਲੋਕਾਂ ਨੂੰ ਕੁਸ਼ਲ ਅਤੇ ਜਵਾਬਦੇਹੀ ਪ੍ਰਣਾਲੀ ਤਹਿਤ ਸੇਵਾਵਾਂ ਮਿਲਗੀਆਂ। ਉਨ੍ਹਾਂ ਦੱਸਿਆ ਕਿ ਸੇਵਾ ਕੇਂਦਰਾਂ ਤੋਂ ਇਲਾਵਾ ਨਾਗਰਿਕ ਹੁਣ ਸਿਟੀਜ਼ਨ ਪੋਰਟਲ ਪਹਿਲ ਤਹਿਤ ਘਰ ਬੈਠੇ ਹੀ ਵੈਬ, ਮੋਬਾਈਲ ਐਪ ਅਤੇ ਵੱਟਸਐਪ ਰਾਹੀਂ ਸੇਵਾਵਾਂ ਲੈ ਸਕਣਗੇ।

ਸ੍ਰੀ ਅਮਨ ਅਰੋੜਾ ਨੇ ਕਿਹਾ ਕਿ ਨਵਾਂ ਸਿਟੀਜ਼ਨ ਪੋਰਟਲ ਸਾਰੀਆਂ ਸਰਕਾਰੀ ਸੇਵਾਵਾਂ ਲਈ ਇੱਕ ਸਿੰਗਲ, ਏਕੀਕ੍ਰਿਤ ਡਿਜੀਟਲ ਗੇਟਵੇ ਹੋਵੇਗਾ, ਜੋ ਨਾਗਰਿਕਾਂ ਨੂੰ ਵਧੇਰੇ ਆਸਾਨ ਢੰਗ ਨਾਲ ਸੇਵਾਵਾਂ ਪ੍ਰਦਾਨ ਕਰੇਗਾ। ਉਨ੍ਹਾਂ ਦੱਸਿਆ ਕਿ ਇਸ ਪ੍ਰਣਾਲੀ ਦੀ ਮੁੱਖ ਵਿਸ਼ੇਸ਼ਤਾ ਇਹ ਹੋਵੇਗੀ ਕਿ ਲੋਕਾਂ ਨੂੰ ਸੇਵਾਵਾਂ ਲੈਣ ਲਈ ਵਾਰ-ਵਾਰ ਦਸਤਾਵੇਜ਼ ਜ਼ਮ੍ਹਾਂ ਕਰਾਉਣ ਦੇ ਝੰਝਟ ਤੋਂ ਛੁਟਕਾਰਾ ਮਿਲੇਗਾ ਕਿਉਂਕਿ ਇਸ ਪ੍ਰਣਾਲੀ ਤਹਿਤ ਸਬੰਧਤ ਬਿਨੈਕਾਰ ਵੱਲੋਂ ਕਿਸੇ ਵੀ ਸੇਵਾ ਲਈ ਪਹਿਲਾਂ ਜਮ੍ਹਾਂ ਕਰਵਾਏ ਗਏ ਲੋੜੀਂਦੇ ਦਸਤਾਵੇਜ਼ ਨੂੰ ਇਹ ਸਿਸਟਮ ਆਟੋ-ਫੈੱਚ (ਆਪਣੇ-ਆਪ ਹਾਸਲ) ਕਰੇਗਾ। ਉਨ੍ਹਾਂ ਦੱਸਿਆ ਕਿ ਇੱਕ ਵਾਰ ਜਦੋਂ ਕੋਈ ਨਾਗਰਿਕ ਕਿਸੇ ਵੀ ਕਿਸਮ ਦੀ ਸੇਵਾ ਲਈ ਦਸਤਾਵੇਜ਼ ਅਪਲੋਡ ਕਰਦਾ ਹੈ ਤਾਂ ਭਵਿੱਖ ਵਿੱਚ ਕਿਸੇ ਵੀ ਐਪਲੀਕੇਸ਼ਨ ਲਈ ਇਹ ਖੁਦ ਹੀ ਆਟੋ-ਫੈਚ ਹੋ ਜਾਣਗੇ।

ਕੈਬਨਿਟ ਮੰਤਰੀ ਨੇ ਕਿਹਾ ਕਿ ਏਕੀਕ੍ਰਿਤ ਸਿਟੀਜ਼ਨ ਪੋਰਟਲ ਸਾਰੀਆਂ ਸਰਕਾਰੀ ਸੇਵਾਵਾਂ ਲਈ ਵਨ-ਸਟਾਪ ਸਾਲਿਊਸ਼ਨ ਪੇਸ਼ ਕਰੇਗਾ, ਜਿਸ ਨਾਲ ਨਾਗਿਰਕਾਂ ਨੂੰ ਵੱਖ-ਵੱਖ ਵੈੱਬਸਾਈਟਾਂ 'ਤੇ ਵਿਜ਼ਟ ਕਰਨ ਦੀ ਜ਼ਰੂਰਤ ਨਹੀਂ ਹੋਵੇਗੀ। ਏ.ਆਈ ਆਧਾਰਤ ਵਰਕਫਲੋਅ ਪ੍ਰਣਾਲੀ ਤੁਰੰਤ ਫ਼ੈਸਲੇ ਲੈਣ ਅਤੇ ਸੇਵਾ ਪ੍ਰਦਾਨ ਕਰਨ ਦੇ ਸਮੇਂ ਨੂੰ ਘਟਾਉਣਾ ਯਕੀਨੀ ਬਣਾਏਗੀ।

ਸ੍ਰੀ ਅਮਨ ਅਰੋੜਾ ਨੇ ਦੱਸਿਆ ਕਿ ਇਸ ਪਹਿਲਕਦਮੀ ਨਾਲ ਪੰਜਾਬ ਸਰਕਾਰ ਲਗਭਗ 600 ਆਫਲਾਈਨ ਸੇਵਾਵਾਂ ਨੂੰ ਆਨਲਾਈਨ ਪਲੇਟਫਾਰਮਾਂ 'ਤੇ ਸ਼ੁਰੂ ਕਰਕੇ ਡਿਜੀਟਲ ਸ਼ਾਸਨ ਵਿੱਚ ਕ੍ਰਾਂਤੀ ਲਿਆਉਣ ਲਈ ਪੂਰੀ ਤਰ੍ਹਾਂ ਤਿਆਰ ਹੈ। ਪੰਜਾਬ ਜਨਤਕ ਸੇਵਾਵਾਂ ਦੀ ਡਿਲੀਵਰੀ ਵਿੱਚ ਪਾਰਦਰਸ਼ਤਾ ਅਤੇ ਜਵਾਬਦੇਹੀ ਐਕਟ 2018 ਤਹਿਤ 848 ਸੇਵਾਵਾਂ ਨੂੰ ਨੋਟੀਫ਼ਾਈ ਕੀਤਾ ਗਿਆ ਹੈ ਅਤੇ 236 ਸੇਵਾਵਾਂ ਪਹਿਲਾਂ ਹੀ ਕਨੈਕਟ ਪੋਰਟਲ 'ਤੇ ਉਪਲਬਧ ਹਨ। ਇਸ ਪਹਿਲਕਦਮੀ ਨਾਲ ਸਾਲਾਨਾ ਲਗਭਗ ਇੱਕ ਕਰੋੜ ਬਿਨੈਕਾਰਾਂ ਨੂੰ ਲਾਭ ਹੋਵੇਗਾ। ਨਾਗਰਿਕ ਆਪਣੇ ਘਰ ਬੈਠੇ ਹੀ ਸਰਕਾਰੀ ਸੇਵਾਵਾਂ ਤੱਕ ਆਸਾਨ ਪਹੁੰਚ ਕਰ ਸਕਣਗੇ, ਜਿਸ ਨਾਲ ਉਨ੍ਹਾਂ ਨੂੰ ਸਰਕਾਰੀ ਦਫਤਰਾਂ ਦੇ ਵਾਰ-ਵਾਰ ਗੇੜੇ ਮਾਰਨ ਦੀ ਲੋੜ ਨਹੀਂ ਪਵੇਗੀ।

ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੀ ਬਿਹਤਰੀਨ ਸ਼ਾਸਨ ਮੁਹੱਈਆ ਕਰਵਾਉਣ ਦੀ ਵਚਨਬੱਧਤਾ ਦੁਹਰਾਉਂਦਿਆਂ ਸ੍ਰੀ ਅਮਨ ਅਰੋੜਾ ਨੇ ਕਿਹਾ ਕਿ ਤਕਨਾਲੋਜੀ-ਅਧਾਰਤ ਹੱਲ ਸੂਬੇ ਦੇ ਸਾਰੇ ਨਾਗਰਿਕਾਂ ਨੂੰ ਕੁਸ਼ਲ, ਪਾਰਦਰਸ਼ੀ ਅਤੇ ਸੁਖਾਲੇ ਢੰਗ ਨਾਲ ਸੇਵਾਵਾਂ ਪ੍ਰਦਾਨ ਕਰਨਾ ਯਕੀਨੀ ਬਣਾਉਣਗੇ। ਏ.ਆਈ. ਆਧਾਰਤ ਸਿਟੀਜ਼ਨ ਪੋਰਟਲ ਜਲਦ ਫ਼ੈਸਲੇ ਲੈਣ ਅਤੇ ਉਡੀਕ ਦੇ ਸਮੇਂ ਨੂੰ ਘਟਾਉਂਦਿਆਂ ਸੁਚਾਰੂ ਅਤੇ ਜਵਾਬਦੇਹ ਸ਼ਾਸਨ ਨੂੰ ਯਕੀਨੀ ਬਣਾਏਗਾ।

# ਉਦਯੋਗ ਮੰਤਰੀ ਨੇ ਨਿਵੇਸ਼ਕਾਂ ਨੂੰ ਹੈਪਨਿੰਗ ਹਰਿਆਣਾ ਗਲੋਬਲ ਇੰਵੇਸਟਰਸ ਸਮਿਟ ਲਈ ਦਿੱਤਾ ਸੱਦਾ



**ਚੰਡੀਗੜ੍ਹ, 14 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਉਦਯੋਗ ਅਤੇ ਵਣਜ ਮੰਤਰੀ ਰਾਓ ਨਰਬੀਰ ਸਿੰਘ ਨੇ ਜਾਪਾਨ ਦੌਰੇ ਦੌਰਾਨ ਅੱਜ ਫੁਕੂਓਕਾ ਪ੍ਰਾਂਤ ਦੇ ਉਪ-ਰਾਜਪਾਲ ਨਾਲ ਇੱਕ ਅਹਿਮ ਮੀਟਿੰਗ ਕਰ ਆਟੋਮੋਟਿਵ ਵਿਨਿਰਮਾਣ, ਰੋਬੋਟਿਕਸ ਅਤੇ ਉੱਨਤ ਤਕਨਾਲੋਜੀਆਂ ਵਿੱਚ ਮਦਦ ਨੂੰ ਮਜਬੂਤ ਕਰਨ 'ਤੇ ਚਰਚਾ ਹੋਈ।

ਧਿਆਨਯੋਗ ਹੈ ਕਿ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਦੀ ਅਗਵਾਈ ਵਿੱਚ ਹਰਿਆਣਾ ਦਾ ਵਫ਼ਦ ਹਾਲ ਹੀ ਵਿੱਚ ਜਾਪਾਨ ਦੇ ਦੌਰੇ 'ਤੇ ਗਿਆ ਸੀ, ਜਿੱਥੇ ਟੋਕਿਓ ਅਤੇ ਓਸਾਕਾ ਵਿੱਚ ਉੱਚ ਪੱਧਰੀ ਮੀਟਿੰਗਾਂ ਰਾਹੀਂ ਨਿਵੇਸ਼ ਦੇ ਮੌਕਿਆਂ ਨੂੰ ਵਾਧਾ ਦਿੱਤਾ ਗਿਆ। ਹੁਣ ਉਦਯੋਗ ਮੰਤਰੀ ਦੀ ਅਗਵਾਈ ਵਿੱਚ ਇਹ ਦੌਰਾ ਜਾਪਾਨ ਦੇ ਹੋਰ ਉਦਯੋਗਿਕ ਖੇਤਰਾਂ ਦਾ ਦੌਰਾ ਕਰ ਰਿਹਾ ਹੈ ਜਿਸ ਨਾਲ ਦੋਹਾਂ ਪੱਖਾਂ ਦੀ ਮਦਦ ਨੂੰ ਨਵੀਂ ਗਤੀ ਮਿਲ ਰਹੀ ਹੈ। ਫੁਕੂਓਕਾ, ਆਟੋਮੋਬਾਇਲ ਕੰਪਨੀਆਂ ਆਪਣੇ ਮਜਬੂਤ ਆਧਾਰ ਅਤੇ ਰੋਬੋਟਿਕਸ ਅਤੇ ਇੰਜੀਨਿਅਰਿੰਗ ਵਿੱਚ ਮੁਹਾਰਤਾ ਲਈ ਜਾਣਿਆ ਜਾਂਦਾ ਹੈ। ਇੱਥੇ ਦੇ ਨਿਵੇਸ਼ਕਾਂ ਨੇ ਹਰਿਆਣਾ ਦੇ ਉਭਰਦੇ ਉਦਯੋਗਿਕ ਵਾਤਾਵਰਨ ਪ੍ਰਣਾਲੀ ਅਤੇ ਤੱਕਨੀਕੀ ਸਮਰਥਾ ਵਿੱਚ ਮਦਦ ਕਰਨ ਵਿੱਚ ਦਿਲਚਸਪੀ ਵਿਖਾਈ।

ਹਰਿਆਣਾ ਦੇ ਟ੍ਰਾਂਸਪੋਰਟ, ਰਿਸਰਚ ਅਤੇ ਵਿਕਾਸ-ਸੰਚਾਲਿਤ ਵਿਨਿਰਮਾਣ ਅਤੇ ਨਵਾਚਾਰ 'ਤੇ ਜੋਰ ਦਿੰਦੇ ਹੋਏ, ਉਦਯੋਗ ਮੰਤਰੀ ਨੇ ਫੁਕੂਓਕਾ ਦੀ ਕੰਪਨੀਆਂ ਨੂੰ ਇਲੈਕਟ੍ਰਿਕ ਵਾਹਨ ਵਿਨਿਰਮਾਣ, ਇਲੈਕਟ੍ਰਾਨਿਕਸ, ਸੇਮੀਕੰਡਕਟਰ, ਜੈਵ ਪ੍ਰੋਦਯੋਗਿਕੀ ਅਤੇ ਟੈਕਨੀਕਲ ਟੈਕਸਟਾਇਲ ਵਿੱਚ ਮਦਦ ਲਈ ਸੱਦਾ ਦਿੱਤਾ। ਉਨ੍ਹਾਂ ਨੇ ਹਰਿਆਣਾ ਦੇ ਮਜਬੂਤ ਉਦਯੋਗਿਕ ਬੁਨਿਆਦੀ ਢਾਂਚੇ, ਕੁਸ਼ਲ ਕਾਰਜਬਲ ਅਤੇ ਵਿਆਪਾਰ ਸੁਗਮਤਾ ਲਈ ਨੀਤੀ ਅਧਾਰਿਤ ਦ੍ਰਿਸ਼ਟੀਕੋਣ ਨੂੰ ਪ੍ਰਮੁੱਖਤਾ ਨਾਲ ਰੇਖਾਂਕਿਤ ਕੀਤਾ।

ਇਸ ਤੋਂ ਬਾਅਦ ਮੰਤਰੀ ਨੇ ਇਵੇਂਸਟਰਸ ਰੋਡ ਸ਼ੋ ਨੂੰ ਵੀ ਸੰਬੋਧਿਤ ਕੀਤਾ। ਉਨ੍ਹਾਂ ਨੇ ਇਲੈਕਟ੍ਰਾਨਿਕਸ, ਬਾਯੋਟੇਕ, ਸੇਮੀਕੰਡਕਟਰ, ਆਟੋਮੋਟਿਵ ਅਤੇ ਟੇਕਸਟਾਇਲ ਖੇਤਰਾਂ ਦੇ ਪ੍ਰਮੁੱਖ ਨਿਵੇਸ਼ਕਾਂ ਅਤੇ ਪ੍ਰਤੀਨਿਧੀਆਂ ਨਾਲ ਮੁਲਾਕਾਤ ਕੀਤੀ। ਉਨ੍ਹਾਂ ਨੇ ਜਾਪਾਨੀ ਉਦਮਿਆਂ ਨੂੰ ਹਰਿਆਣਾ ਆਉਣ ਅਤੇ ਰਾਜ ਦੇ ਅਨੁਕੂਲ, ਨਿਵੇਸ਼ਕ-ਅਨੁਕੂਲ ਵਾਤਾਵਰਨ ਪ੍ਰਣਾਲੀ ਦਾ ਪ੍ਰਤੱਖ ਅਨੁਭਵ ਪ੍ਰਾਪਤ ਕਰਨ ਲਈ ਪ੍ਰੋਤਸਾਹਿਤ ਕੀਤਾ।

ਵਫ਼ਦ ਵਿੱਚ ਉਦਯੋਗ ਅਤੇ ਵਣਜ ਵਿਭਾਗ ਦੇ ਕਮੀਸ਼ਨਰ ਅਤੇ ਸਕੱਤਰ ਡਾ. ਅਮਿਤ ਅਗਰਵਾਲ ਅਤੇ ਹੋਰ ਸੀਨੀਅਰ ਅਧਿਕਾਰੀ ਸ਼ਾਮਲ ਹਨ।

# ਮਾਡਰਨ ਤਹਿਸੀਲ ਨੂੰ ਲੈ ਕੇ ਮਾਲ ਅਤੇ ਆਪਦਾ ਪ੍ਰਬੰਧਨ ਮੰਤਰੀ ਨੇ ਲਈ ਮੀਟਿੰਗ

**ਚੰਡੀਗੜ੍ਹ, 14 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮਾਲ ਅਤੇ ਆਪਦਾ ਪ੍ਰਬੰਧਨ ਮੰਤਰੀ ਸ੍ਰੀ ਵਿਪੁਲ ਗੋਇਲ ਦੀ ਅਗਵਾਈ ਹੇਠ ਅੱਜ ਸਕੱਤਰੇਤ ਵਿੱਚ ਮਾਡਰਨ ਤਹਿਸੀਲ ਪਰਿਯੋਜਨਾ ਨੂੰ ਲੈ ਕੇ ਇੱਕ ਉੱਚ ਪੱਧਰੀ ਮੀਟਿੰਗ ਹੋਈ।

ਮੀਟਿੰਗ ਵਿੱਚ ਵਿਭਾਗ ਦੇ ਸੀਨੀਅਰ ਅਧਿਕਾਰੀਆਂ ਸਮੇਤ ਵੱਖ-ਵੱਖ ਹਿੱਤਧਾਰਕ ਮੌਜੂਦ ਰਹੇ। ਇਸ ਪਰਿਯੋਜਨਾ ਦਾ ਉਦੇਸ਼ ਤਹਿਸੀਲ ਦਫਤਰਾਂ ਨੂੰ ਡਿਜੀਟਲ ਅਤੇ ਆਧੁਨਿਕ ਤਕਨੀਕਾਂ ਨਾਲ ਲੈਸ ਕਰ ਜਨਸੇਵਾਵਾਂ ਨੂੰ ਪਾਰਦਰਸ਼ੀ, ਤੁਰੰਤ ਅਤੇ ਸੁਗਮ ਬਨਾਉਣਾ ਹੈ।

ਮੀਟਿੰਗ ਵਿੱਚ ਸ੍ਰੀ ਵਿਪੁਲ ਗੋਇਲ ਨੇ ਕਿਹਾ ਕਿ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਦੀ ਅਗਵਾਈ ਹੇਠ ਹਰਿਆਣਾ ਸਰਕਾਰ ਵਿਕਸਿਤ ਹਰਿਆਣਾ 2047 ਦੇ ਵਿਜ਼ਨ ਦੇ ਤਹਿਤ ਪ੍ਰਸ਼ਾਸਨਿਕ ਸੁਧਾਰਾਂ ਨੂੰ ਪ੍ਰਾਥਮਿਕਤਾ ਨਾਲ ਲਾਗੂ ਕਰ ਰਹੀ ਹੈ। ਇਸ ਲੜੀ ਵਿੱਚ ਮਾਡਰਨ ਤਹਿਸੀਲ ਪਰਿਯੋਜਨਾ ਤਹਿਤ ਤਹਿਸੀਲ ਦਫਤਰਾਂ ਵਿੱਚ ਕੈਫੇਟੇਰਿਆ ਅਤੇ ਤਮਾਮ ਆਧੁਨਿਕ ਸਹੂਲਤਾਂ ਉਪਲਬਧ ਕਰਾਈਆਂ ਜਾਣਗੀਆਂ, ਤਾਂ ਜੋ ਆਮਜਨਤਾ ਬਿਹਤਰ ਸਹੂਲਤਾਂ ਦੇ ਨਾਲ ਆਪਣੇ ਕਾਰਜ ਸਪੰਨ ਕਰ ਸਕਣ। ਮੀਟਿੰਗ ਵਿੱਚ ਵੱਖ-ਵੱਖ ਹਿੱਤਧਾਰਕਾਂ ਨੇ ਮਹੱਤਵਪੂਰਨ ਸੁਝਾਅ ਦਿੱਤੇ, ਜਿਨ੍ਹਾਂ ਨੂੰ ਪਰਿਯੋਜਨਾ ਵਿੱਚ ਸ਼ਾਮਿਲ ਕੀਤਾ ਜਾਵੇਗਾ। ਇਸ ਸਬੰਧ ਵਿੱਚ ਜਲਦੀ ਹੀ ਟੈਂਡਰ ਜਾਰੀ ਕੀਤੇ ਜਾਣਗੇ। ਉਨ੍ਹਾਂ ਨੇ ਦਸਿਆ ਕਿ ਪਰਿਯੋਜਨਾ ਨੂੰ ਪੜਾਅਵਾਰ ਢੰਗ ਨਾਲ ਲਾਗੂ ਕੀਤਾ ਜਾਵੇਗਾ, ਸ਼ੁਰੂਆਤੀ ਪੜਾਅ ਵਿੱਚ ਪਾਇਲਟ ਪ੍ਰੋਜੈਕਟ ਵਜੋ ਕੁੱਝ ਤਹਿਸੀਲਾਂ ਨੂੰ ਮਾਡਰਨ ਤਹਿਸੀਲ ਬਣਾਇਆ ਜਾਵੇਗਾ। ਇਸ ਦੇ ਬਾਅਦ ਪੂਰੇ ਸੂਬੇ ਵਿੱਚ ਇਸ ਵਿਸਤਾਰ ਕੀਤਾ ਜਾਵੇਗਾ।

ਸ੍ਰੀ ਗੋਇਲ ਨੇ ਕਿਹਾ ਕਿ ਮਾਡਰਨ ਤਹਿਸੀਲ ਪਰਿਯੋਜਨਾ ਨੇ ਸਿਰਫ ਪ੍ਰਸਾਸਨਿਕ ਕੁਸ਼ਲਤਾ ਵਧਾਏਗੀ, ਸਗੋ ਇਸ ਨਾਲ ਭ੍ਰਿਸ਼ਟਾਚਾਰ ਮੁਕਤ ਅਤੇ ਜਨ-ਕੇਂਦ੍ਰਿਤ ਤਹਿਸੀਲ ਪ੍ਰਣਾਲੀ ਸਥਾਪਿਤ ਹੋਵੇਗੀ।

ਮੀਟਿੰਗ ਵਿੱਚ ਵਿਭਾਗ ਦੇ ਸਕੱਤਰ ਸ੍ਰੀ ਰਵੀ ਪ੍ਰਕਾਸ਼ ਗੁਪਤਾ, ਵਿਸ਼ੇਸ਼ ਸਕੱਤਰ ਸ੍ਰੀ ਯਸ਼ਪਾਲ ਸਿੰਘ ਸਮੇਤ ਹੋਰ ਸੀਨੀਅਰ ਅਧਿਕਾਰੀ ਮੌਜੂਦ ਰਹੇ।

# ਕੇਂਦਰੀ ਮੰਤਰੀ ਮਨੋਹਰ ਲਾਲ ਨੇ ਦੁਬਈ ਸਥਿਤ ਗੁਰੂਦੁਆਰਾ ਗੁਰੂ ਨਾਨਕ ਦਰਬਾਰ, ਜੈਬੇਲ ਅਲੀ ਵਿੱਚ ਕੀਤੀ ਅਰਦਾਸ

**ਚੰਡੀਗੜ੍ਹ, 14 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਕੇਂਦਰੀ ਆਵਾਸ ਅਤੇ ਸ਼ਹਿਰੀ ਮਾਮਲੇ ਅਤੇ ਉਰਜਾ ਮੰਤਰੀ ਸ੍ਰੀ ਮਨੋਹਰ ਲਾਲ ਨੇ ਵਿਦੇਸ਼ ਦੌਰੇ ਦੌਰਾਨ ਦੁਬਈ ਸਥਿਤ ਗੁਰੂਦੁਆਰਾ ਗੁਰੂ ਨਾਨਕ ਦਰਬਾਰ, ਜੈਬੇਲ ਅਲੀ ਵਿੱਚ ਅਰਦਾਸ ਕਰ ਦੇਸ਼ਵਾਸੀਆਂ ਦੀ ਸੁੱਖ-ਖੁਸ਼ਹਾਲੀ ਦੀ ਕਾਮਨਾ ਕੀਤੀ।

ਸ੍ਰੀ ਮਨੋਹਰ ਲਾਲ ਨੇ ਕਿਹਾ ਕਿ ਗੁਰੂਆਂ ਦੀ ਬਾਣੀ ਅੱਜ ਵੀ ਮਨੁੱਖ ਜਾਤੀ ਦਾ ਮਾਰਗਦਰਸ਼ਨ ਕਰ ਰਹੀ ਹੈ। ਸਾਨੂੰ ਸਾਰਿਆਂ ਨੂੰ ਗੁਰੂਆਂ ਦੇ ਸੰਦੇਸ਼ ਨੂੰ ਘਰ-ਘਰ ਤੱਕ ਪਹੁੰਚਾਂਉਣਾ ਚਾਹੀਦਾ ਹੈ ਤਾਂ ਜੋ ਆਉਣ ਵਾਲੀ ਪੀੜੀਆਂ ਉਨ੍ਹਾਂ ਤੋਂ ਪ੍ਰੇਰਣਾ ਲੈਂਦੀਆਂ ਰਹਿਣ। ਗੁਰੂਆਂ ਦੇ ਸੰਦੇਸ਼ਾਂ 'ਤੇ ਅਮਲ ਕਰ ਉਨ੍ਹਾਂ ਨੂੰ ਆਪਣੇ ਜੀਵਨ ਵਿੱਚ ਧਾਰਣ ਕਰਨਾ ਚਾਹੀਦਾ ਹੈ। ਉਨ੍ਹਾਂ ਨੇ ਦੁਬਈ ਵਿੱਚ ਪ੍ਰਗਤੀ ਕਰ ਰਹੇ, ਸਿੱਖ ਤੇ ਪੰਜਾਬੀ ਸਮਾਜ ਦੀ ਤਾਰੀਫ ਕੀਤੀ ਅਤੇ ਸਵਾਗਤ ਲਈ ਉਨ੍ਹਾਂ ਦਾ ਧੰਨਵਾਦ ਕੀਤਾ।

ਕੇਂਦਰੀ ਮੰਤਰੀ ਦਾ ਦੁਬਹੀ ਸਥਿਤ ਗੁਰੂਦੁਆਰਾ ਗੁਰੂ ਨਾਨਕ ਦਰਬਾਰ, ਜੈਬੇਲ ਅਲੀ ਵਿੱਚ ਪਹੁੰਚਣ 'ਤੇ ਗੁਰੂਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਸਰਦਾਰ ਸੁਰਿੰਦਰ ਸਿੰਘ ਕੰਧਾਰੀ ਅਤੇ ਪ੍ਰਬੰਧਕ ਸੇਵਕ ਐਸਪੀ ਸਿੰਘ ਓਬਰਾਏ ਨੇ ਉਨ੍ਹਾਂ ਨੂੰ ਸਿਰੋਪਾ ਅਤੇ ਸਨਮਾਨ ਚਿੰਨ੍ਹ ਭੇਂਟ ਕਰ ਸਨਮਾਨਿਤ ਕੀਤਾ। ਇਸ ਮੌਕੇ 'ਤੇ ਉਨ੍ਹਾਂ ਦੇ ਨਾਲ ਕਾਊਂਸਲੇਟ ਜਨਰਲ ਸ਼੍ਰੀ ਸਤੀਸ਼ ਕੌਸ਼ਿਕ ਨਾਲ ਮੌਜੂਦ ਸਨ।

ਇਸ ਦੌਰਾਨ ਡਾ. ਪ੍ਰਭਲੀਨ ਸਿੰਘ ਨੇ ਹਰਿਆਣਾ ਸੂਬੇ ਵਿੱਚ ਸਿੱਖ ਸਮਾਜ ਲਈ ਕੀਤੇ ਜਾ ਰਹੇ ਕੰਮਾਂ ਅਤੇ ਯੋਜਨਾਵਾਂ ਦੀ ਵਿਸਤਾਰ ਨਾਲ ਜਾਣਕਾਰੀ ਦਿੱਤੀ।

# ਸਲੱਮ ਬਸਤੀਆਂ ਵਿੱਚ ਬੱਚਿਆਂ ਦੇ ਜਨਮ ਰਜਿਸਟ੍ਰੇਸ਼ਨ ਲਈ ਵਿਸ਼ੇਸ਼ ਮੁਹਿੰਮ ਸ਼ੁਰੂ ਕਰਨ : ਸੁਧੀਰ ਰਾਜਪਾਲ

**ਚੰਡੀਗੜ੍ਹ, 14 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਸਿਹਤ ਵਿਭਾਗ ਦੇ ਵਧੀਕ ਮੁੱਖ ਸਕੱਤਰ ਸ੍ਰੀ ਸੁਧੀਰ ਰਾਜਪਾਲ ਨੇ ਵਿਭਾਗ ਦੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਉਹ ਸੂਬੇ ਦੀ ਸਲੱਮ ਬਸਤੀਆਂ ਅਤੇ ਵਾਂਝੇ ਖੇਤਰਾਂ ਵਿੱਚ ਰਜਿਸਟ੍ਰੇਸ਼ਣ ਤੋਂ ਛੁਟੇ ਹੋਏ ਬੱਚਿਆਂ ਦੇ ਜਨਮ-ਰਜਿਸਟ੍ਰੇਸ਼ਣ ਲਈ ਇੱਕ ਵਿਸ਼ੇਸ਼ ਮੁਹਿੰਮ ਸ਼ੁਰੂ ਕਰਨ। ਸਿਵਲ ਸਰਜਨ ਇੰਨ੍ਹਾ ਖੇਤਰਾਂ ਦਾ ਦੌਰਾ ਕਰਣਗੇ ਅਤੇ ਨਿਜੀ ਰੂਪ ਨਾਲ ਗਤੀਵਿਧੀਆਂ ਦੀ ਨਿਗਰਾਨੀ ਕਰਣਗੇ। ਨਾਲ ਹੀ, ਉਨ੍ਹਾਂ ਨੇ ਉਨ੍ਹਾਂ ਜਿਲ੍ਹਿਆਂ ਦੇ ਮੁੱਖ ਮੈਡੀਕਲ ਅਧਿਕਾਰੀਆਂ ਨੂੰ ਵੀ ਸਖਤ ਕਾਰਵਾਈ ਦੀ ਚੇਤਾਵਨੀ ਦਿੱਤੀ ਜਿਨ੍ਹਾਂ ਦੇ ਜਿਲ੍ਹਾ ਵਿੱਚ ਪਿਛਲੇ ਸਾਲ ਦੀ ਇਸੇ ਸਮੇਂ ਦੀ ਤੁਲਣਾ ਵਿੱਚ ਘੱਟ ਲਿੰਗਨੁਪਾਤ ਆਇਆ ਹੈ।

ਸ੍ਰੀ ਸੁਧੀਰ ਰਾਜਪਾਲ ਲਿੰਗਨੁਪਾਤ ਨੂੰ ਕੰਟਰੋਲ ਕਰਨ ਨਾਲ ਸਬੰਧਿਤ ਗਠਨ ਸਪੈਸ਼ਲ ਟਾਸਕ ਫੋਬਸ ਦੀ ਅੱਜ ਦੀ ਮੀਟਿੰਗ ਦੀ ਅਗਵਾਈ ਕਰ ਰਹੇ ਸਨ।

ਉਨ੍ਹਾਂ ਨੇ ਸਿਹਤ ਵਿਭਾਗ ਦੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਸਲੱਮ ਏਰਿਆ ਅਤੇ ਹੋਰ ਪਿਛੜੇ ਖੇਤਰਾਂ ਵਿੱਚ ਸਾਰੇ ਬੱਚਿਆਂ ਦਾ ਜਨਮ ਰਜਿਸਟ੍ਰੇਸ਼ਣ ਨਹੀਂ ਹੋ ਰਿਹਾ ਹੈ, ਇਸ ਲਈ ਇੰਨ੍ਹਾਂ ਖੇਤਰਾਂ ਲਈ ਜਨਮ ਰਜਿਸਟ੍ਰੇਸ਼ਣ ਤਹਿਤ ਵਿਸ਼ੇਸ਼ ਮੁਹਿੰਮ ਚਲਾਈ ਜਾਵੇ। ਉਨ੍ਹਾਂ ਨੇ ਮੁਹਿੰਮ ਦੀ ਨਿਗਰਾਨੀ ਲਈ ਸਾਰੇ ਸਿਵਲ ਸਰਜਨ ਦੀ ਡਿਊਟੀ ਵੀ ਲਾਗੁਣ ਦੇ ਵੀ ਨਿਰਦੇਸ਼ ਦਿੱਤੇ, ਉਹ ਸਮੇਂ-ਸਮੇਂ 'ਤੇ ਅਚਾਨਕ ਨਿਰੀਖਣ ਕਰ ਕੇ ਜਨਮ ਰਜਿਸਟ੍ਰੇਸ਼ਣ ਨਾਲ ਸਬੰਧਿਤ ਗਤੀਵਿਧੀਆਂ ਦੀ ਨਿਗਰਾਨੀ ਕਰਣਗੇ। ਵਧੀਕ ਮੁੱਖ ਸਕੱਤਰ ਨੇ ਕੁੱਝ ਜਿਲ੍ਹਿਆਂ ਵਿੱਚ ਲਿੰਗਨੁਪਾਤ ਵਿੱਚ ਜਰੂਰੀ ਸੁਧਾਰ ਨਾ ਹੋਣ 'ਤੇ ਨਾਰਾਜਗੀ ਜਾਹਰ ਕੀਤੀ ਅਤੇ ਕਿਹਾ ਕਿ ਜਿਸ ਸੀਐਮਓ ਦੇ ਖੇਤਰ ਵਿੱਚ ਪਿਛਲੇ ਸਾਲ ਦੀ ਤੁਲਣਾ ਵਿੱਚ ਨਿਰਧਾਰਿਤ ਸਮੇਂ ਦੌਰਾਨ ਲਿੰਗਨੁਪਾਤ ਘੱਟ ਪਾਇਆ ਗਿਆ ਤਾਂ ਉਸ ਦੇ ਖਿਲਾਫ ਸਖਤ ਕਾਰਵਾਈ ਕੀਤੀ ਜਾਵੇਗੀ। ਮੀਟਿੰਗ ਵਿੱਚ ਵਧੀਕ ਮੁੱਖ ਸਕੱਤਰ ਨੇ ਜਾਣਕਾਰੀ ਦਿੱਤੀ ਗਈ ਕਿ ਸੰਤੋਸ਼ਜਨਕ ਕੰਮ ਨਾ ਕਰਨ ਕਾਰਨ ਪਿਛਲੇ ਮਹੀਨੇ ਇੱਕ ਫਾਰਮਾਸਿਸਟ ਨੂੰ ਮੁਅਤੱਲ ਕਰ ਦਿੱਤਾ ਗਿਆ ਹੈ ਅਤੇ ਸਿਹਤ ਵਿਭਾਗ ਦੇ ਐਮਰਜੈਂਸੀ ਮੈਡੀਕਲ ਟੇਕਨੀਸ਼ਿਅਨ (ਈਐਮਟੀ) ਦੇ ਖਿਲਾਫ ਐਫਆਈਆਰ ਦਰਜ ਕਾਰਵਾਈ ਕੀਤੀ ਗਈ ਹੈ।

ਉਨ੍ਹਾਂ ਨੇ ਇਹ ਵੀ ਜਾਣਕਾਰੀ ਦਿੱਤੀ ਗਈ ਕਿ ਪਿਛਲੀ ਸਾਲ ਜਿੱਥੇ ਇੱਕ ਜਨਵਰੀ, 2024 ਤੋਂ 8 ਅਕਤੂਬਰ, 2024 ਤੱਕ ਕੁੜੀਆਂ ਦਾ ਲਿੰਗਨੁਪਾਤ 905 ਸੀ, ਉੱਥੇ ਇਸ ਸਾਲ ਇੱਕ ਜਨਵਰੀ 2025 ਤੋਂ 8 ਅਕਤੂਬਰ, 2025 ਤੱਕ ਲਿੰਗਨੁਪਾਤ 4 ਅੰਕਾਂ ਦੇ ਸੁਧਾਰ ਦੇ ਨਾਲ 909 ਹੈ।

ਇਸ ਮੌਕੇ 'ਤੇ ਮੀਟਿੰਗ ਵਿੱਚ ਐਨਐਚਐਮ ਦੇ ਐਮਡੀ ਡਾ. ਆਰ ਐਸ ਢਿੱਲੋਂ, ਡੀਜੀਐਚਐਸ (ਵਿਭਾਗ ਪ੍ਰਮੁੱਖ) ਡਾ. ਮਨੀਸ਼ ਬੰਸਲ, ਡੀਜੀਐਚਐਸ (ਪੀ) ਡਾ. ਕੁਲਦੀਪ ਸਿੰਘ, ਐਫਡਬਲਿਯੂ ਅਤੇ ਪੀਐਨਡੀਟੀ ਦੀ ਨਿਦੇਸ਼ਕ ਡਾ. ਸਿਮੀ ਵਰਮਾ, ਐਮਸੀਐਚ ਦੇ ਨਿਦੇਸ਼ਕ ਡਾ. ਵੀਰੇਂਦਰ ਯਾਦਵ ਅਤੇ ਮਹਿਲਾ ਅਤੇ ਬਾਲ ਵਿਕਾਸ, ਆਯੂਸ਼ ਅਤੇ ਡੀਜੀਐਚਐਸ ਦਫਤਰ ਦੇ ਹੋਰ ਅਧਿਕਾਰੀ ਮੌਜੂਦ ਸਨ।

# ਕਾਮਨ ਕੈਡਰ ਦੇ ਗਰੁੱਪ-ਡੀ ਅਸਾਮੀਆਂ ਦੀ ਲਿਸਟ 'ਤੇ ਉਲਝਣ ਦੂਰ

**ਚੰਡੀਗੜ੍ਹ, 14 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਸਰਕਾਰ ਨੇ ਫੈਸਲਾ ਕੀਤਾ ਹੈ ਕਿ ਚਪੜਾਸੀ-ਕਮ-ਚੌਕੀਦਾਰ, ਮਾਲੀ-ਕਮ-ਚੌਕੀਦਾਰ ਅਤੇ ਮਾਲੀ-ਕਮ-ਸਵੀਪਰ ਵਰਗੇ ਸੋਧ ਅਹੁਦਿਆਂ ਨੂੰ ਕ੍ਰਮਵਾਰ ਚਪੜਾਸੀ ਅਤੇ ਮਾਲੀ ਦੇ ਬਰਾਬਰ ਮੰਨਿਆ ਜਾਵੇਗਾ॥ ਇਹ ਫੈਸਲਾ ਕਾਮਨ ਕੈਡਰ ਤਹਿਤ ਕੀਤੀ ਜਾਣ ਵਾਲੀ ਪੋਸਟਿੰਗ 'ਤੇ ਲਾਭ ਹੋਵੇਗਾ।

ਮੁੱਖ ਸਕੱਤਰ ਸ੍ਰੀ ਅਨੁਰਾਗ ਰਸਤੋਗੀ ਵੱਲੋਂ ਇਸ ਸਬੰਧ ਵਿੱਚ ਇੱਕ ਪੱਤਰ ਜਾਰੀ ਕੀਤਾ ਗਿਆ ਹੈ।

ਇਹ ਫੈਸਲਾ ਹਰਿਆਣਾ ਗਰੁੱਪ-ਡੀ ਕਰਮਚਾਰੀ (ਭਰਤੀ ਅਤੇ ਸੇਵਾ ਸ਼ਰਤਾਂ) ਐਕਟ, 2018 ਦੀ ਧਾਰਾ 23 ਦੇ ਅਨੁਰੂਪ ਹੈ, ਜਿਸ ਦੇ ਤਹਿਤ ਇਹ ਐਕਟ ਹੋਰ ਸਾਰੇ ਸੇਵਾਂ ਨਿਯਮਾਂ 'ਤੇ ਸਿਨਓਰਿਟੀ ਰੱਖਦਾ ਹੈ।

ਵਰਨਣਯੋਗ ਹੈ ਕਿ ਇਸ਼ਤਿਹਾਰ ਗਿਣਤੀ 01/2023 ਤਹਿਤ ਨਿਯੁਕਤ ਹੋਏ ਕਈ ਕਰਮਚਾਰੀ ਅਹੁਦਿਆਂ ਵਿੱਚ ਅਸਮਾਨਤਾ ਕਾਰਨ ਆਪਣੇ ਅਲਾਟ ਵਿਭਾਗਾਂ ਵਿੱਚ ਕਾਰਜਭਾਰ ਗ੍ਰਹਿਣ ਨਹੀਂ ਕਰ ਪਾ ਰਹੇ ਸਨ। ਮਾਲੀ ਬਨਾਮ ਮਾਲੀ-ਕਮ-ਚੌਕੀਦਾਰ ਅਤੇ ਚਪੜਾਸੀ ਬਨਾਮ ਚਪੜਾਸੀ-ਕਮ-ਚੌਕੀਦਾਰ ਵਰਗੇ ਅਹੁਦਿਆਂ ਦੇ ਭਿੰਨ ਨਾਮਾਂ ਨਾਲ ਭ੍ਰਮ ਦੀ ਸਥਿਤੀ ਉਤਪਨ ਹੋ ਗਈ ਸੀ।

ਸਰਕਾਰ ਵੱਲੋਂ ਜਾਰੀ ਸੋਧ ਵਿਦੇਸ਼ਾਂ ਤਹਿਤ ਹੁਣ ਸਾਰੇ ਪ੍ਰਭਾਵਿਤ ਗਰੁੱਪ-ਡੀ ਕਰਮਚਾਰੀ ਆਪਣੇ ਸਬੰਧਿਤ ਵਿਭਾਗਾਂ ਵਿੱਚ ਆਪਣੀ ਡਿਊਟੀ ਜੁਆਇਨ ਕਰ ਪਾਉਣਗੇ। ਡਿਵੀਜਨਲ ਕਮਿਸ਼ਨਰ ਦਫਤਰਾਂ/ਡਿਪਟੀ ਕਮਿਸ਼ਨਰ ਪੰਚਕੂਲਾ ਤੋਂ ਰਿਲੀਵ ਹੋਣ ਦੀ ਮਿੱਤੀ ਅਤੇ ਅਧਿਕਾਰਕ ਪੋਰਟਲ 'ਤੇ ਜੁਆਇੰਨਿੰਗ ਰਿਪੋਰਟ ਪੇਸ਼ ਕਰਨ ਦੀ ਮਿੱਤੀ ਉਨ੍ਹਾਂ ਦੀ ਨਿਯੁਕਤੀ ਦੀ ਪ੍ਰਭਾਵੀ ਮਿੱਤੀ ਮੰਨੀ ਜਾਵੇਗੀ।

ਸਰਕਾਰ ਨੇ ਸਾਰੇ ਪ੍ਰਸਾਸ਼ਨਿਕ ਸਕੱਤਰਾਂ ਅਤੇ ਵਿਭਾਗ ਪ੍ਰਮੁੱਖਾਂ ਨੂੰ ਨਿਰਦੇਸ਼ ਦਿੱਤੇ ਹਨ ਕਿ ਇੰਨ੍ਹਾਂ ਨਿਰਦੇਸ਼ਾਂ ਨੂੰ ਸਾਰੇ ਸਬੰਧਿਤ ਅਧਿਕਾਰੀਆਂ ਤੱਕ ਤੁਰੰਤ ਪਹੁੰਚਾਇਆ ਜਾਵੇ ਅਤੇ ਇਹ ਯਕੀਨੀ ਕਰਨ ਕਿ ਇਨ੍ਹਾਂ ਦਾ ਪਾਲਣ ਪੂਰੀ ਗੰਭੀਰਤਾ ਅਤੇ ਤੁਰੰਤ ਹੋਵੇ। ਇਸ ਸਬੰਧ ਵਿੱਚ ਜਾਰੀ ਨਿਰਦੇਸ਼ਾਂ ਨੂੰ ਬਹੁਤ ਜਰੂਰੀ ਸ਼੍ਰੇਣੀ ਵਿੱਚ ਰੱਖਿਆ ਗਿਆ ਹੈ ਤਾਂ ਜੋ ਨਵੇਂ-ਨਿਯੁਕਤ ਕਰਮਚਾਰੀਆਂ ਦੀ ਤੈਨਾਤੀ ਪ੍ਰਕ੍ਰਿਆ ਸੁਚਾਰੂ ਰੂਪ ਨਾਲ ਪੂਰੀ ਹੋ ਸਕੇ।

# ਸ਼ਹਿਰੀ ਸਥਾਨਕ ਸਰਕਾਰ ਮੰਤਰੀ ਦੀ ਨਗਰ ਪਾਲਿਕਾ ਕਰਮਚਾਰੀ ਸੰਘ ਦੇ ਨਾਲ ਹੋਈ ਮੀਟਿੰਗ

**ਚੰਡੀਗੜ੍ਹ, 14 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਸ਼ਹਿਰੀ ਸਥਾਨਕ ਸਰਕਾਰ ਮੰਤਰੀ ਸ੍ਰੀ ਵਿਪੁਲ ਗੋਇਲ ਨੇ ਅੱਜ ਹਰਿਆਣਾ ਸਕੱਤਰੇਤ ਵਿੱਚ ਨਗਰ ਪਾਲਿਕਾ ਕਰਮਚਾਰੀ ਸੰਘ, ਹਰਿਆਣਾ ਦੇ ਵਫਦ ਦੇ ਨਾਲ ਉਨ੍ਹਾਂ ਦੀ ਮੰਗਾਂ ਨੂੰ ਲੈ ਕੇ ਇੱਕ ਮਹਤੱਵਪੂਰਣ ਮੀਅਿੰਗ ਕੀਤੀ। ਮੀਟਿੰਗ ਵਿੱਚ ਉਨ੍ਹਾਂ ਨੇ ਨਗਰ ਪਾਲਿਕਾ ਕਰਮਚਾਰੀ ਸੰਘ ਦੇ ਰਾਜ ਪ੍ਰਧਾਨ ਸ੍ਰੀ ਨਰੇਸ਼ ਸ਼ਾਸਤਰੀ ਦੀ ਅਗਵਾਈ ਹੇਠ ਆਏ ਵਫਦ ਨਾਲ ਮੁਲਾਕਾਤ ਕਰ ਉਨ੍ਹਾਂ ਦੀ ਮੰਗਾਂ ਦੇ ਸਬੰਧ ਵਿੱਚ ਜਾਣਕਾਰੀ ਲਈ।

ਸ੍ਰੀ ਵਿਪੁਲ ਗੋਇਲ ਨੇ ਦਸਿਆ ਕਿ ਮੀਟਿੰਗ ਵਿੱਚ ਸੁਹਿਰਦ ਮਾਹੌਲ ਵਿੱਚ ਕਰਮਚਾਰੀ ਸੰਘ ਦੀ ਸਾਰੀ ਮੰਗਾਂ 'ਤੇ ਸਕਾਰਾਤਮਕ ਅਤੇ ਵਿਸਤਾਰ ਚਰਚਾ ਹੋਈ। ਉਨ੍ਹਾਂ ਨੇ ਕਿਹਾ ਕਿ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਦੀ ਅਗਵਾਈ ਹੇਠ ਹਰਿਆਣਾ ਸਰਕਾਰ ਕਰਮਚਾਰੀ ਹਿੱਤਾਂ ਦੇ ਪ੍ਰਤੀ ਪੂਰੀ ਤਰ੍ਹਾ ਨਾਲ ਪ੍ਰਤੀਬੱਧ ਹੈ।

ਉਨ੍ਹਾਂ ਨੇ ਕਿਹਾ ਕਿ ਕਰਮਚਾਰੀਆਂ ਦੀ ਜਿਨ੍ਹਾਂ ਜਾਇਜ ਮੰਗਾਂ 'ਤੇ ਸਹਿਮਤੀ ਬਣੀ ਹੈ, ਉਨ੍ਹਾਂ ਨੂੰ ਜਲਦੀ ਪੂਰਾ ਕੀਤਾ ਜਾਵੇਗਾ।

ਉਨ੍ਹਾਂ ਨੇ ਭਰੋਸਾ ਦਿੰਦੇ ਹੋਏ ਕਿਹਾ ਕਿ ਹਰਿਆਣਾ ਸਰਕਾਰ ਕਰਮਚਾਰੀਆਂ ਦੀ ਸਮਸਿਆਵਾਂ ਦੇ ਹੱਲ ਲਈ ਤਿਆਰ ਹਨ ਅਤੇ ਉਨ੍ਹਾਂ ਦੀ ਮੰਗਾਂ ਨੂੰ ਪ੍ਰਾਥਮਿਕਤਾ ਆਧਾਰ 'ਤੇ ਲਾਗੂ ਕੀਤਾ ਜਾਵੇਗਾ। ਮੀਟਿੰਗ ਵਿੱਚ ਸ਼ਹਿਰੀ ਸਥਾਨਕ ਵਿਭਾਗ ਦੇ ਅਧਿਕਾਰੀ ਸ੍ਰੀ ਆਸ਼ੀਸ਼ ਦੇਸ਼ਵਾਲ, ਸ੍ਰੀਮਤੀ ਸ਼ਸ਼ੀ ਵਸੁੰਧਰਾ ਵੀ ਮੌਜੂਦ ਰਹੇ।

# ਖਰੀਫ ਖਰੀਦ ਸੀਜਨ ਵਿੱਚ ਹੁਣ ਤੱਕ 1945.99 ਕਰੋੜ ਰੁਪਏ ਦੀ ਅਦਾਇਗੀ ਕਿਸਾਨਾਂ ਦੇ ਬੈਂਕ ਖਾਤਿਆਂ ਵਿੱਚ ਸਿੱਧੇ ਟ੍ਰਾਂਸਫਰ

**ਚੰਡੀਗੜ੍ਹ, 14 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਵਿੱਚ ਖਰੀਦ ਖਰੀਦ ਸੀਜਨ 2025-26 ਦੌਰਾਨ ਕਿਸਾਨਾਂ ਦੇ ਖਾਤਿਆਂ ਵਿੱਚ ਹੁਣ ਤੱਕ 1945.99 ਕਰੋੜ ਰੁਪਏ ਦੀ ਅਦਾਇਗੀ ਉਨ੍ਹਾਂ ਦੇ ਬੈਂਕ ਖਾਤਿਆਂ ਵਿੱਚ ਸਿੱਧੇ ਟ੍ਰਾਂਸਫਰ ਕੀਤੀ ਜਾ ਚੁੱਕੀ ਹੈ। ਇਸ ਤਰ੍ਹਾ ਸਰਕਾਰ ਨੇ ਕਿਸਾਨਾਂ ਨੂੰ ਘੱਟ ਘੱਟ ਸਹਾਇਕ ਮੁੱਲ ਦਾ ਭੁਗਤਾਨ ਯਕੀਨੀ ਕੀਤਾ ਹੈ।ਮੇਰੀ ਫਸਲ ਮੇਰਾ ਬਿਊਰਾ ਪੋਰਟਲ 'ਤੇ ਰਜਿਸਟਰਡ ਕਿਸਾਨਾਂ ਤੋਂ ਝੋਨੇ ਦੀ ਖਰੀਦ ਕੀਤੀ ਜਾ ਰਹੀ ਹੈ। ਰਾਜ ਵਿੱਚ ਹੁਣ ਤੱਕ ਮੇਰੀ ਫਸਲ ਮੇਰਾ ਬਿਊਰਾ ਪੋਰਟਲ 'ਤੇ ਰਜਿਸਟਰਡ 113083 ਕਿਸਾਨਾਂ ਤੋਂ ਝੋਨੇ ਦੀ ਖਰੀਦ ਕੀਤੀ ਗਈ ਹੈ।ਹਰਿਆਣਾ ਦੇ ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਵਿਭਾਗ ਦੇ ਇੱਕ ਬੁਲਾਰੇ ਨੇ ਅੱਜ ਇੱਥੇ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਹੁਣ ਤੱਕ ਪੂਰੇ ਸੂਬੇ ਦੀ ਮੰਡੀਆਂ ਵਿੱਚ ਕੁੱਲ 1807936.07 ਲੱਖ ਮੀਟ੍ਰਿਕ ਟਨ ਝੋਨੇ ਦੀ ਆਮਦ ਹੋਈ ਹੈ।

ਬੁਲਾਰੇ ਨੇ ਕਿਹਾ ਕਿ ਵੱਖ-ਵੱਖ ਜਿਲ੍ਹਿਆਂ ਦੀ ਮੰਡੀਆਂ ਤੋਂ ਹੁਣ ਤੱਕ 976370.73 ਲੱਖ ਮੀਟ੍ਰਿਕ ਟਨ ਝੋਨੇ ਦਾ ਉਠਾਨ ਹੋ ਚੁੱਕਾ ਹੈ। ਹੁਣ ਤੱਕ ਮੰਡੀਆਂ ਤੋਂ 1573715.26 ਲੱਖ ਮੀਟ੍ਰਿਕ ਟਨ ਝੋਨੇ ਦੀ ਖਰੀਦ ਕੀਤੀ ਜਾ ਚੁੱਕੀ ਹੈ। ਹਰਿਆਣਾ ਦੀ ਮੰਡੀਆਂ/ਖਰੀਦ ਕੇਂਦਰਾਂ ਵਿੱਚ ਝੋਨੇ ਦੀ ਖਰੀਦ ਖੁਰਾਕ ਅਤੇ ਸਿਵਲ ਸਪਲਾਈ ਵਿਭਾਗ, ਹੈਫੇਡ ਅਤੇ ਹਰਿਆਣਾ ਰਾਜ ਵੇਅਰਹਾਊਸਿੰਗ ਕਾਰਪੋਰੇਸ਼ਨ ਵੱਲੋਂ ਕੀਤੀ ਜਾ ਰਹੀ ਹੈ।

ਵਰਨਣਯੋਗ ਹੈ ਕਿ ਰਾਜ ਵਿੱਚ ਝੋਨੇ ਦੀ ਖਰੀਦ ਭਾਰਤ ਸਰਕਾਰ ਵੱਲੋਂ ਝੋਨੇ ਦੀ ਖਰੀਦ ਘੱਟੋ ਘੱਟ ਸਹਾਇਕ ਮੁੱਲ ਵਿੱਚ ਕਰਦੇ ਹੋਏ ਫਸਲ ਦਾ ਭੁਗਤਾਨ ਕਿਸਾਨਾ ਦੇ ਬੈਂਕ ਖਾਤਿਆਂ ਵਿੱਚ ਸਿੱਧੇ ਤੌਰ 'ਤੇ ਟ੍ਰਾਂਸਫਰ ਕੀਤਾ ਜਾਂਦਾ ਹੈ। ਸਰਕਾਰ ਵੱਲੋਂ ਕਿਸਾਨ ਭਰਾਵਾਂ ਤੋਂ ਵਾਰ-ਵਾਰ ਅਪੀਲ ਕੀਤੀ ਜਾ ਰਹੀ ਹੈ ਕਿ ਉਹ ਆਪਣੀ ਫਸਲ ਦੀ ਮੰਡੀ ਵਿੱਚ ਚੰਗੀ ਤਰ੍ਹਾ ਸੁਖਾ ਕੇ ਭਾਰਤ ਸਰਕਾਰ ਵੱਲੋਂ ਨਿਰਧਾਰਿਤ ਮਾਪਡੰਡਾਂ (ਜਿਵੇਂ ਕਿ ਨਮੀ 17 ਫੀਸਦੀ) ਦੀ ਸੀਮਾ ਅਨੁਸਾਰ ਲੈ ਕੇ ਆਉਣ। ਰਾਜ ਦੀ ਖਰੀਦ ਸੰਸਥਾਵਾਂ ਵੱਲੋਂ ਝੋਨੇ ਦੀ ਖਰੀਦ ਲਈ ਪੁਖਤਾ ਪ੍ਰਬੰਧ ਕੀਤੇ ਗਏ ਹਨ ਅਤੇ ਝੋਨੇ ਦੇ ਉਠਾਨ ਕੰਮ ਵਿੱਚ ਵੀ ਤੇਜੀ ਲਿਆਈ ਜਾ ਰਹੀ ਹੈ। ਵਰਨਣਯੋਗ ਹੈ ਕਿ ਰਾਜ ਦੀ ਖਰੀਦ ਸੰਸਥਾਵਾਂ ਵੱਲੋਂ ਖਰੀਦ ਕੀਤੇ ਗਏ ਝੋਨੇ ਦੇ ਭਾਰਤ ਸਰਕਾਰ ਵੱਲੋਂ ਨਿਰਧਾਰਿਤ ਘੱਟੋ ਘੱਟ ਸਹਾਇਕ ਮੁੱਲ ਦੀ ਅਦਾਇਗੀ ਕਿਸਾਨਾਂ ਦੇ ਬੈਂਕ ਖਾਤਿਆਂ ਵਿੱਚ ਸਿੱਧੇ ਤੌਰ 'ਤੇ ਟ੍ਰਾਂਸਫਰ ਕੀਤੀ ਜਾਂਦੀ ਹੈ। ਭਾਰਤ ਸਰਕਾਰ ਵੱਲੋਂ ਝੋਨੇ ਲਈ ਨਿਰਧਾਰਿਤ ਘੱਟੋ ਘੱਟ ਸਹਾਇਕ ਮੁੱਲ 2389 ਰੁਪਏ ਪ੍ਰਤੀ ਕੁਇੰਟਲ ਵਿੱਚ ਕੋਈ ਕਟੌਤੀ ਨਹੀਂ ਕੀਤੀ ਗਈ ਹੈ।ਇਸ ਤੋਂ ਇਲਾਵਾ ਰਾਜ ਦੀ ਮੰਡੀਆਂ ਅਤੇ ਖਰੀਦ ਕੇਂਦਰਾਂ ਵਿੱਚ ਕਿਸਾਨਾਂ ਵੱਲੋਂ ਲਿਆਏ ਗਏ ਝੋਨੇ ਦੀ ਸਾਫ-ਸਫਾਈ ਦਾ ਕੰਮ ਆੜਤੀਆਂ ਵੱਲੋਂ ਆਪਣੇ ਪੱਧਰ 'ਤੇ ਕੀਤਾ ਜਾ ਰਿਹਾ ਹੈ। ਇਸ ਦੇ ਨਾਲ-ਨਾਲ ਮੰਡੀਆਂ ਅਤੇ ਖਰੀਦ ਕੇਂਦਰਾਂ 'ਤੇ ਹੋਣ ਵਾਲੇ ਮੰਡੀ ਕਿਰਤ ਕੰਮਾਂ (ਜਿਵੇਂ ਕਿ ਭਰਾਈ, ਤੁਲਾਈ, ਸਿਲਾਈ, ਲਦਾਈ ਆਦਿ) ਦੇ ਫੀਸ ਦਰਾਂ ਦੀ ਅਦਾਇਗੀ ਵੀ ਸਰਕਾਰ ਵੱਲੋਂ ਭੁਗਤਾਨ ਕੀਤੀ ਜਾਂਦੀ ਹੈ।

# ਵਿਦਿਆਰਥੀ ਪਹੁੰਚੇ ਫਾਇਰ ਬ੍ਰਿਗੇਡ ਸਟੇਸ਼ਨ ਤੇ ਸਿੱਖੇ ਅੱਗ ਤੋ ਬਚਾਅ ਦੇ ਗੁਰ



**ਬਟਾਲਾ,14 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਪ੍ਰਿੰਸੀਪਲ ਮੀਨਾ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੇ) ਫਤਿਹਗੜ੍ਹ ਚੂੜੀਆਂ ਦੇ ਦਿਸ਼ਾ ਨਿਰਦੇਸ਼ 'ਚ ਵਕੋਸ਼ਨਲ ਟ੍ਰੇਨਰ ਬਲਦੇਵ ਸਿੰਘ, ਜਗਰੂਪ ਸਿੰਘ, ਗੁਰਿੰਦਰ ਸਿੰਘ ਦੇ ਨਾਲ ਐਨ.ਐਸ.ਕਿਊ.ਐਫ. ਦੇ 100 ਵਿਦਿਆਰਥੀ ਸਟੇਸ਼ਨ ਫਾਇਰ ਬ੍ਰਿਗੇਡ ਬਟਾਲਾ ਵਿਖੇ ਅੱਗ ਤੋ ਬਚਾਅ ਸਬੰਧੀ ਗੁਰ ਸਿੱਖਣ ਲਈ ਪਹੁੰਚੇ।ਇਸ ਮੌਕੇ ਸਟੇਸ਼ਨ ਇੰਚਾਰਜ ਨੀਰਜ ਸ਼ਰਮਾਂ ਦੇ ਦਿਸ਼ਾ ਨਿਰਦੇਸ਼ ਵਿਚ ਫਾਇਰ ਅਫ਼ਸਰ ਰਾਕੇਸ਼ ਸ਼ਰਮਾਂ ਹਰਬਖਸ਼ ਸਿੰਘ ਸਿਵਲ ਡਿਫੈਂਸ, ਲਵਪ੍ਰੀਤ ਸਿੰਘ ਤੇ ਵਰਿੰਦਰ ਵਲੋਂ ਜਾਗਰੂਕ ਕੀਤਾ ਗਿਆ। ਸਭ ਤੋਂ ਪਹਿਲਾ ਕੰਟਰੋਲ ਰੂਮ ਬਾਰੇ ਦਸਦੇ ਹੋਏ ਫਾਇਰ ਕਾਲ ਕਰਨ ਤੇ ਫਾਇਰ ਟੈਂਡਰਾਂ ਬਾਰੇ ਜਾਣਕਾਰੀ ਦਿੱਤੀ।ਉਪਰੰਤ ਵੱਖ ਵੱਖ ਅੱਗਾਂ ਦੀਆਂ ਕਿਸਮਾਂ ਬਾਰੇ ਜਾਣਕਾਰੀ ਦੇਂਦੇ ਹੋਏ ਇਸ ਦੀ ਰੋਕਥਾਮ ਦੇ ਗੁਰਾਂ ਬਾਰੇ ਦੱਸਿਆ। ਇਸ ਤੋ ਅੱਗੇ ਦਿਵਾਲੀ ਮੌਕੇ ਬਾਹਰ ਖੇਤਾਂ ਵਿਚ ਪਰਾਲੀ ਨੂੰ ਜਾਂ ਕਿਸੇ ਵੀ ਹੋਰ ਜਲਣਸ਼ੀਲ਼ ਨੂੰ ਅੱਗ ਨਾ ਲਗੇ ਪੂਰਾ ਧਿਆਨ ਰੱਖਿਆ ਜਾਵੇ। ਕਿਸੇ ਵੀ ਹੰਗਾਮੀ ਹਾਲਤਾਂ ਵਿਚ ਰਾਸ਼ਟਰੀ ਸਹਾਇਤਾ ਨੰਬਰ 112 'ਤੇ ਕਾਲ ਕਰੋ।

# ਪੋਸ਼ਣ ਮਾਹ 2025 ਬਲਾਕ ਦੋਰਾਗਲਾ ਜਿਲ੍ਹਾ ਗੁਰਦਾਸਪੁਰ ਵੱਲੋ ਬਲਾਕ ਲੇਵਲ ਤੇ ਮਨਾਇਆ ਗਿਆ



**ਗੁਰਦਾਸਪੁਰ,14 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤ ਸਰਕਾਰ ਅਤੇ ਸਮਾਜਿਕ ਸੁਰੱਖਿਆ ਤੇ ਬਾਲ ਵਿਕਾਸ ਵਿਭਾਗ ਪੰਜਾਬ ਚੰਡੀਗੜ੍ਹ ਦੇ ਦਿਸ਼ਾ ਨਿਰਦੇਸ਼ਾ ਅਤੇ ਜਸਮੀਤ ਕੋਰ ਜਿਲ੍ਹਾ ਪ੍ਰੋਗਰਾਮ ਅਫਸਰ, ਗੁਰਦਾਸਪੁਰ ਦੇ ਹੁਕਮਾ ਅਨੁਸਾਰ, ਸੁਦੇਸ਼ ਕੁਮਾਰੀ , ਬਾਲ ਵਿਕਾਸ ਪ੍ਰੋਜੈਕਟ ਅਫਸਰ ਦੋਰਾਗਲਾ ਵੱਲੋ ਪਿੰਡ ਖੁੱਥੀ ਵਿਖੇ ਪੋਸ਼ਣ ਮਾਂਹ ਮਨਾਇਆ ਗਿਆ ਜਿਸ ਵਿੱਚ ਗਰਭਵਤੀ ਔਰਤਾ ਦੀ ਗੋਦ ਭਰਾਈ ਕਰਵਾਈ ਗਈ ਅਤੇ ਘੱਟ ਲਾਗਤ ਨਾਲ ਬਣਨ ਵਾਲੇ ਪੋਸਟਿਕ ਪਕਵਾਨਾ ਦੇ ਸਟਾਲ ਲਗਾਏ ਗਏ ।

ਜਿਲ੍ਹਾ ਪ੍ਰੋਗਰਾਮ ਅਫਸਰ ਗੁਰਦਾਸਪੁਰ ਅਤੇ ਬਾਲ ਵਿਕਾਸ ਪ੍ਰੋਜੈਕਟ ਅਫਸਰ ਦੋਰਾਗਲਾ ਵੱਲੋ ਗਰਭਵਤੀ ਔਰਤਾ ਅਤੇ ਨਰਸਿੰਗ ਮਾਵਾ 0-6 ਸਾਲ ਦੇ ਬੱਚਿਆ ਨੂੰ ਸਾਫ ਸਫਾਈ ਰੱਖਣ ਅਤੇ ਪੋਸ਼ਟਿਕ ਅਹਾਰ ਲੈਣ ਲਈ ਸਬਜੀਆ ਅਤੇ ਫਲਾਂ ਦੀ ਵਰਤੋ ਕਰਨ ਲਈ ਪ੍ਰੇਰਿਤ ਕੀਤਾ ਗਿਆ ਅਤੇ ਬੱਚਿਆ ਨੂੰ ਜੰਕ ਫੂਡ ਨਾ ਦੇਣ ਲਈ ਪ੍ਰੇਰਿਤ ਕੀਤਾ ਗਿਆ ।

ਇਸ ਪੋਸ਼ਣ ਮਾਹ ਵਿੱਚ ਕਮਲਪ੍ਰੀਤ ਕੋਰ ਜਿਲ੍ਹਾ ਕੁਆਰਡੀਨੇਟਰ ਗੁਰਦਾਸਪੁਰ, ਨੇ ਦੱਸਿਆ ਕਿ ਇਸ ਤੋਂ ਇਲਾਵਾ ਅਨੀਮੀਆ ਅਤੇ ਢੁਕਵੀਂ ਸਾਫ-ਸਫਾਈ ਬਾਰੇ ਜਾਗਰੂਕਤਾ ਫੈਲਾਉਣ 'ਤੇ ਧਿਆਨ ਦਿੱਤਾ ਜਾਵੇਗਾ।

ਇਸ ਦਾ ਉਦੇਸ਼ ਉਹਨਾਂ ਨੂੰ ਕਸਰਤ ਅਤੇ ਵਾਤਾਵਰਣ ਸੁਧਾਰ ਦੇ ਨਾਲ-ਨਾਲ ਸਿਹਤਮੰਦ ਅਤੇ ਪੌਸ਼ਟਿਕ ਖੁਰਾਕ ਦੀ ਮਹੱਤਤਾ ਬਾਰੇ ਜਾਗਰੂਕ ਕਰਨਾ ਹੈ।

ਪੋਸ਼ਣ ਮਾਹ ਦੌਰਾਨ ਮਾਂ ਦਾ ਦੁੱਧ ਚੁੰਘਾਉਣਾ ਅਤੇ ਸੰਪੂਰਨ ਖੁਰਾਕ ਦੇਣਾ, ਸਵਸਥ ਬਾਲਕ ਸਪ੍ਰਧਾ, ਪੋਸ਼ਣ ਵੀ ਪੜ੍ਹਾਈ ਵੀ, ਮਿਸ਼ਨ ਲਾਈਫ ਦੁਆਰਾ ਪੋਸ਼ਣ ਵਿੱਚ ਸੁਧਾਰ ਕਰਨਾ ਹੈ , ਇਸ ਤੋ ਇਲਾਵਾ ਰਜਵਿੰਦਰ ਕੋਰ ਸੁਪਰਵਾਈਜਰ, ਵਰਿੰਦਰ ਕੋਰ ਸੁਪਰਵਾਈਜਰ, ਸਰਪੰਚ ਪ੍ਰਦੀਪ ਸਿੰਘ ਪਿੰਡ ਖੁੱਥੀ, ਪਲਵਿੰਦਰ ਕੋਰ ਬਲਾਕ ਕੋਆਰਡੀਨੇਟਰ, ਪੋਸ਼ਣ ਅਭਿਆਨ ਅਤੇ ਸਰਕਲ ਬਹਿਰਾਮਪੁਰ ਅਤੇ ਸਰਕਲ ਗਾਰਲੜੀ ਦੀਆ ਆਂਗਣਵਾੜੀ ਵਰਕਰਾ ਸਾਮਿਲ ਹੋਈਆ ਹਨ ।

ਪੋਸ਼ਣ ਮਾਹ ਦੌਰਾਨ ਵਧੀਆ ਕਾਰਜਗੁਜਾਰੀ ਕਰਨ ਵਾਲੀਆ ਵਰਕਰਾ ਨੂੰ ਜਿਲ੍ਹਾ ਪ੍ਰੋਗਰਾਮ ਅਫਸਰ ਵੱਲੋ ਵੀ ਸਨਮਾਨਿਤ ਕੀਤਾ ਗਿਆ ।

# ਵਿਧਾਇਕ ਜਲਾਲਾਬਾਦ ਨੇ ਸੜਕ ਦੇ ਨਵੀਨੀਕਰਨ ਦਾ ਰੱਖਿਆ ਨੀਂਹ ਪੱਥਰ



**ਫਾਜ਼ਿਲਕਾ,14 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਰਹਿਨੁਮਾਈ ਹੇਠ ਅਤੇ ਚੇਅਰਮੈਨ ਪੰਜਾਬ ਮੰਡੀ ਬੋਰਡ ਸ. ਹਰਚੰਦ ਸਿੰਘ ਬਰਸਟ ਦੀ ਅਗਵਾਈ ਹੇਠ ਜਲਾਲਾਬਾਦ ਹਲਕੇ ਵਿੱਚ ਸੜਕਾਂ ਦੀ ਰਿਪੇਅਰ/ਨਵੀਨੀਕਰਨ ਲਈ 31 ਕਰੋੜ 20 ਲੱਖ ਰੁਪਏ ਦਿੱਤੇ ਗਏ ਹਨ। ਇਹ ਪ੍ਰਗਟਾਵਾ ਜਲਾਲਾਬਾਦ ਦੇ ਵਿਧਾਇਕ ਸ੍ਰੀ. ਜਗਦੀਪ ਕੰਬੋਜ ਗੋਲਡੀ ਨੇ 74.45 ਲੱਖ ਦੀ ਲਾਗਤ ਨਾਲ 4.65 ਕਿਲੋਮੀਟਰ ਲੰਬੀ ਚੱਕ ਪੱਖੀ ਤੋਂ ਮੀਨੇਆਲੀ ਸੜਕ ਦੇ ਨਵੀਨੀਕਰਨ ਦਾ ਨੀਂਹ ਪੱਥਰ ਰੱਖਣ ਮੌਕੇ ਕੀਤਾ।ਇਸ ਮੌਕੇ ਬੋਲਦਿਆਂ ਵਿਧਾਇਕ ਜਗਦੀਪ ਕੰਬੋਜ ਗੋਲਡੀ ਨੇ ਕਿਹਾ ਕਿ ਉਹ ਮਾਣਯੋਗ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੇ ਧੰਨਵਾਦੀ ਹਨ ਜਿਨ੍ਹਾਂ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਦੇ ਸਰਵਪੱਖੀ ਵਿਕਾਸ ਕਰਨ ਵਿੱਚ ਲੱਗੀ ਹੋਈ ਹੈ ਤੇ ਪਿੰਡਾਂ ਦੀਆਂ ਸੜਕਾਂ ਤੋਂ ਇਲਾਵਾ ਗਲੀਆਂ, ਨਾਲੀਆਂ ਤੇ ਛੱਪੜਾਂ ਨੂੰ ਵੀ ਪੱਕਾ ਕੀਤਾ ਜਾ ਰਿਹਾ ਹੈ ਤੇ ਪਿੰਡਾਂ ਨੂੰ ਵੀ ਸ਼ਹਿਰੀ ਦਿੱਖ ਮਿਲ ਰਹੀ ਹੈ। ਉਨ੍ਹਾਂ ਕਿਹਾ ਕਿ ਹਲਕੇ ਦਾ ਕੋਈ ਵੀ ਪਿੰਡ ਵਿਕਾਸ ਪੱਖੋਂ ਵਾਂਝਾ ਨਹੀਂ ਰਹਿਣ ਦਿੱਤਾ ਜਾਵੇਗਾ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਕੋਲ ਫੰਡਾਂ ਦੀ ਕੋਈ ਘਾਟ ਨਹੀਂ ਹੈ ਤੇ ਜਲਾਲਬਾਦ ਹਲਕੇ ਵਿੱਚ ਅੱਜ ਉਹ ਅਲੱਗ-ਅਲੱਗ ਪਿੰਡਾਂ ਵਿੱਚ 5 ਕਰੋੜ 13 ਲੱਖ 85 ਹਜ਼ਾਰ ਦੀ ਲਾਗਤ ਨਾਲ ਸੜਕਾਂ ਦੇ ਨਵੀਨੀਕਰਨ/ਰਿਪੇਅਰ ਦੇ ਨੀਂਹ ਪੱਥਰ ਰੱਖਣਗੇ।

# ਵਧੀਕ ਜਿਲ੍ਹਾ ਮੈਜਿਸਟਰੇਟ, ਹਰਜਿੰਦਰ ਸਿੰਘ ਬੇਦੀ ਵਲੋਂ ਜਾਰੀ ਹੁਕਮਾਂ ਤਹਿਤ ਜ਼ਿਲ੍ਹਾ ਗੁਰਦਾਸਪੁਰ ਅੰਦਰ ਪਟਾਖਿਆਂ ਦੀ ਵੇਚ/ਖਰੀਦ ਲਈ ਥਾਵਾਂ ਨਿਰਧਾਰਿਤ



**ਗੁਰਦਾਸਪੁਰ,14 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸ੍ਰੀ ਹਰਜਿੰਦਰ ਸਿੰਘ ਬੇਦੀ, ਵਧੀਕ ਜ਼ਿਲ੍ਹਾ ਮੈਜਿਸਟਰੇਟ , ਗੁਰਦਾਸਪੁਰ ਵਲੋਂ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ, 2023 ਦੀ ਧਾਰਾ 163 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦਿਆਂ ਜ਼ਿਲ੍ਹਾ ਗੁਰਦਾਸਪੁਰ ਦੀ ਹਦੂਦ ਅੰਦਰ 20 ਅਕਤੂਬਰ, 2025 (ਦੀਵਾਲੀ ਦੇ ਦਿਨ) ਰਾਤ 8-00 ਤੋਂ ਰਾਤ 10-00 ਵਜੇ ਤੱਕ, (ਗੁਰਪੁਰਬ ਦੇ ਦਿਨ) ਸਵੇਰੇ 4-00 ਵਜੇ ਤੋਂ ਸਵੇਰੇ 5-00 ਵਜੇ ਤੱਕ ਅਤੇ ਰਾਤ 9-00 ਵਜੇ ਤੋਂ ਰਾਤ 10-00 ਵਜੇ ਤੱਕ, ਕ੍ਰਿਸਮਿਸ ਅਤੇ ਨਵੇਂ ਸਾਲ ਵਾਲੇ ਦਿਨ, ਰਾਤ ਨੂੰ 11-55 ਵਜੇ ਤੋਂ ਸਵੇਰੇ 12-30 ਤੱਕ ਦੇ ਸਮੇਂ ਤੋਂ ਪਹਿਲਾਂ ਅਤੇ ਬਾਅਦ ਵਿੱਚ ਆਤਿਸ਼ਬਾਜੀ ਚਲਾਉਣ/ ਵਰਤੋਂ ਕਰਨ 'ਤੇ ਮੁਕੰਮਲ ਪਾਬੰਦੀ ਲਗਾਉਣ ਦੇ ਹੁਕਮ ਜਾਰੀ ਕੀਤੇ ਹਨ

ਹੁਕਮਾਂ ਵਿੱਚ ਸਾਈਲੈਂਸ ਜ਼ੋਨ, ਜਿਵੇਂ ਕਿ ਸਰਕਾਰੀ ਦਫ਼ਤਰਾਂ, ਜੰਗਲਾਤ, ਹਸਪਤਾਲਾਂ, ਵਿਦਿਆਕ ਸੰਸਥਾਵਾਂ, ਅਦਾਲਤਾਂ, ਧਾਰਮਿਕ ਸੰਸਥਾਵਾਂ ਜਾਂ ਕੋਈ ਏਰੀਆ ਜਿਹੜਾ ਕਿ ਸਮਰੱਥ ਅਧਿਕਾਰੀ ਵੱਲੋਂ ਸਾਈਲੈਂਸ ਜ਼ੋਨ ਐਲਾਨਿਆ ਗਿਆ ਹੋਵੇ, ਦੇ 100 ਮੀਟਰ ਦੇ ਘੇਰੇ ਵਿੱਚ ਆਤਿਸ਼ਬਾਜ਼ੀ/ਪਟਾਕਿਆਂ ਨੂੰ ਚਲਾਉਣ 'ਤੇ ਵੀ ਮੁਕੰਮਲ ਪਾਬੰਦੀ ਲਗਾਈ ਗਈ ਹੈਜਾਰੀ ਕੀਤੇ ਹੁਕਮਾਂ ਵਿੱਚ ਜ਼ਿਲ੍ਹਾ ਗੁਰਦਾਸਪੁਰ ਅੰਦਰ ਪਟਾਖਿਆਂ ਦੀ ਵੇਚ/ਖ੍ਰੀਦ ਲਈ ਥਾਵਾਂ ਨਿਰਧਾਰਤ ਕੀਤੀਆਂ ਗਈਆਂ ਹਨ।

ਗੁਰਦਾਸਪੁਰ ਵਿਖੇ, ਗਰਾਉਂਡ, ਸਾਹਮਣੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਰਿਜ਼ਨਲ ਕੈਂਪਸ, ਗੁਰਦਾਸਪੁਰ । ਬਟਾਲਾ ਵਿਖੇ, ਪਸ਼ੂ ਮੰਡੀ, ਬਟਾਲਾ ।ਦੀਨਾਨਗਰ ਵਿਖੇ ਦੁਸ਼ਹਿਰਾ ਗਰਾਉਂਡ, ਦੀਨਾਨਗਰ। ਡੇਰਾ ਬਾਬਾ ਨਾਨਕ/ਕਲਾਨੌਰ ਲਈ ਦਾਣਾ ਮੰਡੀ, ਡੇਰਾ ਬਾਬਾ ਨਾਨਕ ਵਿਖੇ ਅਤੇ ਫਤਹਿਗੜ੍ਹ ਚੂੜੀਆਂ, ਰੇਲਵੇਂ ਰੋਡ, ਖੇਡ ਸਟੇਡੀਅਮ, ਫਤਹਿਗੜ੍ਹ ਚੂੜੀਆਂ ਵਿਖੇ ਥਾਵਾਂ ਨਿਰਧਾਰਤ ਕੀਤੀਆਂ ਗਈਆਂ ਹਨ।

ਹੁਕਮਾਂ ਵਿੱਚ ਕਿਹਾ ਗਿਆ ਹੈ ਕਿ ਪੰਜਾਬ ਸਰਕਾਰ, ਉਦਯੋਗ ਅਤੇ ਕਮਰਸ ਵਿਭਾਗ ਚੰਡੀਗੜ੍ਹ ਵਲੋਂ ਐਕਸਪਲੋਸਿਵ ਰੂਲ 2008 ਸਬੰਧੀ ਜਾਰੀ ਹੋਈਆਂ ਹਦਾਇਤਾਂ ਅਨੁਸਾਰ ਪਟਾਕੇ ਵੇਚਣ ਦਾ ਸਮਾਂ ਸਵੇਰੇ 10-00 ਵਜੇ ਤੋਂ ਸ਼ਾਮ 7:30 ਵਜੇ ਤੱਕ ਨਿਰਧਾਰਤ ਕੀਤਾ ਗਿਆ ਹੈ। ਇਸ ਤੋਂ ਇਲਾਵਾ ਮਾਨਯੋਗ ਪੰਜਾਬ ਤੇ ਹਰਿਆਣਾ ਹਾਈਕੋਰਟ ਚੰਡੀਗੜ੍ਹ ਵਲੋਂ ਦਿੱਤੇ ਹੁਕਮਾਂ ਅਨੁਸਾਰ ਦੁਕਾਨਦਾਰਾਂ ਨੂੰ ਪਟਾਕੇ ਵੇਚਣ ਸਬੰਧੀ ਲਾਇਸੈਂਸ ਕੁਲ ਪ੍ਰਾਪਤ ਹੋਈਆਂ ਦਰਖਾਸਤਾਂ ਵਿੱਚੋਂ 20 ਪ੍ਰਤੀਸ਼ਤ ਦੇ ਹਿਸਾਬ ਨਾਲ ਵਧੀਕ ਜਿਲ੍ਹਾ ਮੈਜਿਸਟਰੇਟ ਗੁਰਦਾਸਪੁਰ ਦੀ ਪ੍ਰਧਾਨਗੀ ਹੇਠ ਕੱਢਿਆਂ ਜਾਵੇਗਾ।

ਦੀਵਾਲੀ ਤੇ ਪਟਾਕੇ ਰਾਤ 8-00 ਵਜੇ ਤੋਂ ਲੈ ਕੇ ਰਾਤ 10-00 ਵਜੇ ਤੱਕ, ਕ੍ਰਿਸਮਿਸ ਤੇ ਨਵੇ ਸਾਲ ਵਾਲੇ ਦਿਨ ਰਾਤ 11.55 ਤੋਂ ਸਵੇਰੇ 12.30 ਵਜੇ ਤੱਕ, ਗੁਰਪੁਰਬ ਤੇ ਸਵੇਰੇ 4-00 ਵਜੇ ਤੋਂ ਸਵੇਰੇ 5-00 ਵਜੇ ਤੱਕ ਰਾਤ ਨੂੰ 9-00 ਵਜੇ ਤੋਂ ਰਾਤ 10-00 ਵਜੇ ਤੱਕ ਹੀ ਆਤਿਸ਼ਬਾਜੀ ਦੀ ਵਰਤੋਂ ਕੀਤੀ ਜਾ ਸਕਦੀ ਹੈ।

ਇਨਾਂ ਹੁਕਮਾਂ ਅਨੁਸਾਰ ਉਕਤ ਸਮੇਂ ਤੋਂ ਪਹਿਲਾਂ ਅਤੇ ਬਾਅਦ ਵਿੱਚ ਆਤਿਸ਼ਬਾਜੀ ਚਲਾਉਣ ਵਰਤੋਂ ਕਰਨ 'ਤੇ ਮੁਕੰਮਲ ਪਾਬੰਦੀ ਹੋਵੇਗੀ।

ਹੁਕਮਾਂ ਵਿੱਚ ਕਿਹਾ ਗਿਆ ਹੈ ਕਿ ਆਤਿਸ਼ਬਾਜੀ/ਪਟਾਕਿਆਂ ਦੀ ਵਰਤੋਂ ਕਰਨ ਨਾਲ ਜਨਤਕ ਸ਼ਾਂਤੀ ਭੰਗ ਹੋਣ, ਦੁਰਘਾਟਨਵਾਂ ਹੋਣ ਦੀ ਸੰਭਾਵਨਾ ਵੀ ਵੱਧ ਜਾਂਦੀ ਹੈ ਅਤੇ ਵਾਤਾਵਾਰਨ ਵੀ ਬਹੁਤ ਪ੍ਰਦੂਸ਼ਿਤ ਹੁੰਦਾ ਹੈ। ਇਸ ਨਾਲ ਸਰਕਾਰੀ ਤੇ ਗੈਰ ਸਰਕਾਰੀ ਜਾਇਦਾਦ ਦੇ ਨੁਕਸਾਨ ਹੋਣ ਦਾ ਅੰਦੇਸ਼ਾਂ ਵੀ ਵੱਧ ਜਾਂਦਾ ਹੈ। ਇਸ ਲਈ ਇਸ 'ਤੇ ਪਾਬੰਦੀ ਲਗਾਉਣੀ ਬਹੁਤ ਜ਼ਰੂਰੀ ਹੈ। ਉਕਤ ਨਿਰਧਾਰਿਤ ਥਾਵਾਂ ਪਰ ਪਟਾਖਿਆਂ ਦੀ ਵਿਕਰੀ ਸਵੇਰੇ 10-00 ਵਜੇ ਤੋਂ ਸ਼ਾਮ 7-30 ਵਜੇ ਤੱਕ ਕੀਤੀ ਜਾਵੇਗੀ ਅਤੇ ਇਸ ਤੋਂ ਇਲਾਵਾ ਜ਼ਿਲ੍ਹਾ ਗੁਰਦਾਸਪੁਰ ਅੰਦਰ ਹੋਰ ਕਿਸੇ ਵੀ ਥਾਂ ਦੀ ਵਰਤੋਂ ਪਟਾਖੇ ਅਤੇ ਆਤਿਸ਼ਬਾਜੀ ਦੀ ਖ੍ਰੀਦ/ਵਿਕਰੀ ਲਈ ਨਹੀਂ ਕੀਤੀ ਜਾ ਸਕੇਗੀ।

# ਪਿੰਡ ਬੱਲੂਆਣਾ ਵਿਖੇ ਪਰਾਲੀ ਨੂੰ ਅੱਗ ਨਾ ਲਗਾਉਣ ਸਬੰਧੀ ਬਲਾਕ ਪੱਧਰੀ ਜਾਗਰੂਕਤਾ ਕੈਂਪ ਦਾ ਆਯੋਜਨ




**ਫਾਜ਼ਿਲਕਾ,14 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਖੇਤੀਬਾੜੀ ਵਿਭਾਗ ਵੱਲੋਂ ਪਿੰਡ ਬੱਲੂਆਣਾ ਵਿਖੇ ਪਰਾਲੀ ਨੂੰ ਅੱਗ ਨਾ ਲਗਾਉਣ ਸਬੰਧੀ ਬਲਾਕ ਪੱਧਰੀ ਜਾਗਰੂਕਤਾ ਕੈਂਪ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਵੱਡੀ ਗਿਣਤੀ ਵਿੱਚ ਕਿਸਾਨਾਂ ਨੇ ਹਿੱਸਾ ਲਿਆ। ਇਸ ਕੈਂਪ ਦਾ ਮੁੱਖ ਉਦੇਸ਼ ਕਿਸਾਨਾਂ ਨੂੰ ਝੋਨੇ ਦੀ ਪਰਾਲੀ ਨੂੰ ਸਾੜਨ ਤੋਂ ਰੋਕਣਾ ਅਤੇ ਇਸਦੇ ਸਹੀ ਪ੍ਰਬੰਧਨ ਬਾਰੇ ਜਾਣਕਾਰੀ ਦੇਣਾ ਹੈ।

ਏ.ਡੀ.ਓ. ਗੁਰਪ੍ਰੀਤ ਲੋਹੀਆ ਵੱਲੋਂ ਆਈ.ਈ.ਸੀ. ਐਕਟੀਵਿਟੀ ਤਹਿਤ ਕਿਸਾਨਾਂ ਨੂੰ ਜਾਗਰੂਕ ਕੀਤਾ ਗਿਆ। ਉਨ੍ਹਾਂ ਨੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਪਰਾਲੀ ਨੂੰ ਅੱਗ ਨਾ ਲਗਾ ਕੇ ਇਸ ਨੂੰ ਖੇਤ ਵਿੱਚ ਹੀ ਜਜ਼ਬ ਕਰਨ, ਜਿਸ ਨਾਲ ਮਿੱਟੀ ਦੀ ਸਿਹਤ ਸੁਧਰੇਗੀ ਅਤੇ ਵਾਤਾਵਰਣ ਨੂੰ ਦੂਸ਼ਿਤ ਹੋਣ ਤੋਂ ਬਚਾਇਆ ਜਾ ਸਕੇਗਾ।

ਕੈਂਪ ਦੌਰਾਨ ਡਾ. ਸ਼ਿਸ਼ਪਾਲ ਗੋਦਾਰਾ ਏ.ਪੀ.ਪੀ.ਓ. ਅਬੋਹਰ ਨੇ ਕਿਸਾਨਾਂ ਨੂੰ ਪਰਾਲੀ ਪ੍ਰਬੰਧਨ ਲਈ ਮਸ਼ੀਨਾਂ ਦੀ ਵਰਤੋਂ, ਮੌਜੂਦਾ ਫ਼ਸਲਾਂ ਅਤੇ ਆਉਣ ਵਾਲੀ ਹਾੜੀ ਦੀਆਂ ਫਸਲਾਂ ਅਤੇ ਖੇਤੀਬਾੜੀ ਵਿਭਾਗ ਵਿੱਚ ਚੱਲ ਰਹੀਆਂ ਸਕੀਮਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ।

ਕ੍ਰਿਸ਼ੀ ਵਿਗਿਆਨ ਕੇਂਦਰ, ਫਾਜ਼ਿਲਕਾ ਦੇ ਮੁੱਖੀ ਡਾ. ਅਰਵਿੰਦ ਕੁਮਾਰ ਅਹਿਲਾਵਤ ਨੇ ਕੇ.ਵੀ.ਕੇ. ਦੁਆਰਾ ਦਿੱਤੀਆਂ ਜਾ ਰਹੀਆਂ ਸਹੂਲਤਾਂ ਅਤੇ ਕਰਵਾਈਆਂ ਜਾ ਰਹੀਆਂ ਟ੍ਰੇਨਿੰਗਾਂ ਬਾਰੇ ਕਿਸਾਨਾਂ ਨੂੰ ਜਾਣੂ ਕਰਵਾਇਆ।

ਅੰਤ ਵਿੱਚ ਖੁਸ਼ਪ੍ਰੀਤ ਸਿੰਘ ਏ.ਟੀ.ਐਮ. ਨੇ ਆਏ ਹੋਏ ਕਿਸਾਨਾਂ ਦਾ ਧੰਨਵਾਦ ਕੀਤਾ ਅਤੇ ਉਨ੍ਹਾਂ ਨੂੰ ਪਰਾਲੀ ਨੂੰ ਅੱਗ ਨਾ ਲਗਾਉਣ ਦੀ ਮੁਹਿੰਮ ਵਿੱਚ ਪੂਰਾ ਸਹਿਯੋਗ ਦੇਣ ਦੀ ਅਪੀਲ ਕੀਤੀ।ਇਸ ਮੌਕੇ ਹੋਰਨਾਂ ਅਧਿਕਾਰੀਆਂ ਵਿੱਚ ਅਜੈਪਾਲ (ਏ.ਡੀ.ਓ.), ਸੁਖਜਿੰਦਰ ਸਿੰਘ (ਜੇ.ਟੀ.), ਸਾਹਿਲ ਕੁਮਾਰ (ਵੈਟਨਰੀ ਇੰਸਪੈਕਟਰ) ਅਤੇ ਧਰਮਿੰਦਰ ਕੁਮਾਰ (ਕੋ-ਆਪਰੇਟਿਵ ਸੈਕਟਰੀ) ਹਾਜ਼ਰ ਸਨ। ਪਿੰਡ ਦੇ ਸਰਪੰਚ ਸ੍ਰੀ ਭਜਨ ਲਾਲ ਅਤੇ ਅਗਾਂਹਵਧੂ ਕਿਸਾਨ ਜਿਨ੍ਹਾਂ ਵਿੱਚ ਦੇਸ ਰਾਜ, ਮੁਨਸ਼ੀ ਰਾਮ, ਲਾਡੀ ਸਿੰਘ, ਅਮੀਰ ਚੰਦ, ਗੁਰਜੰਟ ਕੁਮਾਰ ਅਤੇ ਸੁਰਿੰਦਰ ਕੁਮਾਰ ਨੇ ਵਿਸ਼ੇਸ਼ ਤੌਰ 'ਤੇ ਕੈਂਪ ਵਿੱਚ ਹਿੱਸਾ ਲਿਆ।

# ਸਕੂਲ ਆਫ ਐਮੀਨੈਂਸ ਗੋਇੰਦਵਾਲ ਸਾਹਿਬ ਵਿਖੇ ਪਰਾਲੀ ਪ੍ਰਬੰਧਨ ਵਿਸ਼ੇ ਤੇ ਪ੍ਰਤੀਯੋਗਤਾ ਕਰਵਾਈ ਗਈ

**ਤਰਨ ਤਾਰਨ, 14 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਤਰਨ ਤਰਨ ਸ੍ਰੀ ਰਾਹੁਲ, ਆਈ.ਏ.ਐਸ. ਦੇ ਦਿਸ਼ਾ ਨਿਰਦੇਸ਼ਾਂ ਅਤੇ ਮੁੱਖ ਖੇਤੀਬਾੜੀ ਅਫ਼ਸਰ ਤਰਨ ਤਰਨ ਡਾ. ਤੇਜਬੀਰ ਸਿੰਘ ਦੀ ਦੇਖ-ਰੇਖ ਹੇਠ ਸੂਚਨਾ, ਸਿੱਖਿਆ ਤੇ ਪ੍ਰਸਾਰ ਗਤੀਵਿਧੀਆਂ ਤਹਿਤ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਬਲਾਕ, ਖਡੂਰ ਸਾਹਿਬ ਵੱਲੋਂ ਸਕੂਲ ਆਫ ਐਮੀਨੈਂਸ ਗੋਇੰਦਵਾਲ ਸਾਹਿਬ ਵਿਖੇ ਵਾਤਾਵਰਨ ਅਤੇ ਪਰਾਲੀ ਪ੍ਰਬੰਧਨ ਵਿਸ਼ੇ ਤੇ



ਇਸ ਮੌਕੇ ਸਕੂਲੀ ਵਿਦਿਆਰਥੀਆਂ ਨੇ ਬੜੇ ਉਤਸ਼ਾਹ ਨਾਲ ਭਾਸ਼ਣ, ਕਵਿਤਾ, ਪੇਂਟਿੰਗ ਅਤੇ ਨੁੱਕੜ ਨਾਟਕ ਦੇ ਮੁਕਾਬਲਿਆਂ ਵਿੱਚ ਭਾਗ ਲਿਆ ਅਤੇ ਸ਼ਾਨਦਾਰ ਪੇਸ਼ਕਾਰੀ ਕੀਤੀਵਿਦਿਆਰਥੀਆਂ ਦੀ ਪੇਸ਼ਕਾਰੀ ਦੀ ਪ੍ਰਸ਼ੰਸਾ ਕਰਦਿਆ ਬਲਾਕ ਟੈਕਨੋਲੋਜੀ ਅਫ਼ਸਰ, ਖਡੂਰ ਸਾਹਿਬ ਡਾ. ਯਾਦਵਿੰਦਰ ਸਿੰਘ ਨੇ ਕਿਹਾ ਕਿ ਵਿਦਿਆਰਥੀ ਭਵਿੱਖ ਦੇ ਨਿਰਮਾਤਾ ਹਨ, ਇਸ ਲਈ ਉਹਨਾਂ ਨੂੰ ਅਜੋਕੇ ਸਮੇਂ ਵਿੱਚ ਵਾਪਰ ਰਹੀਆਂ ਘਟਨਾਵਾਂ ਅਤੇ ਪੇਸ਼ ਆ ਰਹੀਆਂ ਸਮੱਸਿਆਵਾਂ ਤੋਂ ਜਾਣੂ ਹੋਣਾ ਬਹੁਤ ਜ਼ਰੂਰੀ ਹੈ।

ਮੌਜੂਦਾ ਮੁਸ਼ਕਿਲਾਂ ਨੂੰ ਸਮਝਣ ਉਪਰੰਤ ਹੀ ਉਹ ਇਹਨਾਂ ਸਮੱਸਿਆਵਾਂ ਦੇ ਵਧੀਆ ਹੱਲ ਲਈ ਯਤਨ ਕਰ ਸਕਣਗੇ।ਪਰਾਲੀ ਪ੍ਰਬੰਧਨ ਵਿਸ਼ੇ ਤੇ ਜਾਣਕਾਰੀ ਸਾਂਝੀ ਕਰਦਿਆਂ ਉਹਨਾਂ ਦੱਸਿਆ ਕਿ ਫ਼ਸਲਾਂ ਦੀ ਰਹਿੰਦ-ਖੂੰਹਦ ਸਾੜਨ ਨਾਲ ਧਰਤੀ ਦੀ ਉੱਪਰਲੀ ਪਰਤ ਅਤੇ ਬਨਸਪਤੀ ਨੂੰ ਆਪਣਾ ਵਸੇਬਾ ਬਣਾਈ ਬੈਠੇ ਅਨੇਕਾਂ ਸੂਖ਼ਮ ਜੀਵ, ਕੀਟ ਪਤੰਗੇ,

ਪੰਛੀ ਆਦਿ ਜਿਹੜੇ ਕਿ ਜਿਆਦਾਤਰ ਭੂਮੀ ਅਤੇ ਫਸਲਾਂ ਦੇ ਮਿੱਤਰ ਹੁੰਦੇ ਹਨ ਦਾ ਨਸਲਘਾਤ ਹੋ ਜਾਂਦਾ ਹੈ।



ਮਨਜਿੰਦਰ ਸਿੰਘ ਸਰੌਦ
94634-63136



# ਲੱਚਰ ਗਾਇਕੀ ਅੱਗੇ ਸੱਭਿਆਚਾਰ ਮਿਸ਼ਨ ਅਸਫਲ

ਕੁਝ ਮਹੀਨੇ ਪਹਿਲਾਂ ਪੰਜਾਬੀ ਗਾਇਕੀ 'ਚ ਲੱਚਰਤਾ ਰੋਕਣ ਲਈ ਇਕ ਸੱਭਿਆਚਾਰਕ ਮਿਸ਼ਨ ਬਣਾਇਆ ਗਿਆ ਸੀ। ਇਸ ਮਿਸ਼ਨ ਦੇ ਬਣਨ ਤੋਂ ਬਾਅਦ ਵੀ ਗੀਤਾਂ 'ਚ ਲੱਚਰਤਾ ਜਾਰੀ ਹੈ, ਜੋ ਇਸ ਮਿਸ਼ਨ ਦੀ ਕਾਰਗੁਜ਼ਾਰੀ 'ਤੇ ਸਵਾਲੀਆ ਨਿਸ਼ਾਨ ਹੈ...

ਪਿਛਲੇ ਇਕ ਦਹਾਕੇ ਤੋਂ ਪੰਜਾਬੀ ਗਾਇਕੀ ਦੀ ਗੰਧਲੀ ਹੋਈ ਆਬੋ ਹਵਾ ਨੇ ਸਾਡੇ ਸੱਭਿਆਚਾਰ ਅਤੇ ਵਿਰਸੇ ਦੀ ਕਮਰ ਨੂੰ ਤੋੜ ਕੇ ਰੱਖ ਦਿੱਤਾ ਹੈ। ਚਾਰੇ ਕੁੰਟਾਂ ਵਿਚ ਹਾਲ ਇੱਕੋ ਜਿਹਾ ਨਜ਼ਰ ਆਉਂਦਾ ਹੈ। ਬਹੁਤੇ ਕਲਾਕਾਰਾਂ ਵੱਲੋਂ ਸ਼ੋਹਰਤ ਅਤੇ ਪੈਸੇ ਦੀ ਪਗਡੰਡੀ 'ਤੇ ਤੁਰਦਿਆਂ-ਤੁਰਦਿਆਂ ਮਾਂ ਬੋਲੀ ਦੇ ਵੱਕਾਰ ਨੂੰ ਅੱਖੋਂ ਪਰੋਖੇ ਕਰ ਐਸਾ ਰਸਤਾ ਚੁਣਿਆ ਜੋ ਸਿੱਧਾ ਨੈਤਿਕ ਕਦਰਾਂ ਕੀਮਤਾਂ ਨੂੰ ਕੁਚਲਦਾ ਹੋਇਆ ਅਪਰਾਧ ਅਤੇ ਗ਼ੈਰ-ਜ਼ਿੰਮੇਵਾਰੀ ਵਾਲੇ ਖੇਤਰ ਅੰਦਰ ਜਾ ਦਾਖ਼ਲ ਹੁੰਦਾ ਹੈ। ਹੁਣ ਮਾਂ ਬੋਲੀ ਦਾ ਕਿਸੇ ਨੂੰ ਕੋਈ ਖ਼ਿਆਲ ਨਹੀਂ ਰਿਹਾ ਬਸ ਪੈਸੇ ਤੇ ਸ਼ੋਹਰਤ ਮਿਲਣੀ ਚਾਹੀਦੀ ਹੈ, ਉਹ ਮਿਲ ਵੀ ਰਹੀ ਹੈ। ਅੱਜ ਦੇ ਬਹੁਤੇ ਕਲਾਕਾਰ ਇਹੀ ਫਾਰਮੂਲੇ 'ਤੇ ਫਿੱਟ ਹੁੰਦੇ ਨੇ ਤੇ ਹਿੱਟ ਵੀ ਹੋਏ ਹਨ। ਕਸੂਰ ਜਨਤਾ ਦਾ ਵੀ ਘੱਟ ਨਹੀਂ। ਪੰਜ-ਪੰਜ ਲੱਖ ਲੈਣ ਵਾਲੇ ਗਾਇਕ ਬੇਸ਼ੱਕ ਲੱਚਰਤਾ ਭਰੇ ਗੀਤ ਗਾ ਕੇ ਚੱਲ ਜਾਣ ਸਾਨੂੰ ਕੋਈ ਫ਼ਰਕ ਨਹੀਂ। ਘੱਟ ਪੈਸੇ ਲੈ ਚੰਗੇ ਗੀਤ ਗਾਉਣ ਵਾਲੇ ਗਾਇਕਾਂ ਨੂੰ ਅਸੀਂ ਘਰ ਦਾ ਦਰਵਾਜ਼ਾ ਵੀ ਨਹੀਂ ਟੱਪਣ ਦਿੰਦੇ ਕਿਉਂਕਿ ਉਨ੍ਹਾਂ ਦੇ ਗੀਤ ਸੱਭਿਅਕ ਭਾਸ਼ਾ ਨੂੰ ਪਰਨਾਏ ਹੁੰਦੇ ਹਨ।

## ਸੰਗੀਤ ਬਣਿਆ ਕਾਤਲ

ਮਾੜੇ ਗੀਤਾਂ ਦੇ ਇਕ ਦਹਾਕੇ ਦੇ ਸਫ਼ਰ ਨੇ ਅਥਾਹ ਅਜਿਹੀਆ ਮਾੜੀਆਂ ਅਲਾਮਤਾਂ ਨੂੰ ਜਨਮ ਦਿੱਤਾ ਹੈ ਜਿਨ੍ਹਾਂ ਦੀ ਬਦੌਲਤ ਪੰਜਾਬ ਦੀ ਨੌਜਵਾਨੀ ਨਸ਼ੇ ਅਤੇ ਅਸਲੇ ਦੇ ਕਲਚਰ ਦੀ ਭੇਟ ਚੜ੍ਹ ਅਪਰਾਧਾਂ ਦੇ ਰਾਹ ਤੁਰ ਪਈ ਹੈ। ਅਸੀਂ ਬਹੁਤ ਸਮਾਂ ਪਹਿਲਾਂ ਵੀ ਆਖਿਆ ਸੀ ਕਿ ਜੇ ਇਨ੍ਹਾਂ ਲੱਚਰ ਗੀਤ ਗਾਉਣ ਵਾਲਿਆਂ ਗਾਇਕਾਂ ਨੂੰ ਮੌਕਾ ਰਹਿੰਦਿਆਂ ਉਨ੍ਹਾਂ ਦੇ ਗੀਤਾਂ ਦੀ ਸ਼ਬਦਾਵਲੀ ਬਾਰੇ ਸਵਾਲ ਨਾ ਕੀਤੇ ਗਏ ਤਾਂ ਇਹ ਕੌੜੀ ਵੇਲ ਦੀ ਤਰ੍ਹਾਂ ਵਧਦੇ ਜਾਣਗੇ। ਸ਼ਾਇਦ ਇਹ ਆਵਾਜ਼ ਓਦੋਂ ਕਿਸੇ ਨੇ ਸੁਣੀ ਤਕ ਨਹੀਂ। ਹੁਣ ਜਦੋਂ ਪਾਣੀ ਸਿਰੋਂ ਟੱਪਣ ਲੱਗਿਆ ਤਾਂ ਸਾਰੇ ਹੱਥ ਪੈਰ ਮਾਰਨ ਲੱਗੇ ਹਨ। ਲੱਚਰਤਾ ਭਰੇ ਗੀਤਾਂ ਦੀ ਬਦੌਲਤ ਹੁੰਦੇ ਅਪਰਾਧਾਂ ਤੇ ਝਗੜਿਆਂ ਨੇ ਆਖ਼ਰ ਬਹੁਤੇ ਲੋਕਾਂ ਨੂੰ ਸੋਚਣ ਲਈ ਮਜਬੂਰ ਕੀਤਾ ਕਿ ਨਸ਼ੇ ਤੇ ਅਸਲੇ ਵਾਲੇ ਗੀਤਾਂ ਨੇ ਹਸਦੇ-ਵਸਦੇ ਘਰਾਂ ਦੇ ਚੁੱਲ੍ਹਿਆਂ ਵਿਚ ਘਾਹ ਉੱਗਣ ਲਾ ਦਿੱਤਾ ਹੈ। ਪੰਜਾਬ ਦੀ ਜਵਾਨੀ ਖ਼ੁਦ ਨੂੰ ਇਨ੍ਹਾਂ ਗੀਤਾਂ ਦੇ ਸਾਂਚੇ ਵਿਚ ਢਾਲ ਅਪਰਾਧਿਕ ਬਿਰਤੀ ਵੱਲ ਧੱਕੀ ਚਲੀ ਗਈ। ਗੀਤਾਂ ਤੋਂ ਉਕਸਾਹਟ ਵਿਚ ਆ ਕੇ ਗੱਲ ਨਕਲੀ ਗੋਲੀਆਂ ਤੋਂ ਅਸਲੀ ਤਕ ਜਾ ਪਹੁੰਚੀ ਅਤੇ ਕੀਮਤੀ ਜਾਨਾਂ ਭੰਗ ਦੇ ਭਾਣੇ ਜਾਣ ਲੱਗੀਆਂ। ਮਨੁੱਖੀ ਰੂਹਾਂ ਨੂੰ ਠੰਢੀ ਹਵਾ ਦੇ ਬੁੱਲੇ ਰਾਹੀਂ ਤ੍ਰਿਪਤੀ ਪ੍ਰਦਾਨ ਕਰਨ ਵਾਲਾ ਸੰਗੀਤ ਕਾਤਲ ਹੋ ਨਿਬੜਿਆ।

### ਸੱਭਿਆਚਾਰ ਮਿਸ਼ਨ ਦਾ ਗਠਨ

**ਲੱਚਰ** ਗਾਇਕੀ ਨੂੰ ਠੱਲ੍ਹ ਪਾਉਣ ਲਈ ਜਦੋਂ ਚਿੰਤਕਾਂ ਨੇ ਸਰਕਾਰ ਨੂੰ ਜਗਾਇਆ ਅਤੇ ਹਾਲਾਤਾਂ ਤੋਂ ਜਾਣੂ ਕਰਵਾਉਣ 'ਤੇ ਕਾਫ਼ੀ ਜੱਦੋ-ਜ਼ਹਿਦ ਤੋਂ ਬਾਅਦ ਸਰਕਾਰ ਵੱਲੋਂ ਪੰਜਾਬ ਕਲਾ ਪ੍ਰੀਸ਼ਦ ਦੀ ਦੇਖ ਰੇਖ ਹੇਠ 'ਪੰਜਾਬ ਸੱਭਿਆਚਾਰ ਮਿਸ਼ਨ' ਨਾਂ ਦੀ ਇਕ ਸੰਸਥਾ ਦਾ ਗਠਨ ਕੀਤਾ ਗਿਆ। ਚੰਗੇ ਨਾਮੀ ਕਲਾਕਾਰਾਂ ਅਤੇ ਸਾਹਿਤਕਾਰਾਂ ਨੂੰ ਇਸ ਦੇ ਕਰਤਾ-ਧਰਤਾ ਥਾਪ ਲੱਚਰ, ਅਸਲੇ ਅਤੇ ਨਸ਼ੇ ਨੂੰ ਹੱਲਾਸ਼ੇਰੀ ਦਿੰਦੇ ਗੀਤਾਂ 'ਤੇ ਨਕੇਲ ਕਸਣ ਲਈ ਵਿਚਾਰਾਂ ਕੀਤੀਆਂ ਗਈਆਂ। ਮਾਂ-ਬੋਲੀ ਦੇ ਸ਼ੁਭਚਿੰਤਕਾਂ ਨੂੰ ਆਸ ਵੱਝੀ ਕਿ ਹੋ ਸਕਦਾ ਹੈ ਕਿ ਹੁਣ ਕੁਝ ਭਲੇ ਦੀ ਗੱਲ ਹੋਵੇ। ਪਰ ਕਈਆਂ ਨੇ ਚਿੰਤਾ ਜ਼ਾਹਰ ਕੀਤੀ ਸੀ ਕਿ ਇਹ ਮਿਸ਼ਨ ਬੇਲਗਾਮ ਹੋ ਚੁੱਕੀ ਗਾਇਕੀ ਤੇ ਗੀਤਕਾਰੀ ਨੂੰ ਜਾਬਤੇ ਵਿਚ ਕਰਨ ਲਈ ਕਾਰਗਰ ਸਾਬਤ ਨਹੀਂ ਹੋਵੇਗਾ। ਜਿਉਂ-ਜਿਉਂ ਦਿਨ ਤੇ ਮਹੀਨੇ ਬੀਤ ਰਹੇ ਨੇ ਉਸ ਤੋਂ ਸਾਫ਼ ਜ਼ਾਹਿਰ ਹੋ ਰਿਹਾ ਹੈ ਕਿ ਇਹ ਮਿਸ਼ਨ ਵੀ ਸਿਰਫ਼ ਗੱਲਾਂ ਦੀ ਪੈਦਾਇਸ਼ ਹੀ ਹੈ ਕਿਉਂਕਿ ਮਿਸ਼ਨ ਦਾ ਗਠਨ ਹੋਇਆਂ ਕਾਫ਼ੀ ਸਮਾਂ ਬੀਤ ਚੁੱਕਿਆ ਹੈ। ਹੈਰਾਨੀ ਦੀ ਗੱਲ ਇਹ ਹੈ ਕਿ ਅਜੇ ਤਕ ਮਿਸ਼ਨ ਦੇ ਕਿਸੇ ਅਹੁਦੇਦਾਰ ਵੱਲੋਂ ਮਾੜਾ ਗਾਉਣ ਵਾਲੇ ਕਲਾਕਾਰਾਂ 'ਤੇ ਕਾਰਵਾਈ ਲਈ ਸਿਫ਼ਾਰਿਸ਼ ਤਾਂ ਦੂਰ ਦੀ ਗੱਲ ਕੋਈ ਫੋਕਾ ਬਿਆਨ ਵੀ ਜਾਰੀ ਨਹੀਂ ਕੀਤਾ ਹੈ। ਸੋ ਸਪੱਸ਼ਟ ਹੈ ਕਿ ਹੁਣ ਪੰਜਾਬੀ ਇਸ ਮਿਸ਼ਨ ਤੋਂ ਕੋਈ ਆਸ ਨਾ ਰੱਖਣ ਤਾਂ ਚੰਗਾ ਹੈ। ਪਹਿਲਾਂ ਇਸ ਦੇ ਗਠਨ 'ਤੇ ਵੀ ਕਾਫ਼ੀ ਹੋ-ਹੱਲਾ ਹੋਇਆ ਸੀ ਅਤੇ ਇਸ ਵਿਚ ਸ਼ਾਮਲ ਕਈ ਕਲਾਕਾਰਾਂ ਦੇ ਗੀਤਾਂ 'ਤੇ ਲੋਕਾਂ ਨੇ ਸ਼ਰੇਆਮ ਉਂਗਲੀਆਂ ਚੁੱਕੀਆਂ ਸਨ। ਮਾਰਕੀਟ ਵਿਚ ਹੁਣ ਵੀ ਧੜਾਧੜ ਅਸ਼ਲੀਲ, ਨਸ਼ੇ ਤੇ ਅਸਲੇ ਨੂੰ ਪ੍ਰਚਾਰਦੇ ਗੀਤਾਂ ਦਾ ਬੋਲਬਾਲਾ ਜਿਉਂ ਦਾ ਤਿਉਂ ਬਰਕਰਾਰ ਹੈ। ਕਈ ਫੁਕਰੇ ਕਲਾਕਾਰ ਅੱਜ ਵੀ ਮੋਢੇ ਬੰਦੂਕ ਪਾਈ ਗੀਤਾਂ ਵਿਚ ਜੀਪਾਂ 'ਤੇ ਖੜ੍ਹ ਪਿੰਡਾਂ ਅੰਦਰ ਬਦਮਾਸ਼ਾਂ ਦੀ ਤਰ੍ਹਾਂ ਵਿਚਰਦੇ ਚਿੱਟੇ ਦਿਨ ਵਿਖਾਈ ਦਿੰਦੇ ਹਨ। ਦੂਜੇ ਪਾਸੇ ਮਿਸ਼ਨ ਦੇ ਆਗੂ ਅਜੇ ਵੀ ਚੁੱਪ ਨੇ।

## ਸਰੋਤੇ ਸਮਝਣ ਜ਼ਿੰਮੇਵਾਰੀ

ਵਧੀਆ ਗਾਇਕੀ ਦੀ ਵਾਰਿਸ ਤੇ ਬੁਲੰਦ ਆਵਾਜ਼ ਦੀ ਮਾਲਕ ਗਾਇਕਾ ਗਗਨਪ੍ਰੀਤ ਬਠਿੰਡਾ ਨੇ ਕਿੰਨਾ ਸੱਚ ਕਿਹਾ ਹੈ ਕਿ ਕਲਾਕਾਰਾਂ ਦੇ ਨਾਲ-ਨਾਲ ਸਾਡੇ ਲੋਕ ਵੀ ਆਪਣੇ ਅੰਦਰ ਝਾਤੀ ਮਾਰਨ ਕਿ ਅਸੀਂ ਕਿੱਥੇ ਕੁ ਖੜ੍ਹੇ ਹਾਂ। ਨਸ਼ੇ ਤੇ ਅਸਲੇ ਵਾਲੇ ਕਲਚਰ ਦੇ ਗੀਤਾਂ ਵਿਚਲਾ ਭੂਤ ਛੇਤੀ ਕਿਤੇ ਪੰਜਾਬੀਆਂ ਦੇ ਗਲੋਂ ਲੱਥਣ ਵਾਲਾ ਨਹੀਂ ਹੈ। ਇਸ ਦੇ ਲਈ ਸਰੋਤਿਆਂ ਨੂੰ ਖ਼ੁਦ ਅੱਗੇ ਆਉਣਾ ਪਵੇਗਾ। ਦੂਸਰਿਆਂ ਤੋਂ ਆਸ ਰੱਖਣੀ ਤਾਂ ਮੂਰਖ਼ਤਾ ਹੀ ਹੋਵੇਗੀ। ਲੱਚਰ ਗਾਇਕੀ ਨੇ ਤਾਂ ਪੰਜਾਬੀਆਂ ਦੇ ਅਕਸ ਨੂੰ ਪੂਰੀ ਦੁਨੀਆ ਵਿਚ ਢਾਅ ਲਾਈ ਹੈ। ਫਿਰ ਵੀ ਜੇ ਸਰਕਾਰ ਚਾਹੁੰਦੀ ਹੈ ਕਿ ਅਸਲਾ, ਨਸ਼ਾ ਤੇ ਲੱਚਰਤਾ ਵਾਲੇ ਸੰਗੀਤ ਨੂੰ ਠੱਲ੍ਹ ਪਏ ਤਾਂ ਮਾਂ ਬੋਲੀ ਦੇ ਚਿੰਤਕਾਂ ਦੀ ਇਕ ਕਮੇਟੀ ਕਾਇਮ ਕਰ ਉਸ ਨੂੰ ਪੂਰਨ ਅਧਿਕਾਰ ਦਿੱਤੇ ਜਾਣ।

ਗੀਤਾਂ ਦੀ ਸਕਰੀਨਿੰਗ ਕਰ ਕੇ ਉਨ੍ਹਾਂ ਨੂੰ ਚੈਨਲ 'ਤੇ ਵਿਖਾਇਆ ਜਾਵੇ। ਯੂ-ਟਿਊਬ ਰਾਹੀਂ ਮਾੜੇ ਗੀਤਾਂ ਦਾ ਪ੍ਰਚਾਰ ਕਰਨ ਵਾਲੇ ਕਲਾਕਾਰਾਂ ਨੂੰ ਉਨ੍ਹਾਂ ਦੇ ਗੀਤਾਂ ਲਈ ਜਵਾਬ ਦੇਹ ਬਣਾਇਆ ਜਾਵੇ। ਚੈਨਲਾਂ 'ਤੇ ਸ਼ਿਕੰਜਾ ਕਸਣ ਦੇ ਨਾਲ-ਨਾਲ ਮਾਰਕੀਟ ਦੇ ਅੰਦਰ ਵੀ ਗੀਤਾਂ ਦੀ ਪੜਤਾਲ ਕੀਤੀ ਜਾਵੇ। ਮਾਂ-ਬੋਲੀ ਦਾ ਨੁਕਸਾਨ ਕਰਦੇ ਫ਼ੁਕਰੇ ਕਲਾਕਾਰਾਂ ਨੂੰ ਰੋਕਣ ਦੀ ਨੀਤੀ ਤਿਆਰ ਕਰਨ ਦੀ ਅੱਜ ਵੱਡੀ ਲੋੜ ਹੈ ਤਾਂ ਕਿ ਪੰਜਾਬ ਦੀ ਨੌਜਵਾਨੀ ਤੇ ਵਿਰਸੇ ਦਾ ਬੇਰਹਿਮੀ ਨਾਲ ਘਾਣ ਕਰ ਰਹੇ ਇਹ ਲੋਕ ਹੋਸ਼ ਵਿਚ ਆਉਣ ਨਹੀਂ ਤਾਂ ਕਮਿਸ਼ਨ, ਮਿਸ਼ਨ ਤੇ ਕਮੇਟੀਆਂ ਬਣਾ ਗੱਲੀਂ-ਬਾਤੀਂ ਕੀਤੇ ਯਤਨ ਕਿਸੇ ਵੀ ਤਰ੍ਹਾਂ ਸਾਡੇ ਤਿਲ-ਤਿਲ ਕਰ ਕੇ ਦਮ ਤੋੜ ਰਹੇ ਸੱਭਿਆਚਾਰ ਨੂੰ ਬਚਾਉਣ ਵਿਚ ਸਹਾਈ ਨਹੀਂ ਹੋਣਗੇ। ਇਸ ਦੇ ਨਾਲ ਹੀ ਸਰੋਤੇ ਵੀ ਆਪਣੀ ਜ਼ਿੰਮੇਵਾਰੀ ਸਮਝਣ ਤੇ ਚੰਗੇ ਗੀਤ ਗਾਉਣ ਵਾਲੇ ਗਾਇਕਾਂ ਨੂੰ ਪਹਿਲ ਦੇਣ। •

---

# ਸਿਨੇਮਾ ਸਿਰਫ਼ ਮਨੋਰੰਜਨ ਦਾ ਸਾਧਨ ਨਹੀਂ

ਕਾਲਾ ਸਿੰਘ ਸੈਣੀ

## ਗੁਰਪ੍ਰੀਤ ਕੌਰ ਭੰਗੂ



ਰੰਗਮੰਚ ਤੋਂ ਆਪਣੀ ਅਦਾਕਾਰੀ ਦਾ ਸਫ਼ਰ ਸ਼ੁਰੂ ਕਰਨ ਵਾਲੀ ਗੁਰਪ੍ਰੀਤ ਕੌਰ ਭੰਗੂ ਬਾਲੀਵੁੱਡ ਤੇ ਪਾਲੀਵੁੱਡ 'ਚ ਵੀ ਆਪਣੀ ਕਲਾ ਦਾ ਲੋਹਾ ਮੰਨਵਾ ਚੁੱਕੀ ਹੈ...

ਕਾਫ਼ੀ ਸਮਾਂ ਪੰਜਾਬੀ ਫਿਲਮਾਂ ਵਿਚ ਨਾਇਕ-ਨਾਇਕਾ ਦੇ ਪਿਆਰ ਅਤੇ ਮਾਰਧਾੜ ਵਾਲੀਆਂ ਕਹਾਣੀਆਂ ਵਾਲਾ ਦੌਰ ਦਰਸ਼ਕਾਂ ਤੇ ਭਾਰੂ ਰਿਹਾ। ਨਿਰਮਾਤਾ ਤੇ ਨਿਰਦੇਸ਼ਕ ਮਨਮੋਹਣ ਸਿੰਘ ਵੱਲੋਂ ਫਿਲਮ 'ਜੀ ਆਇਆ ਨੂੰ' ਦੀ ਕਹਾਣੀ ਨੇ ਪੰਜਾਬੀ ਸਿਨੇਮੇ ਦਾ ਮੁਹਾਂਦਰਾ ਹੀ ਬਦਲ ਦਿੱਤਾ। ਹੁਣ ਪੰਜਾਬੀ ਸਿਨੇਮਾ ਆਪਣੇ ਅਮੀਰ ਪੰਜਾਬੀ ਸਾਹਿਤ ਨਾਲ ਜੁੜ ਕੇ ਪਰਿਵਾਰਿਕ ਰਿਸ਼ਤਿਆਂ ਤੇ ਮੋਹ ਦੀਆਂ ਤੰਦਾਂ ਦੀ ਗੱਲ ਕਰਦਾ ਹੋਇਆ ਅੱਗੇ ਵਧ ਰਿਹਾ ਹੈ। ਸਿਨੇਮਾ ਸਿਰਫ਼ ਤੇ ਸਿਰਫ਼ ਮਨੋਰੰਜਨ ਦਾ ਸਾਧਨ ਨਹੀਂ ਹੁੰਦਾ ਇਸ ਕੋਲ ਯੁੱਗ ਬਦਲਣ ਦੀ ਅਥਾਹ ਸ਼ਕਤੀ ਵੀ ਹੁੰਦੀ ਹੈ। ਅੱਜ ਪੁਰਾਤਨ ਸੱਭਿਆਚਾਰ ਨੂੰ ਰੂਪਮਾਨ ਕਰਦੀਆਂ ਹੋਈਆਂ ਕੁਝ ਪੰਜਾਬੀ ਫਿਲਮਾਂ ਸਾਡੀ ਪਰਿਵਾਰਿਕ ਜ਼ਿੰਦਗੀ ਦੇ ਖ਼ੂਬਸੂਰਤ ਰਿਸ਼ਤਿਆਂ ਦੀ ਬਾਤ ਪਾਉਂਦੀਆਂ ਹਨ। ਅਜਿਹੀਆਂ ਫਿਲਮਾਂ ਦਾ ਬਣਨਾ ਸਾਡੇ ਵਲਮੁੱਲੇ ਸੱਭਿਆਚਾਰ ਨੂੰ ਸਾਂਭਣ ਦਾ ਯਤਨ ਹੈ। ਇਹ ਵਿਚਾਰ ਮਸ਼ਹੂਰ ਅਦਾਕਾਰਾ ਗੁਰਪ੍ਰੀਤ ਕੌਰ ਭੰਗੂ ਨੇ ਵਿਸ਼ੇਸ਼ ਮੁਲਾਕਾਤ ਦੌਰਾਨ ਸਾਂਝੇ ਕੀਤੇ।

ਰੰਗਮੰਚ ਤੋਂ ਆਪਣੀ ਅਦਾਕਾਰੀ ਦੀ ਸ਼ੁਰੂਆਤ ਕਰਨ ਵਾਲੀ ਗੁਰਪ੍ਰੀਤ ਕੌਰ ਭੰਗੂ ਨੇ ਥੀਏਟਰ ਦੇ ਬਾਬਾ ਬੋਹੜ ਗੁਰਸ਼ਰਨ ਭਾਜੀ ਤੋਂ ਕਲਾ ਦੀਆਂ ਬਰੀਕੀਆਂ ਦਾ ਗਿਆਨ ਹਾਸਲ ਕਰ ਕੇ ਅਨੇਕਾਂ ਨਾਟਕਾਂ ਦੇ ਸਫਲ ਸਟੇਜ਼ ਸ਼ੋਅ ਕਰਦੇ ਹੋਏ ਪ੍ਰੱਪਕ ਅਦਾਕਾਰਾ ਵੱਜੋਂ ਆਪਣੀ ਪਛਾਣ ਬਣਾਈ। ਚੇਤਨਾ ਕਲਾ ਮੰਚ ਸ਼੍ਰੀ ਚਮਕੌਰ ਸਾਹਿਬ ਦੇ ਬੈਨਰ ਹੇਠ ਉਹ ਸਮਾਜਿਕ ਬੁਰਾਈਆਂ ਪ੍ਰਤੀ ਚਿੰਤਤ ਔਰਤਾਂ ਦੇ ਹੱਕਾਂ ਪ੍ਰਤੀ ਆਵਾਜ਼ ਬੁਲੰਦ ਕਰਦੀ ਆ ਰਹੀ ਹੈ। ਪਾਲੀਵੁੱਡ ਦੀ ਫਿਲਮ 'ਏਕਮ' ਨਾਲ ਗੁਰਪ੍ਰੀਤ ਨੇ ਆਪਣੇ ਫਿਲਮੀ ਸਫ਼ਰ ਦੀ ਸ਼ੁਰੂਆਤ ਕੀਤੀ। ਇਸ ਤੋਂ ਬਾਅਦ ਭਾਰਤੀ ਰੰਗਮੰਚ ਦੇ ਕਲਾਕਾਰ ਪੰਕਜ ਕਪੂਰ ਦੀ ਹਿੰਦੀ ਫਿਲਮ 'ਮੌਸਮ' ਰਾਹੀਂ ਗੁਰਪ੍ਰੀਤ ਨੇ ਬਾਲੀਵੁੱਡ 'ਚ ਆਪਣੀ ਅਦਾਕਾਰੀ ਦੇ ਜੌਹਰ ਵਿਖਾਏ। ਇਸ ਫਿਲਮ ਵਿਚ ਸੁਪਰਸਟਾਰ ਸ਼ਾਹਿਦ ਕਪੂਰ ਤੇ ਸੋਨਮ ਕਪੂਰ ਦੇ ਨਾਲ ਉਸ ਨੇ ਪੇਂਡੂ ਵਿਰਸੇ 'ਚ ਰੰਗੇ 'ਗੁਸੈਲ ਤਾਈ' ਵਾਲੇ ਕਿਰਦਾਰ ਨੇ ਗੁਰਪ੍ਰੀਤ ਨੂੰ ਹੋਰ ਬੁਲੰਦੀਆਂ 'ਤੇ ਪਹੁੰਚਿਆ।

ਮਾਲਵੇ ਦੇ ਰੇਤਲੇ ਟਿੱਬਿਆਂ ਦੇ ਮਸ਼ਹੂਰ ਪਿੰਡ ਬੁਰਜ ਕਾਨ੍ਹ ਸਿੰਘ ਵਾਲਾ ਵਿਖੇ ਇਕ ਸਧਾਰਨ ਪਰਿਵਾਰ ਦੀ ਜੰਮਪਲ ਗੁਰਪ੍ਰੀਤ ਕੌਰ ਭੰਗੂ ਖ਼ੁਦ ਨੂੰ ਖ਼ੁਸ਼ਕਿਸਮਤ ਸਮਝਦੀ ਹੈ ਕਿ ਕਾਲਜ ਸਮੇਂ ਤੋਂ ਉਸ ਨੂੰ ਐਕਟਿੰਗ ਵਾਲੇ ਪਏ ਸ਼ੌਕ ਨੂੰ ਵਿਆਹ ਤੋਂ ਬਾਅਦ ਵੀ ਉਸ ਦੇ ਜੀਵਨ ਸਾਥੀ ਸਵਰਨ ਸਿੰਘ ਭੰਗੂ ਨੇ ਕਦੇ ਫਿੱਕਾ ਨਹੀਂ ਪੈਣ ਦਿੱਤਾ। ਜ਼ਿਕਰਯੋਗ ਹੈ ਕਿ ਸਵਰਨ ਸਿੰਘ ਭੰਗੂ ਅਤੇ ਗੁਰਪ੍ਰੀਤ ਕੌਰ ਭੰਗੂ ਨੇ ਇਕ 'ਆਦਰਸ਼ ਚੈਰੀਟੇਬਲ ਟਰੱਸਟ' ਬਣਾਇਆ ਹੋਇਆ ਹੈ। ਜਿੱਥੇ ਸਵਰਨ ਸਿੰਘ ਭੰਗੂ ਬਤੌਰ ਡਾਇਰੈਕਟਰ ਸੇਵਾ ਨਿਭਾ ਰਿਹਾ ਹੈ।

ਮੱਥੇ ਦੀਆਂ ਝੁਰੜੀਆਂ ਅਤੇ ਗੁੱਸੇ ਵਾਲਾ ਚਿਹਰਾ, ਅੰਦਰੋਂ ਕੋਮਲ ਦਿਲ ਗੁਰਪ੍ਰੀਤ ਅਦਾਕਾਰੀ ਦਾ ਵਿਲੱਖਣ ਮੁਜੱਸਮਾ ਹੈ। ਉਸ ਦੇ ਹਰੇਕ ਕਿਰਦਾਰ ਨੂੰ ਦਰਸ਼ਕਾਂ ਵੱਲੋਂ ਖ਼ੂਬ ਪਸੰਦ ਕੀਤਾ ਗਿਆ ਹੈ। ਗੁਰਪ੍ਰੀਤ ਨੇ ਹੁਣ ਤਕ ਪੰਜਾਬੀ ਫਿਲਮਾਂ 'ਚ ਮਾਂ ਦਾ ਕਿਰਦਾਰ ਜ਼ਿਆਦਾ ਨਿਭਾਇਆ ਹੈ। ਹਿੱਟ ਪੰਜਾਬੀ ਫਿਲਮਾਂ 'ਅਰਦਾਸ', 'ਆਸੀਸ' ਅਤੇ 'ਹਰਜੀਤਾ', ਵਿਚਲੇ ਉਸ ਦੇ ਮਾਂ ਵਾਲੇ ਵਿਲੱਖਣ ਕਿਰਦਾਰਾਂ ਨੂੰ ਦਰਸ਼ਕਾਂ ਨੇ ਖ਼ੂਬ ਪਸੰਦ ਕੀਤਾ। ਅਦਾਕਾਰੀ ਦੇ ਖੇਤਰ 'ਚ ਵੱਖਰੀ ਪਛਾਣ ਕਾਇਮ ਕਰਨ ਵਾਲੀ ਗੁਰਪ੍ਰੀਤ ਨੇ ਹਿੰਦੀ ਫਿਲਮ 'ਬਿੱਟੂ ਬੌਸ' ਤੋਂ ਇਲਾਵਾ ਪੰਜਾਬੀ ਸਿਨਮੇ ਦੀਆਂ 'ਨਿੱਕਾ ਜ਼ੈਲਦਾਰ-2', 'ਮਿੱਟੀ', 'ਕੱਚੇ ਧਾਗੇ', 'ਢੋਲ ਰੱਤੀ', 'ਜੱਗਾ ਜਿਊਂਦਾ ਹੈ', 'ਸ਼ਰੀਕ', 'ਉਡੀਕ', 'ਵਧਾਈਆਂ ਜੀ ਵਧਾਈਆਂ', 'ਲੌਂਗ ਲਾਚੀ', 'ਮਰ ਗਏ ਓਏ ਲੋਕੋ' ਆਦਿ ਫਿਲਮਾਂ ਵਿਚ ਕਈ ਅਹਿਮ ਕਿਰਦਾਰ ਨਿਭਾਏ ਹਨ।

ਗੁਰਪ੍ਰੀਤ ਕੌਰ ਭੰਗੂ ਨੇ ਕਿਹਾ ਕਿ ਜਲਦੀ ਹੀ ਰਿਲੀਜ਼ ਹੋਣ ਜਾ ਰਹੀ ਪੰਜਾਬੀ ਫਿਲਮ 'ਪ੍ਰਾਹੁਣਾ' ਨੂੰ ਲੈ ਕੇ ਉਹ ਬੇਹੱਦ ਉਤਸ਼ਾਹਿਤ ਹੈ ਅਤੇ ਇਹ ਫਿਲਮ ਉਸ ਦੇ ਦਿਲ ਦੇ ਕਾਫ਼ੀ ਕਰੀਬ ਹੈ। ਇਹ ਫਿਲਮ ਪਰਿਵਾਰਿਕ ਰਿਸ਼ਤਿਆਂ ਦੇ ਮੋਹ ਦੀਆਂ ਤੰਦਾਂ ਦੀ ਗੱਲ ਕਰੇਗੀ। ਇਸ ਫਿਲਮ ਤੋਂ ਉਸ ਨੂੰ ਕਾਫ਼ੀ ਉਮੀਦਾਂ ਹਨ। ਗੁਰਪ੍ਰੀਤ ਦੀਆਂ ਅਗਲੀਆਂ ਫਿਲਮਾਂ 'ਚ 'ਆਟੇ ਦੀ ਚਿੜੀ', 'ਕਿਸਮਤ', 'ਮੰਜੇ ਬਿਸਤਰੇ-2', 'ਮਜਨੂੰ', ਅਤੇ 'ਅਫਸਰ' ਆਦਿ ਸ਼ਾਮਲ ਹਨ। •

99882-80386



---

# ਮੇਰੀ ਪਹਿਲ ਚੰਗੀ ਗਾਇਕੀ

## ਨਿਸ਼ਾ ਖ਼ਾਨ

ਕੁਲਦੀਪ ਸਿੰਘ ਢਿੱਲੋਂ



ਅਜੋਕਾ ਦੌਰ ਮੁਕਾਬਲੇਬਾਜ਼ੀ ਦਾ ਹੈ। ਅੱਜ ਕੱਲ੍ਹ ਹਰ ਖੇਤਰ 'ਚ ਇਕ ਦੂਜੇ ਤੋਂ ਅੱਗੇ ਨਿਕਲਣ ਦੀ ਹੋੜ ਲੱਗੀ ਹੋਈ ਹੈ। ਪੈਸੇ ਦਾ ਯੁੱਗ ਹੋਣ ਕਰ ਕੇ ਹਰ ਕੋਈ ਪੈਸੇ ਦੇ ਜ਼ੋਰ 'ਤੇ ਕਿਸੇ ਨਾ ਕਿਸੇ ਖੇਤਰ 'ਚ ਸਟਾਰ ਬਣਨ ਲਈ ਕਾਹਲਾ ਹੈ। ਪੈਸੇ ਦੇ ਜ਼ੋਰ ਨਾਲ ਬਣੇ ਸਟਾਰ ਜ਼ਿਆਦਾ ਸਮਾਂ ਕਦੇ ਨਹੀਂ ਟਿਕ ਸਕਦੇ ਪਰ ਜੋ ਸਖ਼ਤ ਮਿਹਨਤ ਤੋਂ ਬਾਅਦ ਕਿਸੇ ਖੇਤਰ 'ਚ ਜਾਂਦੇ ਹਨ ਉਹ ਲੰਬਾ ਸਮਾਂ ਲੋਕਾਂ ਦੇ ਦਿਲਾਂ 'ਤੇ ਰਾਜ ਕਰਦੇ ਹਨ। ਕਿਸੇ ਸਮੇਂ ਗਾਇਕੀ ਦੇ ਖੇਤਰ ਵਿਚ ਕੁੜੀਆਂ ਦੇ ਆਉਣ ਨੂੰ ਚੰਗਾ ਨਹੀਂ ਸਮਝਿਆ ਜਾਂਦਾ ਸੀ ਪਰ ਅੱਜ ਦੇ ਸਮੇਂ 'ਚ ਕੁੜੀਆਂ ਵੀ ਹਰ ਖੇਤਰ 'ਚ ਮੱਲਾਂ ਮਾਰ ਰਹੀਆਂ ਹਨ। ਬਹੁਤ ਸਾਰੀਆਂ ਗਾਇਕਾਵਾਂ ਨੇ ਸਮੇਂ-ਸਮੇਂ ਤੇ ਇਸ ਖੇਤਰ 'ਚ ਆਪਣੀ ਕਲਾ ਦਾ ਲੋਹਾ ਮੰਨਵਾਇਆ ਹੈ। ਅੱਜ ਅਸੀਂ ਗੱਲ ਕਰਨ ਜਾ ਰਹੇ ਪਿਛਲੇ ਕਾਫ਼ੀ ਸਮੇਂ ਤੋਂ ਗਾਇਕੀ 'ਚ ਸਰਗਰਮ ਗਾਇਕਾ ਨਿਸ਼ਾ ਖ਼ਾਨ ਦੀ। ਉਸ ਦਾ ਜਨਮ ਪੰਜਾਬ ਦੇ ਮਸ਼ਹੂਰ ਪਿੰਡ ਬਾਦਲ 'ਚ ਪਿਤਾ ਅਬਦੁਲ ਗਫ਼ੂਰ ਤੇ ਮਾਤਾ ਰਸ਼ੀਦਾ ਬੇਗ਼ਮ ਦੇ ਘਰ ਹੋਇਆ।

ਬਚਪਨ ਤੋਂ ਗਾਇਕੀ ਦਾ ਸ਼ੌਕ ਰੱਖਣ ਵਾਲੀ ਨਿਸ਼ਾ ਖ਼ਾਨ ਨੇ ਆਪਣੀ ਮੁਢਲੀ ਸਿੱਖਿਆ ਦਸ਼ਮੇਸ਼ ਅਕੈਡਮੀ ਬਾਦਲ ਤੋਂ ਪ੍ਰਾਪਤ ਕੀਤੀ। ਇਸ ਉਪਰੰਤ ਆਪਣੇ ਭਰਾ ਸ਼ੀਰਾ ਖ਼ਾਨ ਦੀ ਪ੍ਰੇਰਨਾ ਸਦਕਾ ਨਿਸ਼ਾ ਨੇ ਸਾਲ 2001 'ਚ ਭੇਟਾਂ ਦੀ ਕੈਸਿਟ ਨਾਲ ਇਸ ਖੇਤਰ 'ਚ ਆਪਣਾ ਪਹਿਲਾ ਕਦਮ ਰੱਖਿਆ। ਉਸ ਤੋਂ ਬਾਅਦ 2016 'ਚ ਉਸ ਦੀ 'ਜੋਗਨ' ਕੈਸਿਟ ਆਈ। ਫਿਰ 2017 ਨਿਸ਼ਾ ਦੇ ਗੀਤ 'ਜੱਟ ਲੁੱਟਿਆ ਗਿਆ' ਨੂੰ ਪੀਟੀਸੀ ਵਲੋਂ ਰਿਲੀਜ਼ ਕਰ ਕੇ ਉਸ ਨੂੰ ਪੰਜਾਬੀ ਗਾਇਕੀ 'ਚ ਪੱਕੇ ਪੈਰੀਂ ਕਰ ਦਿੱਤਾ। ਹੁਣ ਨਿਸ਼ਾ ਖ਼ਾਨ ਆਪਣੇ ਨਵੇਂ ਰਿਲੀਜ਼ ਹੋਏ ਗੀਤ 'ਸਾਹਾਂ ਦੀ ਚਰਖੀ' ਨਾਲ ਮੁੜ ਚਰਚਾ 'ਚ ਆ ਗਈ ਹੈ। ਇਸ ਗੀਤ ਨੂੰ ਬੀਕਾ ਲਾਲ ਬਾਈ ਨੇ ਲਿਖਿਆ ਹੈ ਤੇ ਇਸ ਨੂੰ ਵੀ ਪੀਟੀਸੀ ਨੇ ਹੀ ਰਿਲੀਜ਼ ਕੀਤਾ ਹੈ। ਸਾਫ਼ ਸੁਥਰੀ ਗਾਇਕੀ ਗਾਉਣ ਤੇ ਸੁਣਨ 'ਚ ਯਕੀਨ ਰੱਖਣ ਵਾਲੀ ਨਿਸ਼ਾ ਖ਼ਾਨ ਆਪਣੀ ਇਸ ਕਾਮਯਾਬੀ 'ਚ ਆਪਣੇ ਪੂਰੇ ਪਰਿਵਾਰ ਦਾ ਅਹਿਮ ਸਹਿਯੋਗ ਮੰਨਦੀ ਹੈ। •

98559-64276

---

# ਨਿਰਮਾਤਾ ਤੇ ਫ਼ਨਕਾਰ ਸਾਲਮ

ਗੁਰਬਾਜ ਗਿੱਲ



ਸੰਗੀਤ ਇਕ ਸਮੁੰਦਰ ਦੀ ਤਰ੍ਹਾਂ ਹੈ, ਇਸ ਵਿੱਚੋਂ ਉਹੀ ਇਨਸਾਨ ਪਾਰ ਲੰਘਦਾ ਹੈ ਜਿਹੜਾ ਖ਼ੁਦ ਤੈਰਨਾ ਜਾਣਦਾ ਹੋਵੇ। ਅਜਿਹਾ ਹੀ ਇਕ ਅਲਬੇਲਾ ਤੇ ਸ਼ਾਇਰਾਨਾ ਫ਼ਨਕਾਰ, ਜੋ ਅੱਜ ਕਿਸੇ ਜਾਣ-ਪਛਾਣ ਦਾ ਮੁਥਾਜ ਨਹੀਂ ਹੈ। ਮੈਂ ਗੱਲ ਕਰ ਰਿਹਾ ਹਾਂ ਫੋਕ ਟਾਈਮ ਆਡੀਓ ਵਿਜ਼ਨ ਦੇ ਨਿਰਮਾਤਾ ਤੇ ਸ਼ਾਇਰਾਨਾ ਫ਼ਨਕਾਰ ਸਾਲਮ ਖ਼ਾਨ ਦੀ, ਜਿਸ ਨੇ ਅੱਜ ਗਾਇਕੀ ਦੇ ਖੇਤਰ 'ਚ ਵੱਖਰਾ ਮੁਕਾਮ ਹਾਸਲ ਕੀਤਾ ਹੈ। ਦਮਦਾਰ ਤੇ ਦਿਲਕਸ਼ ਆਵਾਜ਼ ਦੇ ਮਾਲਕ ਸਾਲਮ ਖ਼ਾਨ ਦਾ ਜਨਮ ਜ਼ਿਲ੍ਹਾ ਫਿਰੋਜ਼ਪੁਰ ਦੇ ਪਿੰਡ ਰੱਤਾ ਖੇੜਾ ਪੰਜਾਬ ਸਿੰਘ ਵਾਲਾ ਵਿਚ ਪਿਤਾ ਰਵਿੰਦਰ ਸਿੰਘ ਦੀਵਾਨਾ ਦੇ ਘਰ ਹੋਇਆ। ਉਸ ਦੇ ਪਿਤਾ ਵੀ ਗਾਇਕ, ਐਕਟਰ ਤੇ ਪੱਤਰਕਾਰ ਹਨ।

ਸਾਲਮ ਖ਼ਾਨ ਨੂੰ ਗਾਇਕੀ ਦੀ ਗੁੜ੍ਹਤੀ ਵਿਰਸੇ 'ਚੋਂ ਮਿਲੀ, ਕਿਉਂਕਿ ਉਸ ਦੇ ਪਿਤਾ ਇਕ ਚੰਗੇ ਗਾਇਕ ਹਨ। ਵੈਸੇ, ਉਸ ਨੇ ਗਾਇਕੀ ਦੀਆਂ ਬਰੀਕੀਆਂ ਉਸਤਾਦ ਜਸਵੰਤ ਭੰਵਰਾ ਕੋਲ ਕਾਫ਼ੀ ਸਮਾਂ ਸਿੱਖੀਆਂ। ਸੰਗੀਤ ਪ੍ਰਤੀ ਸਾਲਮ ਦੀ ਇਹ ਮਿਹਨਤ ਅੱਜ ਉਸ ਲਈ ਸੋਨੇ 'ਤੇ ਸੁਹਾਗੇ ਵਾਲੀ ਗੱਲ ਹੋ ਨਿਬੜੀ ਹੈ। ਸਾਲਮ ਦੇ ਛੋਟੇ ਭਰਾ ਮੁਖਵਿੰਦਰ ਸਿੰਘ, ਮਾਸਟਰ ਖ਼ਾਨ ਤੇ ਸੁਰਪ੍ਰੀਤ ਸੰਨੀ ਵੀ ਚੰਗੇ ਗਾਇਕ ਹਨ। ਉਨ੍ਹਾਂ ਦੀ ਵੀ ਪੰਜਾਬੀ ਗਾਇਕੀ ਵਿਚ ਆਪਣੀ ਵਿਲੱਖਣ ਪਛਾਣ ਹੈ। ਫੋਕ ਟਾਈਮ ਆਡੀਓ ਵਿਜ਼ਨ ਉਸ ਦੀ ਆਪਣੀ ਮਿਊਜ਼ਿਕ ਕੰਪਨੀ ਹੈ ਜਿਸ ਵਿਚ ਉਹ ਨਵੇਂ ਪੁਰਾਣੇ ਗਾਇਕਾ ਨੂੰ ਰਿਕਾਰਡ ਕਰਦਾ ਹੈ। ਹੁਣ ਤਕ ਉਹ ਗੁਰਲੇਜ਼ ਅਖ਼ਤਰ, ਮੇਸ਼ੀ ਮਾਣਕ, ਮਾਸਟਰ ਖ਼ਾਨ, ਚਮਕੌਰ ਖੱਟੜਾ, ਸਵਰਗੀ ਦਲਜੀਤ ਦਰਦੀ, ਅੰਗਰੇਜ਼ ਸੰਧੂ, ਸਸ਼ੀ ਬਾਲੀ, ਅਮਨ ਗਰੇਵਾਲ, ਜਤਿੰਦਰ ਰੰਧਾਵਾ, ਸੁਮਨ ਭੱਟੀ ਤੇ ਜਗਦੇਵ ਖ਼ਾਨ ਆਦਿ ਗਾਇਕਾ ਨੂੰ ਰਿਕਾਰਡ ਕਰ ਚੁੱਕਾ ਹੈ।

ਪੰਜਾਬ ਦੇ ਸਿਹਤ ਵਿਭਾਗ ਨੇ 'ਪੋਲੀਓ' ਨਾਲ ਸਬੰਧਤ ਸਾਲਮ ਤੋਂ ਇਕ ਗੀਤ ਵੀ ਤਿਆਰ ਕਰਵਾਇਆ, ਜਿਸ ਵਿਚ ਜਸਪਾਲ ਸਿੱਧੂ ਤੇ ਰਾਜਿੰਦਰ ਕੌਰ ਰੂਬੀ ਨੇ ਆਵਾਜ਼ ਦਿੱਤੀ ਹੈ। ਸਾਲਮ ਖ਼ਾਨ ਆਪਣੀ ਬੁਲੰਦ ਆਵਾਜ਼ ਨਾਲ ਹੁਣ ਤਕ ਯੂਕੇ, ਯੂਐੱਸਏ, ਨਿਊਜ਼ੀਲੈਂਡ ਤੇ ਕੈਨੇਡਾ ਆਦਿ ਦੇਸ਼ਾਂ 'ਚ ਸ਼ੋਅ ਕਰ ਚੁੱਕਾ ਹੈ। ਸਾਲਮ ਖ਼ਾਨ ਦੇ ਗਾਏ 'ਧੀ ਤੇਰੀ ਦੁਖੀ ਅੰਮੀਏ', 'ਚਿੱਠੀ ਦਰਦ ਭਰੀ', 'ਜੱਟੀ ਮੇਲੇ 'ਚ ਮੇਲਦੀ ਜਾਂਦੀ' ਅਤੇ 'ਜੱਟ ਨੇ ਪਸੰਦ ਕਰ ਲਈ' ਆਦਿ ਗੀਤ ਬਹੁਤ ਮਕਬੂਲ ਹੋਏ ਹਨ।

'ਕੁੜੀਆ ਤੇਰੇ ਸ਼ਹਿਰ ਦੀਆਂ', 'ਹੂਰ ਪਸੰਦ ਨਾ ਆਵੇ', 'ਸੁਰ ਬੋਲ ਪਏ' ਅਤੇ 'ਗਾਉਂਦਾ ਪੰਜਾਬ' ਆਦਿ ਐਲਬਮਾਂ ਹੁਣ ਤਕ ਉਸ ਦੀਆਂ ਮਾਰਕੀਟ ਵਿਚ ਆ ਚੁੱਕੀਆਂ ਹਨ, ਜਿਨ੍ਹਾਂ ਨੂੰ ਸਰੋਤਿਆਂ ਵੱਲੋਂ ਹਾਂ ਪੱਖੀ ਹੁੰਗਾਰਾ ਮਿਲਿਆ। ਸਾਲਮ ਹੁਣ ਆਪਣੇ ਛੋਟੇ ਭਰਾ ਮਾਸਟਰ ਖ਼ਾਨ ਨਾਲ 'ਪਿੱਠ ਕਦੇ ਨਾ ਲੱਗਦੀ, ਜੇ ਧੋਖਾ ਆਪਣੇ ਕਰਦੇ ਨਾ' ਸਿੰਗਲ ਟਰੈਕ ਲੈ ਕੇ ਮੁੜ ਸਰੋਤਿਆਂ ਦੀ ਕਚਹਿਰੀ ਵਿਚ ਹਾਜ਼ਰ ਹੋਣ ਜਾ ਰਿਹਾ ਹੈ।

ਸਾਲਮ ਦਾ ਕਹਿਣਾ ਹੈ ਕਿ ਉਹ ਹਮੇਸ਼ਾ ਪੰਜਾਬੀ ਸੱਭਿਆਚਾਰ ਦੇ ਦਾਇਰੇ ਵਿਚ ਰਹਿ ਕੇ ਗਾਵੇਗਾ ਅਤੇ ਪੰਜਾਬੀ ਮਾਂ ਬੋਲੀ ਦਾ ਨਾਂ ਨੂੰ ਹੋਰ ਰੋਸ਼ਨ ਕਰਨ ਲਈ ਯਤਨਸ਼ੀਲ ਰਹੇਗਾ। •

98723-62507

---

# ਗੀਤਕਾਰੀ 'ਚ ਨਵੀਂ ਦਸਤਕ

ਬਿਕਰਮਜੀਤ ਸਿੰਘ ਵਿੱਕੀ

## ਗੁਰੀ ਨਿਆਲ



ਅੱਜ ਕੱਲ੍ਹ ਗੀਤਕਾਰੀ ਦੇ ਖੇਤਰ ਵਿਚ ਹਰ ਦਿਨ ਕਈ ਨਵੇਂ ਚਿਹਰੇ ਆ ਰਹੇ ਹਨ, ਜਿਨ੍ਹਾਂ ਵਿੱਚੋਂ ਬਹੁਤਿਆਂ ਨੂੰ ਤਾਂ ਗੀਤਕਾਰੀ ਦਾ ਗਿਆਨ ਹੀ ਨਹੀਂ ਹੁੰਦਾ। ਉਹ ਹਵਾ ਦੇ ਬੁੱਲੇ ਵਾਂਗ ਆਉਂਦੇ ਹਨ ਅਤੇ ਚਲੇ ਜਾਂਦੇ ਹਨ। ਦੂਜੇ ਪਾਸੇ ਗੀਤਕਾਰੀ ਦਾ ਗਿਆਨ ਲੈ ਕੇ ਇਸ ਖੇਤਰ ਵਿਚ ਆਉਣ ਵਾਲਿਆਂ ਦੀ ਚੰਗੀ ਕਦਰ ਪੈਂਦੀ ਹੈ। ਅਜਿਹੇ ਵੀ ਕਈ ਗੀਤਕਾਰ ਹਨ, ਜੋ ਆਪਣੀ ਸਖ਼ਤ ਮਿਹਨਤ ਤੇ ਲਗਨ ਨਾਲ ਆਪਣੀ ਕਲਮ ਦਾ ਲੋਹਾ ਮਨਵਾਉਂਦੇ ਹਨ। ਅਜਿਹਾ ਹੀ ਇਕ ਗੀਤਕਾਰ ਗੁਰੀ ਨਿਆਲ ਦੀ ਵੀ ਇਸ ਖੇਤਰ ਵਿਚ ਦਸਤਕ ਹੋਈ ਹੈ। ਗੁਰੀ ਨਿਆਲ ਦਾ ਜਨਮ ਜ਼ਿਲ੍ਹਾ ਪਟਿਆਲਾ ਵਿਖੇ ਪਿਤਾ ਬਾਘਾ ਸਿੰਘ ਅਤੇ ਮਾਤਾ ਭੋਲੀ ਰਾਣੀ ਦੇ ਘਰ ਹੋਇਆ। ਗੁਰੀ ਨੂੰ ਗੀਤਕਾਰੀ ਦੀ ਚੇਟਕ ਸਕੂਲ ਪੜ੍ਹਦਿਆਂ ਹੀ ਲੱਗ ਗਈ ਸੀ। ਉਹ ਆਪਣੇ ਲਿਖੇ ਗੀਤ ਅਕਸਰ ਆਪਣੀ ਕਲਾਸ ਅਤੇ ਦੋਸਤਾਂ-ਮਿੱਤਰਾਂ ਵਿਚ ਬੈਠਾਂ ਗੁਣ-ਗਣਾਉਂਦਾ ਰਹਿੰਦਾ ਸੀ।

ਗੁਰੀ ਦਾ ਪਹਿਲਾ ਗੀਤ ਗਾਇਕ ਜੱਗੀ ਨਿਆਲ ਦੀ ਆਵਾਜ਼ ਵਿਚ ਰਿਕਾਰਡ ਹੋਇਆ ਸੀ। ਗੀਤ ਦੇ ਬੋਲ ਸਨ 'ਮਾਪਿਆਂ ਦਾ ਪਿਆਰ' ਅਤੇ ਉਸ ਤੋਂ ਬਾਅਦ ਗਾਇਕ ਪ੍ਰੀਤ ਖੜਿਆਲ ਦੀ ਆਵਾਜ਼ ਵਿਚ 'ਚਿੱਟਾ ਵਰਸਿਜ਼ ਬੁਢਾਪਾ' ਮਾਰਕੀਟ ਵਿਚ ਆਇਆ। ਇਨ੍ਹਾਂ ਗੀਤਾਂ ਨੂੰ ਸਰੋਤਿਆਂ ਵੱਲੋਂ ਖ਼ੂਬ ਪਸੰਦ ਕੀਤਾ ਗਿਆ। ਜਲਦੀ ਹੀ ਗੁਰੀ ਦੀ ਕਲਮ ਵਿੱਚੋਂ ਨਿਕਲੇ ਕਈ ਹੋਰ ਗੀਤ ਵੀ ਸਰੋਤਿਆਂ ਦੇ ਸਨਮੁੱਖ ਪੇਸ਼ ਹੋਣ ਵਾਲੇ ਹਨ। ਇਨ੍ਹਾਂ ਗੀਤਾਂ ਨੂੰ ਪੰਜਾਬ ਦੇ ਵੱਖ-ਵੱਖ ਗਾਇਕਾਂ ਨੇ ਆਪਣੀ ਆਵਾਜ਼ ਦਿੱਤੀ ਹੈ। •

75082-42992

---

# ਬਰੂਜ਼ ਦੀ ਗਾਇਕੀ ਵਿਰਾਸਤੀ ਦੇਣ

ਪ੍ਰਦੀਪ ਕੌਰ ਅਡੋਲ



ਘਰ ਵਿਚ ਗਾਇਕੀ ਦਾ ਮਾਹੌਲ ਹੋਵੇ ਤਾਂ ਜ਼ਾਹਿਰ ਹੈ ਕਿ ਘਰ ਦਾ ਕੋਈ ਨਾ ਕੋਈ ਮੈਂਬਰ ਆਪਣੇ ਵੱਡਿਆਂ ਦੀਆਂ ਪੈੜਾਂ 'ਤੇ ਚੱਲਦਾ ਹੀ ਹੈ। ਇਸੇ ਤਰ੍ਹਾਂ ਗਾਇਕ 'ਬਰੂਜ਼' ਨੂੰ ਵੀ ਗਾਇਕੀ ਵਿਰਾਸਤ ਵਿੱਚੋਂ ਮਿਲੀ ਹੈ। ਬਰੂਜ਼ ਅੱਜ ਆਪਣੇ ਪਿਤਾ ਤੋਂ ਵਿਰਾਸਤ ਵਿਚ ਮਿਲੀ ਗਾਇਕੀ ਨੂੰ ਬਾਖ਼ੂਬੀ ਅੱਗੇ ਵਧਾ ਰਿਹਾ ਹੈ। ਕਿਸੇ ਪਲੇਅ ਬੈਕ ਗਾਇਕ ਦਾ ਭੁਲੇਖਾ ਪਾਉਣ ਵਾਲਾ ਗਾਇਕ ਬਰੂਜ਼ ਪੰਜਾਬ ਦੇ ਮਸ਼ਹੂਰ ਗਾਇਕ 'ਸੋਹਣ ਸ਼ੰਕਰ' ਦਾ ਲਾਡਲਾ ਫ਼ਰਜ਼ੰਦ ਹੈ।

ਸ਼ਾਇਦ ਹੀ ਕੋਈ ਅਜਿਹਾ ਪੰਜਾਬੀ ਹੋਵੇਗਾ, ਜਿਸ ਨੇ ਗਾਇਕ ਸੋਹਣ ਸ਼ੰਕਰ ਦਾ ਗਾਇਆ ਗੀਤ 'ਬੱਗੇ-ਬੱਗੇ ਬੈਲ ਰੱਖਣੇ' ਨਾ ਸੁਣਿਆ ਹੋਵੇ। ਬਰੂਜ਼ ਦਾ ਜਨਮ ਪਿੰਡ ਬਗਵਾਈਂ ਗੜ੍ਹਸ਼ੰਕਰ ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਹੋਇਆ। ਇਸ ਵਕਤ ਬਰੂਜ਼ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਵਿਚ ਆਪਣੀ ਪੜ੍ਹਾਈ ਦੇ ਨਾਲ-ਨਾਲ ਸੰਗੀਤ ਦੀਆਂ ਬਰੀਕੀਆਂ ਦਾ ਗਿਆਨ ਵੀ ਹਾਸਲ ਕਰ ਰਿਹਾ ਹੈ। ਬਰੂਜ਼ ਜਿੱਥੇ ਇਕ ਗਾਇਕ ਹੈ ਉਥੇ ਉਹ ਇਕ ਵਧੀਆ ਗਿਟਾਰਿਸਟ ਵੀ ਹੈ।

ਬਰੂਜ਼ ਦਾ ਛੋਟਾ ਭਰਾ ਰਾਜਿਦ ਵੀ ਜਦੋਂ ਸਟੇਜ 'ਤੇ ਇਕੱਠੇ ਗਾਉਂਦੇ ਹਨ ਤਾਂ ਸਰੋਤੇ ਨੂੰ ਕੀਲ ਲੈਂਦੇ ਹਨ। ਇਹ ਦੋਵੇਂ ਭਰਾ ਆਪਣੇ ਪਿਤਾ ਸੋਹਣ ਸ਼ੰਕਰ ਦਾ ਅਖਾੜਿਆਂ ਵਿਚ ਸਾਥ ਦੇਣ ਦੇ ਪਿਤਾ ਗਾਇਕ ਸੋਹਣ ਸ਼ੰਕਰ ਅਨੁਸਾਰ ਗਾਇਕ ਉਹ ਹੁੰਦਾ ਹੈ ਜੋ ਸਰੋਤਿਆਂ ਦੀ ਪਸੰਦ ਨੂੰ ਪਛਾਣ ਕੇ ਗਾਵੇ। ਸੋਹਣ ਸ਼ੰਕਰ ਖ਼ੁਦ ਆਪਣੇ ਬੇਟੇ ਬਰੂਜ਼ ਨੂੰ ਇਕ ਪਰਪੱਕ ਗਾਇਕ ਦੇ ਤੌਰ 'ਤੇ ਸਰੋਤਿਆਂ ਵਿਚ ਪੇਸ਼ ਕਰਨਾ ਚਾਹੁੰਦੇ ਹਨ।

ਜੇ ਬਰੂਜ਼ ਦੇ ਗਾਇਕੀ ਸਫ਼ਰ ਦੀ ਗੱਲ ਕਰੀਏ ਤਾਂ ਉਸ ਦੇ ਗੀਤ ਯੂ-ਟਿਊਬ 'ਤੇ ਰਿਲੀਜ਼ ਹੋ ਚੁੱਕੇ ਹਨ। ਜਿਨ੍ਹਾਂ ਵਿੱਚੋਂ 'ਖਵਾਜ਼ਾ ਮੇਰੇ ਖਵਾਜ਼ਾ' ਗੀਤ ਨੂੰ ਸਰੋਤਿਆਂ ਵਲੋਂ ਭਰਪੂਰ ਹੁੰਗਾਰਾ ਮਿਲ ਰਿਹਾ ਹੈ। ਬਰੂਜ਼ ਵੀ ਆਪਣੇ ਪਿਤਾ ਵਾਂਗ ਸੱਭਿਆਚਾਰ ਦੀ ਸੇਵਾ ਕਰਨੀ ਚਾਹੁੰਦਾ ਹੈ। ਉਸ ਦਾ ਸੁਪਨਾ ਹੈ ਕਿ ਉਹ ਸਾਫ਼ ਸੁਥਰੀ ਗਾਇਕੀ ਨੂੰ ਪੇਸ਼ ਕਰੇ ਤੇ ਪੰਜਾਬੀ ਮਾਂ ਬੋਲੀ ਦਾ ਨਾਂ ਵਿਦੇਸ਼ਾਂ ਵਿਚ ਚਮਕਾਏ।

ਬਰੂਜ਼ ਦਾ ਮੰਨਣਾ ਹੈ ਕਿ ਉਸ ਦੇ ਗਾਇਕੀ ਸਫ਼ਰ ਵਿਚ ਉਸ ਦੇ ਪਰਿਵਾਰ ਤੇ ਦੋਸਤਾਂ-ਮਿੱਤਰਾਂ ਦਾ ਬਹੁਤ ਸਹਿਯੋਗ ਰਿਹਾ ਹੈ, ਜੋ ਹਰ ਸਮੇਂ ਉਸ ਨੂੰ ਅੱਗੇ ਵਧਣ ਲਈ ਹੱਲਾਸ਼ੇਰੀ ਦਿੰਦੇ ਰਹੇ ਹਨ। ਬਰੂਜ਼ ਹੁਣ ਜਲਦੀ ਹੀ ਆਪਣੇ ਨਵੇਂ ਗੀਤਾਂ ਨਾਲ ਇਕ ਵਾਰ ਫਿਰ ਸਰੋਤਿਆਂ ਦੀ ਕਚਹਿਰੀ ਵਿਚ ਹਾਜ਼ਰ ਹੋਣ ਜਾ ਰਿਹਾ ਹੈ। ਉਹ ਆਪਣੇ ਇਹ ਗੀਤ ਵਿਸ਼ਵ ਪੱਧਰ 'ਤੇ ਰਿਲੀਜ਼ ਕਰੇਗਾ। ਬਰੂਜ਼ ਨੇ ਕਿਹਾ ਕਿ ਉਸ ਨੂੰ ਪੂਰੀ ਉਮੀਦ ਹੈ

---

# ਅਲਬੇਲਾ ਗੀਤਕਾਰ ਬੰਤ ਰਾਮਪੁਰ ਵਾਲਾ

ਰੁਪਿੰਦਰ ਸਿੰਘ ਭੋਲਾ (ਯੂਐੱਸਏ)



ਬੰਤ ਰਾਮਪੁਰ ਵਾਲੇ ਦੇ ਲਿਖੇ ਗੀਤ ਹੁਣ ਤਕ ਪੰਜਾਬ ਦੇ ਕਈ ਮਸ਼ਹੂਰ ਗਾਇਕ ਆਪਣੀ ਆਵਾਜ਼ 'ਚ ਰਿਕਾਰਡ ਕਰਵਾ ਚੁੱਕੇ ਹਨ...

ਬੰਤ ਰਾਮਪੁਰ ਵਾਲੇ ਦਾ ਨਾਂ ਅੱਜ ਵੀ ਪੰਜਾਬੀ ਸੰਗੀਤ ਇੰਡਸਟਰੀ ਅੰਦਰ ਕਿਸੇ ਜਾਣ ਪਛਾਣ ਦਾ ਮੁਥਾਜ ਨਹੀਂ। ਉਸ ਦੀਆਂ ਪਾਈਆਂ ਪੈੜਾਂ ਸਦਾ ਸੰਗੀਤ ਜਗਤ ਵਿਚ ਯਾਦ ਰੱਖੀਆਂ ਜਾਣਗੀਆਂ। ਬੰਤ ਨੇ ਜੋ ਵੀ ਲਿਖਿਆ, ਉਸ ਨੂੰ ਸਰੋਤਿਆਂ ਨੇ ਹਮੇਸ਼ਾ ਮਣਾਂ-ਮੂੰਹੀਂ ਪਿਆਰ ਦਿੱਤਾ। ਭਾਵੇਂ ਕਈ ਗੀਤਕਾਰਾਂ ਨੇ ਸਮੇਂ-ਸਮੇਂ ਆਪਣੀ ਕਲਾ ਦਾ ਲੋਹਾ ਮਨਵਾਉਂਦੇ ਹੋਏ ਕੁਝ ਸਮੇਂ ਲਈ ਬੁਲੰਦੀਆਂ ਨੂੰ ਛੂਹਿਆ ਪਰ ਕਈ ਗੀਤਕਾਰ ਅਜਿਹੇ ਵੀ ਹੁੰਦੇ ਨੇ ਜਿਹੜੇ ਲੰਬਾਂ ਸਮਾਂ ਲੋਕ ਮਨਾਂ 'ਤੇ ਰਾਜ ਕਰਦੇ ਹਨ। ਅਜਿਹੇ ਗੀਤਕਾਰਾਂ ਦੀਆਂ ਪ੍ਰਾਪਤੀਆਂ ਹਮੇਸ਼ਾ ਵਿਖਾਈ ਦਿੰਦੀਆਂ ਰਹਿੰਦੀਆਂ ਹਨ। ਸਮੇਂ ਦੀ ਸਿਤਮ-ਜ਼ਰੀਫ਼ੀ ਵੀ ਕਈ ਕਲਾਕਾਰਾਂ ਅਤੇ ਗੀਤਕਾਰਾਂ 'ਤੇ ਭਾਰੀ ਪੈ ਜਾਂਦੀ ਹੈ।

ਬਹੁਤੇ ਕਲਾਕਾਰਾਂ ਤਾਂ ਮਾੜਾ ਗਾ ਅਤੇ ਮਾੜਾ ਲਿਖ ਪੈਸੇ ਅਤੇ ਸ਼ੋਹਰਤ ਸਭ ਕੁਝ ਖੱਟ ਜਾਂਦੇ ਹਨ ਪਰ ਕਈ ਤਾਂ ਵਧੀਆ ਲਿਖਣ ਅਤੇ ਗਾਉਣ ਦੇ ਬਾਵਜੂਦ ਰਾਹਾਂ ਦੀ ਧੂੜ ਫੱਕਣ ਅਲਬੇਲੇ ਗੀਤਕਾਰ ਬੰਤ ਰਾਮਪੁਰ ਵਾਲੇ ਨਾਲ। ਇਕ ਦੌਰ ਅਜਿਹਾ ਵੀ ਸੀ ਜਦੋਂ ਬੰਤ ਦੇ ਲਿਖੇ ਗੀਤ ਪੰਜਾਬ ਦੇ ਤਕਰੀਬਨ ਹਰ ਕਲਾਕਾਰ ਦੀ ਆਵਾਜ਼ ਵਿਚ ਸੁਣਾਈ ਦਿੱਤੇ। ਉਦੋਂ ਜ਼ਿਲ੍ਹਾ ਪਟਿਆਲਾ ਦੇ ਘੁੱਗ ਵਸਦੇ ਪਿੰਡ ਰਾਮਪੁਰ ਦੀਆਂ ਗਲੀਆਂ ਅੰਦਰ ਕਲਾਕਾਰਾਂ ਦੀ ਭੀੜ ਆਮ ਵਿਖਾਈ ਦਿੰਦੀ ਸੀ। ਹਰ ਗਾਇਕ ਦੀ ਇੱਛਾ ਹੁੰਦੀ ਸੀ ਕਿ ਉਹ ਵੀ ਬੰਤ ਦੇ ਲਿਖੇ ਗੀਤ ਗਾਵੇ।

ਪੰਜਾਬੀ ਗਾਇਕੀ ਦੇ ਚੋਟੀ ਦੇ ਬੰਤ ਦੇ ਲਿਖੇ ਗੀਤਾਂ ਨੂੰ 'ਜੰਨ ਚੜ੍ਹੀ ਅਮਲੀ ਦੀ' ਕੈਸਿਟ ਵਿਚ ਆਪਣੀ ਆਵਾਜ਼ ਦਿੱਤੀ ਤਾਂ ਬੰਤ ਦੇ ਨਾਂ ਦਾ ਚਾਰੇ ਪਾਸੇ ਡੰਕਾ ਵੱਜਣ ਲੱਗਿਆ। ਇਸ ਕੈਸਿਟ ਵਿਚ ਬੰਤ ਦੇ ਲਿਖੇ ਸਾਰੇ ਗੀਤ ਬਹੁਤ ਮਕਬੂਲ ਹੋਏ। ਇਸ ਮਗਰੋਂ ਤਾਂ ਬੰਤ ਨੇ ਕਦੇ ਪਿੱਛੇ ਮੁੜ ਨਹੀਂ ਵੇਖਿਆ। ਇਕੱਲੇ ਸਵਰਗੀ ਗਾਇਕ ਕੁਲਦੀਪ ਪਾਰਸ ਨੇ ਬੰਤ ਦੇ ਲਿਖੇ 204 ਗੀਤ ਰਿਕਾਰਡ ਕਰਵਾਏ ਹਨ। ਬੰਤ ਦਾ ਲਿਖਿਆ ਗੀਤ 'ਗੱਲ ਮੁੱਕਦੀ ਆ 'ਕਾਲਜ ਸੁੰਨਾ ਕਰ ਕੇ', 'ਚਾਰ-ਚਾਰ ਦਾ ਪੱਖਾ' ਉਸ ਵੱਲੋਂ ਰੂਹ ਨਾਲ ਲਿਖੇ ਗੀਤ ਸਨ।

ਜੇ ਬੰਤ ਦੇ ਲਿਖੇ ਗੀਤਾਂ ਨੂੰ ਗਾਉਣ ਵਾਲੇ ਗਾਇਕਾਂ ਦੀ ਗੱਲ ਕਰੀਏ ਤਾਂ ਇਸ 'ਚ ਸੁਰਿੰਦਰ ਛਿੰਦਾ, ਸਰਦੂਲ ਸਿਕੰਦਰ-ਅਮਰ ਨੂਰੀ, ਸਵਰਗੀ ਅਮਰ ਸਿੰਘ ਚਮਕੀਲਾ-ਅਮਰਜੋਤ, ਹਰਭਜਨ ਮਾਨ, ਅਵਤਾਰ ਫ਼ੱਕਰ-ਬਲਜੀਤ ਬੇਦੀ, ਜਸਵੰਤ ਸੰਦੀਲਾ, ਸੁਰਜੀਤ ਖ਼ਾਨ, ਗੁਰਲੇਜ਼ ਅਖ਼ਤਰ, ਯੁਧਵੀਰ ਮਾਣਕ, ਸੁਚੇਤ ਬਾਲਾ, ਸੁਖਵੰਤ ਸੁਖੀ ਆਦਿ ਦੇ ਨਾਂ ਆਉਂਦੇ ਹਨ। ਬੰਤ ਰਾਮਪੁਰ ਵਾਲੇ ਦੀ ਕਲਮ ਵਿੱਚੋਂ ਨਿਕਲੇ ਕਈ ਗੀਤ ਪੰਜਾਬੀ ਫਿਲਮਾਂ ਵਿਚ ਵੀ ਰਿਕਾਰਡ ਹੋਏ ਹਨ। ਇਨ੍ਹਾਂ ਫਿਲਮਾਂ ਵਿਚ 'ਜੱਟ ਦਾ ਗੰਡਾਸਾ', 'ਨੈਣ ਪ੍ਰੀਤੋ ਦੇ', 'ਟਾਕਰੇ ਜੱਟਾਂ ਦੇ' ਆਦਿ ਦੇ ਨਾਂ ਸ਼ਾਮਲ ਹਨ।

ਜਿੱਥੇ ਬੰਤ ਨੇ ਸੋਲੋ ਤੇ ਦੋਗਾਣੇ ਗੀਤ ਲਿਖੇ ਉਥੇ ਉਸ ਨੇ ਕਈ ਧਾਰਮਿਕ ਗੀਤ ਵੀ ਲਿਖੇ ਜੋ ਕਾਫ਼ੀ ਮਕਬੂਲ ਹੋਏ। ਜਿਨ੍ਹਾਂ ਵਿੱਚੋਂ ਸਵਰਗੀ ਗਾਇਕਾ ਅਮਰਜੋਤ ਵੱਲੋਂ ਗਾਇਆ ਨੂੰ ਛੂਹ ਗਿਆ ਸੀ। ਫਿਰ ਵੀ ਅਫ਼ਸੋਸ ਨਾਲ ਕਹਿਣਾ ਪੈਂਦਾ ਹੈ ਕਿ ਜਿਨ੍ਹਾਂ ਨੂੰ ਬੰਤ ਨੇ ਗਾਇਕੀ ਦੇ ਅਸਮਾਨ 'ਤੇ ਪਹੁੰਚਾਇਆ ਮਗਰੋਂ ਉਹੀ ਉਸ ਦਾ ਸਾਥ ਛੱਡ ਗਏ। ਉਨ੍ਹਾਂ ਗਾਇਕਾਂ ਨੇ ਕਦੇ ਬੰਤ ਨੂੰ ਹਾਲ ਪੁੱਛਣ ਵੀ ਠੀਕ ਨਾ ਸਮਝਿਆ। ਇਸ ਤੋਂ ਵੀ ਵੱਡੀ ਦੁਖ ਦੀ ਗੱਲ ਇਹ ਹੈ ਕਿ ਬੰਤ ਦੇ ਸਿਰੋਂ ਕਈ ਗਾਇਕ ਅੱਜ ਅਮੀਰ ਬਣ ਗਏ ਪਰ ਬੰਤ ਅੱਜ ਖ਼ੁਦ ਸਿਰ ਦੀ ਛੱਤ ਨੂੰ ਤਰਸ ਰਿਹਾ ਹੈ। ਵਾਹ ਨੀ ਕਿਸਮਤੇ ! ਤੇਰੇ ਰੰਗ ਨਿਆਰੇ। ਜਿਸ ਫ਼ਨਕਾਰ ਨੂੰ ਬੱਚਾ-ਬੱਚਾ ਜਾਣਦਾ ਸੀ, ਅੱਜ ਸਮੇਂ ਦਾ ਮਾਰਿਆ ਮੰਦਹਾਲੀ ਦਾ ਸ਼ਿਕਾਰ ਹੋ ਕੇ ਰਹਿ ਗਿਆ ਹੈ। ਸ਼ਾਇਦ ਪੰਜਾਬੀ ਗਾਇਕੀ ਦੇ ਇਤਿਹਾਸ ਦਾ ਇਹੀ ਕੌੜਾ ਸੱਚ ਹੈ। ਲੋੜ ਹੈ ਸਾਡੇ ਸਮਾਜ ਨੂੰ ਅਜਿਹੇ ਅਲਬੇਲੇ ਗੀਤਕਾਰਾਂ ਦੀ ਬਾਂਹ ਫੜਨ ਦੀ ਤਾਂਕਿ ਵਧੀਆ ਸਾਹਿਤ ਦੇ ਰਚਨਹਾਰੇ ਹੋਰ ਵਧੀਆ ਸਾਹਿਤ ਰਚ ਕੇ ਸਮਾਜ ਨੂੰ ਚੰਗੇ ਰਾਹੇ ਪਾਉਣ। ਸਰੋਤੇ ਵੀ ਵਧੀਆ ਗੀਤ ਲਿਖਣ ਤੇ ਗਾਉਣ ਵਾਲੇ ਗਾਇਕਾਂ ਤੇ ਗੀਤਕਾਰਾਂ ਨੂੰ

# ਸ਼ਾਮ 6 ਵਜੇ ਤੋਂ ਬਾਅਦ ਤੇ ਸਵੇਰੇ 10 ਵਜੇ ਤੋਂ ਪਹਿਲਾਂ ਝੋਨੇ ਦੀ ਕਟਾਈ ਕਰਨ ਵਾਲੀ ਕੰਬਾਇਨ ਹੋਵੇਗੀ ਜ਼ਬਤ: ਡਿਪਟੀ ਕਮਿਸ਼ਨਰ

➢ ਕਿਸਾਨ ਮੰਡੀਆਂ 'ਚ ਸੁੱਕਾ ਝੋਨਾ ਹੀ ਲਿਆਉਣ, ਤੁਰੰਤ ਫ਼ਸਲ ਵੇਚਣੀ ਹੋਵੇਗੀ ਸੁਖਾਲੀ : ਡਾ. ਪ੍ਰੀਤੀ ਯਾਦਵ

➢ ਝੋਨੇ ਦੀ ਨਿਰਵਿਘਨ ਤੇ ਸੁਚਾਰੂ ਖਰੀਦ ਕਰਵਾਉਣ ਲਈ ਖਰੀਦ ਏਜੰਸੀਆਂ ਤੇ ਹੋਰ ਅਧਿਕਾਰੀਆਂ ਨਾਲ ਬੈਠਕ



**ਪਟਿਆਲਾ, 14 ਅਕਤੂਬਰ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਝੋਨੇ ਦੀ ਖਰੀਦ ਪ੍ਰਕ੍ਰਿਆ ਨੂੰ ਸੁਚਾਰੂ ਢੰਗ ਨਾਲ ਨੇਪਰੇ ਚਾੜ੍ਹਨ ਲਈ ਪਟਿਆਲਾ ਦੇ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਵੱਖ-ਵੱਖ ਖਰੀਦ ਏਜੰਸੀਆਂ ਤੇ ਹੋਰ ਅਧਿਕਾਰੀਆਂ ਨਾਲ ਜਾਇਜ਼ਾ ਬੈਠਕ ਕਰਦਿਆਂ ਹਦਾਇਤ ਕੀਤੀ ਕਿ ਖਰੀਦੀ ਫ਼ਸਲ ਦੀ ਨਾਲੋ-ਨਾਲ ਅਦਾਇਗੀ ਤੇ ਲਿਫ਼ਟਿੰਗ ਕਰਵਾਈ ਜਾਵੇ।

ਡਾ. ਪ੍ਰੀਤੀ ਯਾਦਵ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਕਿਸਾਨਾਂ ਦੀ ਫ਼ਸਲ ਦਾ ਇੱਕ ਇੱਕ ਦਾਣਾ ਨਿਰਵਿਘਨ ਢੰਗ ਨਾਲ ਖਰੀਦੇ ਜਾਣ ਸਮੇਤ ਕਿਸਾਨਾਂ ਨੂੰ ਮੰਡੀਆਂ ਕੋਈ ਪ੍ਰੇਸ਼ਾਨੀ ਨਹੀਂ ਆਉਣ ਦਿੱਤੀ ਜਾ ਰਹੀ। ਉਨ੍ਹਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਮੰਡੀਆਂ ਵਿੱਚ ਸੁੱਕਾ ਝੋਨਾ ਹੀ ਲੈਕੇ ਆਉਣ ਅਤੇ ਪਰਾਲੀ ਨੂੰ ਅੱਗ ਨਾ ਲਗਾਉਣ।

ਡਿਪਟੀ ਕਮਿਸ਼ਨਰ ਨੇ ਸਮੂਹ ਕੰਬਾਇਨ ਚਾਲਕਾਂ ਨੂੰ ਹਦਾਇਤ ਕੀਤੀ ਕਿ ਕੰਬਾਇਨਾਂ ਸਵੇਰੇ 10 ਵਜੇ ਤੋਂ ਸ਼ਾਮ 6 ਵਜੇ ਤੱਕ ਹੀ ਚੱਲਣਗੀਆਂ ਅਤੇ ਝੋਨੇ ਦੀ ਕਟਾਈ ਸ਼ਾਮ 6 ਵਜੇ ਤੋਂ ਬਾਅਦ ਅਤੇ ਸਵੇਰੇ 10 ਵਜੇ ਤੋਂ ਪਹਿਲਾਂ ਨਹੀਂ ਹੋ ਸਕੇਗੀ ਅਤੇ ਕੰਬਾਇਨਾਂ ਉਤੇ ਸੁਪਰ ਐਸ.ਐਮ.ਐਸ ਲੱਗੇ ਹੋਣੇ ਚਾਹੀਦੇ ਹਨ ਪਰੰਤੂ ਜੇਕਰ ਕੋਈ ਕੰਬਾਇਨ ਇਨ੍ਹਾਂ ਹੁਕਮਾਂ ਦੀ ਉਲੰਘਣਾ ਕਰਦੀ ਪਾਈ ਗਈ ਤਾਂ ਕੰਬਾਇਨ ਜ਼ਬਤ ਕਰ ਲਈ ਜਾਵੇਗੀ।

ਡਾ. ਪ੍ਰੀਤੀ ਯਾਦਵ ਨੇ ਖਰੀਦ ਏਜੰਸੀਆਂ ਦੇ ਜ਼ਿਲ੍ਹਾ ਮੈਨੇਜਰਾਂ ਨੂੰ ਹਦਾਇਤ ਕੀਤੀ ਕਿ ਉਹ ਆਪਣੀਆਂ ਅਲਾਟ ਹੋਈਆਂ ਮੰਡੀਆਂ 'ਚ ਤਾਇਨਾਤ ਇੰਸਪੈਕਟਰਾਂ ਨੂੰ ਝੋਨੇ ਦੀ ਫ਼ਸਲ ਦੀ ਖਰੀਦ ਨਿਰਵਿਘਨ ਢੰਗ ਨਾਲ ਕਰਵਾਉਣ ਅਤੇ ਖਰੀਦੀ ਜਿਣਸ ਦੀ 48 ਘੰਟਿਆਂ ਦੇ ਅੰਦਰ-ਅੰਦਰ ਲਿਫਟਿੰਗ ਯਕੀਨੀ ਤੌਰ 'ਤੇ ਕਰਵਾਉਣ ਲਈ ਸੰਵੇਦਨਸ਼ੀਲ ਬਨਾਉਣ।

ਉਨ੍ਹਾਂ ਨੇ ਖਰੀਦ ਕੇਂਦਰਾਂ 'ਚ ਝੋਨੇ ਦੀ ਖਰੀਦ ਅਤੇ ਇਸਦੀ ਲਿਫਟਿੰਗ ਦੇ ਪ੍ਰਬੰਧਾਂ ਦਾ ਇਕੱਲੇ-ਇਕੱਲੇ ਕਰਕੇ ਜਾਇਜ਼ਾ ਲਿਆ ਅਤੇ ਖਰੀਦ ਏਜੰਸੀਆਂ ਨੂੰ ਕਿਸੇ ਵੀ ਤਰ੍ਹਾਂ ਦੀ ਢਿੱਲ ਮੱਠ ਨਾ ਵਰਤਣ ਦੇ ਆਦੇਸ਼ ਦਿੱਤੇ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ 108 ਖਰੀਦ ਕੇਂਦਰਾਂ ਵਿਚੋਂ ਹੁਣ ਤੱਕ 74 ਵਿੱਚ ਝੋਨੇ ਦੀ ਖਰੀਦ ਸ਼ੁਰੂ ਹੋਈ ਹੈ ਅਤੇ ਅੱਜ ਤੱਕ 2 ਲੱਖ 514 ਮੀਟ੍ਰਿਕ ਟਨ ਦੀ ਆਮਦ ਹੋਈ ਹੈ ਅਤੇ ਇਸ ਵਿੱਚੋਂ 9 ਲੱਖ 9 ਹਜਾਰ 582 ਮੀਟ੍ਰਿਕ ਝੋਨੇ ਦੀ ਖਰੀਦ ਕੀਤੀ ਜਾ ਚੁੱਕੀ ਹੈ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਪਨਗ੍ਰੇਨ ਵੱਲੋਂ 89674 ਮੀਟ੍ਰਿਕ ਟਨ, ਮਾਰਕਫੈਡ ਵੱਲੋਂ 38552 ਮੀਟ੍ਰਿਕ ਟਨ, ਪਨਸਪ ਵੱਲੋਂ 36013 ਮੀਟ੍ਰਿਕ ਟਨ, ਪੰਜਾਬ ਰਾਜ ਵੇਅਰ ਹਾਊਸ ਕਾਰਪੋਰੇਸ਼ਨ ਵੱਲੋਂ 26343 ਮੀਟ੍ਰਿਕ ਟਨ ਝੋਨੇ ਦੀ ਖ਼ਰੀਦ ਕੀਤੀ ਗਈ ਹੈ। ਇਸ ਮੌਕੇ ਏ.ਡੀ.ਸੀ. ਨਵਰੀਤ ਕੌਰ ਸੇਖੋਂ, ਡੀ.ਐਫ.ਐਸ.ਸੀ ਡਾ. ਰਵਿੰਦਰ ਕੌਰ ਸਮੇਤ ਜ਼ਿਲ੍ਹਾ ਮੰਡੀ ਅਫ਼ਸਰ, ਖਰੀਦ ਏਜੰਸੀਆਂ ਤੇ ਆਰ.ਟੀ.ਓ. ਦਫ਼ਤਰ ਦੇ ਨੁਮਾਇੰਦੇ ਮੌਜੂਦ ਸਨ।

## ਖਰੀਫ਼ ਸੀਜਨ ਦੌਰਾਨ ਬੋਗਸ ਖਰੀਦ ਤੇ ਦੂਜੇ ਰਾਜਾਂ ਤੋਂ ਅਣ-ਅਧਿਕਾਰਤ ਝੋਨਾ ਜਾਂ ਚਾਵਲ ਲਿਆਉਣ ਤੋਂ ਰੋਕਣ ਲਈ ਜ਼ਿਲ੍ਹੇ ਭਰ ਅੰਦਰ ਨਾਕੇ ਸਰਗਰਮ

## ਪਟਿਆਲਾ ਜ਼ਿਲ੍ਹੇ ਅੰਦਰ ਅਣ-ਅਧਿਕਾਰਤ ਝੋਨਾ ਜਾਂ ਚਾਵਲ ਲਿਆ ਕੇ ਵੇਚਣ ਵਾਲੇ ਦੋਸ਼ੀਆਂ ਵਿਰੁੱਧ ਹੋਵੇਗੀ ਸਖ਼ਤ ਕਾਰਵਾਈ: ਡਿਪਟੀ ਕਮਿਸ਼ਨਰ



**ਪਟਿਆਲਾ, 14 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਮੌਜੂਦਾ ਝੋਨੇ ਦੀ ਖਰੀਦ ਦੇ ਸੀਜਨ ਦੌਰਾਨ ਕੁੱਝ ਸ਼ਰਾਰਤੀ ਅਨਸਰਾਂ ਵੱਲੋਂ ਝੋਨੇ ਜਾਂ ਚੌਲਾਂ ਦੀ ਬੋਗਸ ਖਰੀਦ/ ਗ਼ੈਰ ਕਾਨੂੰਨੀ ਰੀਸਾਇਕਲਿੰਗ ਕਰਨ ਦੇ ਖਦਸ਼ਿਆਂ ਨੂੰ ਰੋਕਣ ਲਈ ਪੁਲਿਸ ਸਮੇਤ ਵੱਖ-ਵੱਖ ਟੀਮਾਂ ਗਠਿਤ ਕੀਤੀਆਂ ਗਈਆਂ ਹਨ। ਇਨ੍ਹਾਂ ਟੀਮਾਂ ਵੱਲੋਂ ਸੰਜਰਪੁਰ ਮੋੜ ਸ਼ੰਭੂ ਬੈਰੀਅਰ, ਸਰਾਲਾ ਹੈਡ ਘਨੌਰ-ਅੰਬਾਲਾ ਰੋਡ, ਰੋਹੜ ਜਗੀਰ ਜੁਲਕਾ-ਪਿਹੋਵਾ ਰੋਡ, ਟੀ ਪੁਆਇੰਟ ਬਲਬੇੜਾ-ਚੀਕਾ ਸੜਕ, ਧਰਮੇੜੀ ਨਵਾਂ ਗਾਉ-ਚੀਕਾ ਰੋਡ, ਘੱਗਰ ਪੁਲ ਅਰਨੇਟੂ ਬਾਦਸ਼ਾਹਪੁਰ-ਕੈਥਲ ਰੋਡ ਅਤੇ ਢਾਬੀ ਗੁੱਜਰਾਂ, ਪਾਤੜਾਂ-ਨਰਵਾਣਾ ਰੋਡ ਵਿਖੇ ਇਹ ਟੀਮਾਂ ਮੰਡੀ ਬੋਰਡ ਦੇ ਕਰਮਚਾਰੀਆਂ ਨਾਲ ਤਾਲਮੇਲ ਕਰਕੇ ਪੰਜਾਬ ਤੋਂ ਬਾਹਰੋਂ ਆ ਰਹੇ ਟਰੱਕਾਂ ਦੇ ਬਿਲ ਬਿਲਟੀਆਂ ਆਦਿ ਦੀ ਚੈਕਿੰਗ ਕਰਕੇ ਡਿਟੇਲ ਨੋਟ ਕੀਤੀ ਜਾ ਰਹੀ ਹੈ।

ਇਸ ਬਾਰੇ ਜਾਣਕਾਰੀ ਦਿੰਦਿਆਂ ਪਟਿਆਲਾ ਦੇ ਜ਼ਿਲ੍ਹਾ ਮੈਜਿਸਟਰੇਟ-ਕਮ-ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਖਰੀਫ਼ ਸੀਜਨ 2024-25 ਵਿੱਚ ਝੋਨੇ ਦੀ ਖਰੀਦ ਦੇ ਚੱਲ ਰਹੇ ਸੀਜਨ ਦੌਰਾਨ ਸਮੂਹ ਖਰੀਦ ਏਜੰਸੀਆਂ ਵੱਲੋਂ ਪਟਿਆਲਾ ਜ਼ਿਲ੍ਹੇ ਵਿੱਚ ਸਥਾਪਤ ਕੀਤੀਆਂ ਮੰਡੀਆਂ ਵਿੱਚ ਕਿਸਾਨਾਂ ਵੱਲੋਂ ਲਿਆਂਦੇ ਝੋਨੇ ਦੀ ਘੱਟੋ-ਘੱਟ ਸਮਰਥਨ ਮੁੱਲ ਉਤੇ ਖਰੀਦ ਕੀਤੀ ਜਾ ਰਹੀ ਹੈ ਤਾਂ ਜੋ ਸੂਬੇ ਦੇ ਕਿਸਾਨਾਂ ਨੂੰ ਕੋਈ ਮੁਸ਼ਕਿਲ ਪੇਸ਼ ਨਾ ਆਵੇ।

ਡਿਪਟੀ ਕਮਿਸ਼ਨਰ ਨੇ ਕਿਹਾ ਕਿ ਪਰੰਤੂ ਕੁਝ ਸ਼ਰਾਰਤੀ ਅਨਸਰਾਂ ਵੱਲੋਂ ਦੂਜੇ ਰਾਜਾਂ ਤੋਂ ਘੱਟ ਰੇਟ 'ਤੇ ਝੋਨਾ/ਚਾਵਲ ਖਰੀਦ ਕੇ ਪੰਜਾਬ ਵਿੱਚ ਵੇਚਣ ਲਈ ਲਿਆਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ।

ਇਸ ਅਣਅਧਿਕਾਰਤ ਆਉਣ ਵਾਲੇ ਝੋਨੇ ਜਾਂ ਚਾਵਲ ਦੀ ਆਮਦ ਅਤੇ ਗ਼ੈਰ ਕਾਨੂੰਨੀ ਗਤੀਵਿਧੀਆਂ ਰੋਕਣ ਲਈ ਅਤੇ ਮੰਡੀਆਂ ਦੀ ਅਚਨਚੇਤ ਚੈਕਿੰਗ ਕਰਨ ਲਈ ਪਟਿਆਲਾ ਜ਼ਿਲ੍ਹੇ ਵਿੱਚ ਵੱਖ-ਵੱਖ ਵਿਭਾਗਾਂ ਤੇ ਪੁਲਿਸ ਦੇ ਅਧਿਕਾਰੀਆਂ ਨੂੰ ਸ਼ਾਮਲ ਕਰਕੇ ਐਸ.ਡੀ.ਐਮਜ਼ ਦੀ ਅਗਵਾਈ ਹੇਠ ਉਡਣ ਦਸਤਿਆਂ ਦਾ ਗਠਨ ਕੀਤਾ ਗਿਆ ਹੈ। ਜ਼ਿਲ੍ਹਾ ਖੁਰਾਕ ਤੇ ਸਪਲਾਈ ਕੰਟਰੋਲਰ ਡਾ. ਰਵਿੰਦਰ ਕੌਰ ਨੇ ਦੱਸਿਆ ਕਿ ਜ਼ਿਲ੍ਹਾ ਪੱਧਰ 'ਤੇ ਪੁਲਿਸ ਟੁੱਕੜੀਆਂ ਦੂਜੇ ਰਾਜਾਂ ਦੇ ਨਾਲ ਲੱਗਦੇ ਬੈਰੀਅਰਾਂ ਉਪਰ ਪੁਲਿਸ ਨਾਕੇ ਲਗਾਕੇ ਹਰ ਮਾਰਕਿਟ ਕਮੇਟੀ ਪੱਧਰ ਉਤੇ ਦੂਜੇ ਰਾਜਾਂ ਤੋਂ ਅਣ-ਅਧਿਕਾਰਤ ਆਉਣ ਵਾਲੇ ਝੋਨੇ/ਚਾਵਲ ਦੀ ਚੈਕਿੰਗ ਕੀਤੀ ਜਾ ਰਹੀ ਹੈ।

# 69ਵੀਆਂ ਅੰਤਰ ਜ਼ਿਲ੍ਹਾ ਸਕੂਲ ਖੇਡਾਂ 'ਚ ਅੰਡਰ 17 ਲੜਕਿਆਂ ਦੇ ਬਾਕਸਿੰਗ ਮੁਕਾਬਲੇ ਕਰਵਾਏ ਗਏ



**ਪਟਿਆਲਾ, 14 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਪੰਜਾਬ ਸ੍ਰ. ਭਗਵੰਤ ਸਿੰਘ ਮਾਨ ਅਤੇ ਸਿੱਖਿਆ ਮੰਤਰੀ ਪੰਜਾਬ ਹਰਜੋਤ ਸਿੰਘ ਬੈਂਸ ਦੀ ਰਹਿਨੁਮਾਈ ਹੇਠ ਸਕੂਲਾਂ ਦੇ ਵਿਦਿਆਰਥੀਆਂ ਲਈ ਵੱਖ-ਵੱਖ ਪੱਧਰਾਂ 'ਤੇ ਖੇਡ ਮੁਕਾਬਲਿਆਂ ਦਾ ਆਯੋਜਨ ਕੀਤਾ ਜਾ ਰਿਹਾ ਹੈ। ਇਸ ਦੇ ਤਹਿਤ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿੱ.) ਸੰਜੀਵ ਸ਼ਰਮਾ ਦੇ ਦਿਸ਼ਾ ਨਿਰਦੇਸ਼ ਅਤੇ ਉਪ ਜ਼ਿਲ੍ਹਾ ਸਿੱਖਿਆ ਅਫਸਰ ਡਾ. ਰਵਿੰਦਰਪਾਲ ਸਿੰਘ ਦੀ ਅਗਵਾਈ ਹੇਠ ਅੰਤਰ ਜ਼ਿਲ੍ਹਾ ਮੁਕਾਬਲੇ ਪਟਿਆਲਾ ਵਿਖੇ ਆਯੋਜਿਤ ਕੀਤੇ ਗਏ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਸਪੋਰਟਸ ਕੋਆਰਡੀਨੇਟਰ ਡਾ. ਦਲਜੀਤ ਸਿੰਘ ਨੇ ਕਿਹਾ ਅੰਡਰ 17 ਲੜਕਿਆਂ ਬਾਕਸਿੰਗ ਦੇ ਅੰਤਰ ਜ਼ਿਲ੍ਹਾ ਮੁਕਾਬਲੇ ਪੀ.ਐਮ. ਸ਼੍ਰੀ ਸਰਕਾਰੀ ਮਲਟੀਪਰਪਜ਼ ਸਕੂਲ ਪਾਸੀ ਰੋਡ ਪਟਿਆਲਾ ਵਿਖੇ ਕਰਵਾਏ ਗਏ। ਜਲੰਧਰ ਵਿੰਗ ਨੇ ਗੋਲਡ ਮੈਡਲ, ਪਟਿਆਲਾ ਵਿੰਗ ਨੇ ਸਿਲਵਰ ਮੈਡਲ ਤੇ ਅੰਮ੍ਰਿਤਸਰ ਵਿੰਗ ਨੇ ਕਾਂਸੀ ਦਾ ਮੈਡਲ ਜਿੱਤਿਆ। ਜ਼ਿਲ੍ਹਾ ਸਪੋਰਟਸ ਕੋਆਰਡੀਨੇਟਰ ਡਾ. ਦਲਜੀਤ ਸਿੰਘ ਨੇ ਖਿਡਾਰੀਆਂ ਨੂੰ ਮੈਡਲ ਤੇ ਟਰਾਫੀ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ 'ਤੇ ਮੈਸ ਕਮੇਟੀ ਇੰਚਾਰਜ ਪ੍ਰਿੰਸੀਪਲ ਰਾਜ ਕੁਮਾਰ ਨੋਗਾਵਾਂ, ਬਾਕਸਿੰਗ ਦੇ ਆਬਜ਼ਰਵਰ ਤਾਰਾ ਸਿੰਘ, ਮੈਚ ਆਫੀਸ਼ੀਅਲ ਲਕਸ਼ਮੀ, ਅਨਿਲ ਕੁਮਾਰ, ਪ੍ਰੀਤਪਾਲ ਸਿੰਘ, ਦੀਪਇੰਦਰ ਸਿੰਘ, ਗੁਰਵਿੰਦਰ ਸਿੰਘ ਸੰਧੂ, ਵਿਕਰਮਜੀਤ ਸਿੰਘ, ਪਰਮਜੀਤ ਸਿੰਘ ਸੋਹੀ, ਤਨਵੀਰ ਸਿੰਘ, ਰਾਜੇਸ਼ ਪਾਂਡੇ, ਸੰਧਿਆ ਰਾਣਾ , ਅਨਿਲ ਚਹਿਲ, ਰੁਪਿੰਦਰ ਸਿੰਘ, ਰਾਜੇਸ਼ ਬਠਿੰਡਾ, ਦਿਆ ਸਿੰਘ, ਗੌਰਵ ਬਿਰਦੀ, ਲਖਵਿੰਦਰ ਸਿੰਘ, ਹਰਜੀਤ ਸਿੰਘ ਤੇ ਪ੍ਰੈਸ ਇੰਚਾਰਜ ਜਸਵਿੰਦਰ ਸਿੰਘ ਗੱਜੂਮਾਜਰਾ ਹਾਜ਼ਰ ਸਨ।

# ਮੱਛੀ ਪਾਲਣ ਕਿੱਤੇ ਨੂੰ ਪ੍ਰਫੁੱਲਤ ਕਰਨ ਲਈ ਇੱਕ ਰੋਜ਼ਾ ਜਾਗਰੂਕਤਾ ਕੈਂਪ ਆਯੋਜਿਤ




**ਮਲੇਰਕੋਟਲਾ, 14 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸਹਾਇਕ ਡਾਇਰੈਕਟਰ ਮੱਛੀ ਪਾਲਣ ਤੇਜਿੰਦਰ ਸਿੰਘ ਦੀ ਅਗਵਾਈ ਵਿੱਚ ਮੱਛੀ ਪਾਲਣ ਕਿੱਤੇ ਨੂੰ ਪ੍ਰਫੁੱਲਤ ਕਰਨ ਲਈ ਬੁਸ਼ਰਾ ਫਿਸ ਸੋਪ ਵਿਖੇ ਫਿਸ਼ ਕਿਓਸਕ (ਦੁਕਾਨ) ਤੇ ਮੱਛੀ ਦੀ ਕਟਾਈ ਅਤੇ ਵਿਕਰੀ ਸਬੰਧੀ ਇੱਕ ਰੋਜਾ ਜਾਗਰੂਕਤਾ ਕੈਂਪ ਲਗਾਇਆ ਗਿਆ। ਇਸ ਕੈਂਪ ਵਿੱਚ ਕਰੀਬ 20 ਮੱਛੀ ਖਰੀਦਦਾਰਾਂ, ਵਿਕਰੇਤਾਵਾਂ ਅਤੇ ਕਾਸ਼ਤਕਾਰਾ ਵੱਲੋਂ ਭਾਗ ਲਿਆ ਗਿਆ। ਇਸ ਕੈਂਪ ਵਿੱਚ ਮੱਛੀ ਵਿਕਰੇਤਾਵਾਂ ਅਤੇ ਖਰੀਦਦਾਰਾਂ ਨੂੰ ਸਾਫ਼-ਸੁਥਰੀ ਮੱਛੀ ਵੇਚਣ ਅਤੇ ਖਰੀਦਣ ਲਈ ਪ੍ਰੇਰਿਤ ਕੀਤਾ ਗਿਆ। ਸਹਾਇਕ ਡਾਇਰੈਕਟਰ ਨੇ ਦੱਸਿਆ ਕਿ ਪ੍ਰਧਾਨ ਮੰਤਰੀ ਮਤੱਸਿਆ ਸੰਪਦਾ ਯੋਜਨਾ (PMMSY) ਸਕੀਮ ਅਧੀਨ ਮੱਛੀ ਵਿਕਰੇਤਾਵਾਂ ਲਈ ਮੋਟਰ ਸਾਇਕਲ ਵਿਦ ਆਇਸ ਬਾਕਸ, ਥ੍ਰੀ ਵੀਹਲਰ, ਫਿਸ਼ ਕਿਉਸਿਕ, ਨਵੇਂ ਤਲਾਬ ਦੀ ਉਸਾਰੀ ਆਦਿ ਤੇ ਐਸ.ਸੀ/ਐੱਸ.ਟੀ ਨਾਲ ਸਬੰਧਤ ਲੋਕਾਂ ਅਤੇ ਔਰਤਾਂ ਲਈ 60 ਪ੍ਰਤੀਸ਼ਤ ਅਤੇ ਜਨਰਲ ਵਰਗ ਲਈ 40 ਪ੍ਰਤੀਸ਼ਤ ਸਬਸਿਡੀ ਦੀ ਸਹੂਲਤ ਮੁਹੱਈਆ ਕਰਵਾਈ ਜਾਂਦੀ ਹੈ।

ਇਸ ਮੌਕੇ ਮੱਛੀ ਪਾਲਣ ਅਫ਼ਸਰ ਲਵਪ੍ਰੀਤ ਸਿੰਘ ਵੱਲੋਂ ਦੱਸਿਆ ਕਿ ਮੱਛੀ ਪਾਲਣ ਵਿਭਾਗ ਵੱਲੋਂ ਹਰ ਮਹੀਨੇ ਪੰਜ ਦਿਨਾਂ ਮੁਫਤ ਟ੍ਰੇਨਿੰਗ ਕੈਂਪ ਲਗਾਇਆ ਜਾਂਦਾ ਹੈ।

ਜਿਸ ਵਿੱਚ 18 ਸਾਲ ਦੀ ਉਮਰ ਤੋਂ ਵੱਧ ਵਾਲੇ ਮਰਦ/ਔਰਤ ਭਾਗ ਲੈ ਕੇ ਮੱਛੀ ਪਾਲਣ ਕਿੱਤੇ ਸਬੰਧੀ ਮੁੱਢਲੀ ਜਾਣਕਾਰੀ ਪ੍ਰਾਪਤ ਕਰ ਸਕਦਾ ਹੈ ਅਤੇ ਨੌਜਵਾਨਾਂ ਨੂੰ ਇਸ ਕਿੱਤੇ ਨੂੰ ਕਮਾਈ ਦੇ ਸਾਧਨ ਵੱਜੋਂ ਅਪਣਾਉਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਮਤੱਸਿਆ ਸੰਪਦਾ ਯੋਜਨਾ (PMMSY) ਸਕੀਮ ਅਧੀਨ ਵਧੇਰੇ ਜਾਣਕਾਰੀ ਲਈ ਸਹਾਇਕ ਡਾਇਰੈਕਟਰ ਮੱਛੀ ਪਾਲਣ ਦੇ ਦਫਤਰ ਜਾਂ ਮੋਬਾਇਲ ਨੰਬਰ 98556-14842 ਉੱਪਰ ਸੰਪਰਕ ਕੀਤਾ ਜਾ ਸਕਦਾ ਹੈ।

# ਕਮਾਂਡੋ ਕੰਪਲੈਕਸ ਬਹਾਦਰਗੜ੍ਹ ਵਿਖੇ ਕਮਾਂਡੋ ਜਵਾਨਾਂ ਦੀ ਤਣਾਓ ਮੁਕਤੀ ਤੇ ਤੰਦਰੁਸਤੀ ਲਈ ਸੈਮੀਨਾਰ



**ਪਟਿਆਲਾ, 14 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਕਮਾਂਡੋ ਕੰਪਲੈਕਸ ਬਹਾਦਰਗੜ੍ਹ, ਪਟਿਆਲਾ ਵਿਖੇ ਤਣਾਓ ਮੁਕਤੀ ਤੇ ਤੰਦਰੁਸਤੀ ਲਈ ਸੈਮੀਨਾਰ ਕਰਵਾਇਆ ਗਿਆ। ਇਸ ਸੈਮੀਨਾਰ ਵਿੱਚ ਇਨਰ ਵੈੱਲਨੈੱਸ ਦੇ ਸੰਸਥਾਪਕ ਅਤੇ ਸੀ.ਈ.ਓ. ਮਧੂ ਪੰਡਿਤ ਨੇ ਕਮਾਂਡੋ ਫੋਰਸ ਦੇ ਜਵਾਨਾਂ ਨੂੰ ਤਣਾਓ ਤੋਂ ਮੁਕਤ ਰਹਿਣ ਦੇ ਤਜ਼ਰਬਿਆਂ ਤੋਂ ਜਾਣੂ ਕਰਵਾਉਂਦਿਆਂ ਮੈਡੀਟੇਸ਼ਨ ਕਰਨ ਦੇ ਨੁਕਤੇ ਦੱਸੇ। ਉਹਨਾਂ ਦੱਸਿਆ ਕਿ ਆਮ ਵਿਅਕਤੀ ਰੋਜ਼ਾਨਾ ਕੇਵਲ 20 ਤੋਂ 30 ਮਿੰਟ ਖ਼ਰਚ ਕਰਕੇ ਕਿਵੇਂ ਆਪਣੇ ਜੀਵਨ ਨੂੰ ਖ਼ੁਸ਼ਨੁਮਾ, ਤੰਦਰੁਸਤ ਅਤੇ ਸੁਖੀ ਬਣਾ ਸਕਦਾ ਹੈ। ਪਹਿਲੀ ਕਮਾਂਡੋ ਬਟਾਲੀਅਨ ਬਹਾਦਰਗੜ੍ਹ ਦੇ ਕਮਾਂਡੈਂਟ ਪਦਮ ਸ਼੍ਰੀ ਅਤੇ ਅਰਜੁਨਾ ਐਵਾਰਡੀ ਸੁਨੀਤਾ ਰਾਣੀ ਨੇ ਮਹਿਮਾਨਾਂ ਦਾ ਸਵਾਗਤ ਅਤੇ ਧੰਨਵਾਦ ਕਰਦਿਆਂ ਦੱਸਿਆ ਕਿ ਇਹ ਸੈਮੀਨਾਰ ਏ.ਡੀ.ਜੀ.ਪੀ./ਕਮਾਂਡੋ ਅਤੇ ਐਸ.ਓ.ਜੀ. ਪੰਜਾਬ ਸ਼੍ਰੀ ਏ.ਕੇ. ਪਾਂਡੇ ਦੀ ਰਹਿਨੁਮਾਈ ਹੇਠ ਕਰਵਾਇਆ ਗਿਆ ਹੈ। ਸੁਨੀਤਾ ਰਾਣੀ ਨੇ ਦੱਸਿਆ ਕਿ ਇਸ ਸੈਮੀਨਾਰ ਦਾ ਉਦੇਸ਼ ਕਮਾਂਡੋ ਜਵਾਨਾਂ ਨੂੰ ਤਣਾਓ ਭਰੇ ਤੇ ਜ਼ੋਖ਼ਮ ਭਰੇ ਹਾਲਾਤਾਂ ਵਿੱਚ ਡਿਊਟੀ ਦੌਰਾਨ ਖ਼ੁਸ਼ਨੁਮਾ ਤੇ ਤੰਦਰੁਸਤ ਜੀਵਨ ਜਿਊਣ ਦੀ ਜਾਂਚ ਸਿਖਾਉਣਾ ਹੈ।

ਇਸ ਸੈਮੀਨਾਰ ਦੌਰਾਨ ਕਮਾਂਡੈਂਟ, ਸੀ.ਟੀ.ਸੀ. ਗੁਰਪ੍ਰੀਤ ਸਿੰਘ ਗਿੱਲ , ਕਮਾਂਡੈਂਟ ਦੂਜੀ ਕਮਾਂਡੋ ਬਟਾਲੀਅਨ ਜਗਵਿੰਦਰ ਸਿੰਘ ਚੀਮਾ ਸਮੇਤ ਹੋਰ ਅਧਿਕਾਰੀਆਂ ਅਤੇ ਸਮੂਹ 250 ਕਰਮਚਾਰੀਆਂ ਨੇ ਤਣਾਓ ਮੁਕਤ ਰਹਿਣ ਦੇ ਨੁਕਤਿਆਂ ਦਾ ਲਾਭ ਲਿਆ।

# ਸੀ ਟੀ ਯੂਨੀਵਰਸਿਟੀ ਵਿੱਚ ਪਰੰਪਰਾਂ ਅਤੇ ਏਕਤਾ ਦੀ ਭਾਵਨਾ ਦਾ ਜਸ਼ਨ



**ਲੁਧਿਆਣਾ, 14 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸੀ ਟੀ ਯੂਨੀਵਰਸਿਟੀ ਦਾ ਮਾਹੌਲ ਇਨ੍ਹਾਂ ਦੋ ਦਿਨਾਂ ਵਿੱਚ ਤਿਉਹਾਰਾਂ ਦੀਆਂ ਰੰਗੀਨ ਖੁਸ਼ੀਆਂ ਨਾਲ ਭਰ ਗਿਆ। ਵੂਮੈਨ ਐਮਪਾਵਰਮੈਂਟ ਸੈੱਲ ਅਤੇ ਸਟੂਡੈਂਟ ਵੇਲਫੇਅਰ ਡਿਵੀਜ਼ਨ ਨੇ ਮਿਲ ਕੇ ਮੇਹੰਦੀ ਅਤੇ ਕਰਵਾ ਚੌਥ ਦਾ ਭਵਿਆ ਦੋ ਦਿਨਾਂ ਵਾਲਾ ਉਤਸਵ ਆਯੋਜਿਤ ਕੀਤਾ।

ਉਤਸਵ ਦੀ ਸ਼ੁਰੂਆਤ ਮੇਹੰਦੀ/ਹੀਨਾ ਸਮਾਰੋਹ ਨਾਲ ਹੋਈ। ਵਿਦਿਆਰਥੀਆਂ, ਫੈਕਲਟੀ ਅਤੇ ਸਟਾਫ ਨੇ ਬੜੇ ਉਤਸ਼ਾਹ ਨਾਲ ਹਿੱਸਾ ਲਿਆ ਅਤੇ ਆਪਣੇ ਹੱਥਾਂ 'ਤੇ ਸੁੰਦਰ ਹੀਨਾ ਡਿਜ਼ਾਇਨ ਬਣਵਾਏ — ਜੋ ਖੁਸ਼ੀਆਂ ਅਤੇ ਖੁਸ਼ਹਾਲੀ ਦਾ ਪ੍ਰਤੀਕ ਹਨ।

ਪਿਆਰ ਅਤੇ ਸਮਰਪਣ ਦੇ ਬੰਧਨ ਦਾ ਤਿਉਹਾਰ, ਮੇਹੰਦੀ ਸਮਾਰੋਹ ਤੋਂ ਬਾਅਦ ਕਰਵਾ ਚੌਥ ਸਮਾਰੋਹ ਹੋਇਆ, ਜਿਸ ਨੇ ਜੋੜਿਆਂ ਵਿਚਕਾਰ ਪਿਆਰ, ਵਿਸ਼ਵਾਸ ਅਤੇ ਸਮਰਪਣ ਦੇ ਪਵਿੱਤਰ ਬੰਧਨ ਦਾ ਸਨਮਾਨ ਕੀਤਾ।

ਇਸ ਵਿੱਚ ਭਾਗੀਦਾਰਾਂ ਨੇ ਵੱਖ-ਵੱਖ ਰਸਮਾਂ ਅਤੇ ਮਨੋਰੰਜਕ ਗਤੀਵਿਧੀਆਂ ਵਿੱਚ ਹਿੱਸਾ ਲਿਆ, ਜੋ ਇਸ ਰਿਵਾਇਤੀ ਤਿਉਹਾਰ ਦੀ ਭਾਵਨਾਤਮਕ ਅਤੇ ਸਾਂਸਕ੍ਰਿਤਿਕ ਮਹੱਤਤਾ ਨੂੰ ਦਰਸਾਉਂਦੀਆਂ ਹਨ।

ਇਸ ਮੌਕੇ 'ਤੇ ਸੀ ਟੀ ਯੂਨੀਵਰਸਿਟੀ ਦੀ ਪ੍ਰੋ ਵਾਇਸ ਚਾਂਸਲਰ, ਡਾ. ਸਿਮਰਨੀਤ ਕੌਰ ਗਿੱਲ ਨੇ ਆਪਣੀ ਖੁਸ਼ੀ ਅਤੇ ਪ੍ਰਸ਼ੰਸਾ ਜਤਾਈ:

ਇਹ ਵੇਖ ਕੇ ਬਹੁਤ ਖੁਸ਼ੀ ਹੁੰਦੀ ਹੈ ਕਿ ਸਾਡਾ ਕੈਂਪਸ ਰਿਵਾਇਤਾਂ ਨਾਲ ਜੀਵੰਤ ਹੋ ਗਿਆ ਹੈ, ਜੋ ਸਾਡੀ ਸਾਂਸਕ੍ਰਿਤਿਕ ਤਾਕਤ ਅਤੇ ਏਕਤਾ ਦੀ ਮਹੱਤਤਾ ਯਾਦ ਦਿਲਾਉਂਦਾ ਹੈ। ਇਵੇਂ ਪ੍ਰੋਗਰਾਮ ਨਾ ਸਿਰਫ ਸਾਂਸਕ੍ਰਿਤਿਕ ਜਾਗਰੂਕਤਾ ਵਧਾਉਂਦੇ ਹਨ, ਬਲਕਿ ਸਾਡੇ ਵਿਦਿਆਰਥੀਆਂ ਅਤੇ ਫੈਕਲਟੀ ਦੇ ਵਿਚਕਾਰ ਰਿਸ਼ਤੇ ਵੀ ਮਜ਼ਬੂਤ ਕਰਦੇ ਹਨ।

ਦੋ ਦਿਨਾਂ ਵਾਲਾ ਉਤਸਵ ਖੁਸ਼ੀਆਂ ਅਤੇ ਯਾਦਗਾਰ ਪਲਾਂ ਨਾਲ ਖਤਮ ਹੋਇਆ, ਜਿਸ ਵਿੱਚ ਹਾਸਾ, ਰੰਗ ਅਤੇ ਸਮੁਦਾਇਕ ਆਤਮਿਕਤਾ ਦੀ ਗਰਮੀ ਮਹਿਸੂਸ ਹੋਈ ਜੋ ਸੱਚਮੁੱਚ ਸੀ ਟੀ ਯੂਨੀਵਰਸਿਟੀ ਦੀ ਤਿਉਹਾਰਾਂ ਵਾਲੀ ਰੂਹ ਨੂੰ ਦਰਸਾਉਂਦੀ ਹੈ।

# ਭਾਰਤੀਯ ਅੰਬੇਡਕਰ ਮਿਸ਼ਨ ਨੇ ਕਰਵਾਇਆ 7 ਲੋੜਵੰਦ ਲੜਕੀਆਂ ਦੇ ਵਿਆਹ

## ਵਿਆਹ ਸਮਾਗਮ 'ਚ ਹਜ਼ਾਰਾਂ ਆਗੂਆਂ ਨੇ ਪਹੁੰਚ ਨਵ ਜੋੜੀਆਂ ਨੂੰ ਦਿੱਤਾ ਅਸ਼ੀਰਵਾਦ

**ਸੰਗਰੂਰ, 14 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਦੇਸ਼ ਦੀ ਪ੍ਰਸਿੱਧ ਤੇ ਸਰਗਰਮ ਸਮਾਜਿਕ ਜੱਥੇਬੰਦੀ ਭਾਰਤੀਯ ਅੰਬੇਡਕਰ ਮਿਸ਼ਨ, ਭਾਰਤ ਵੱਲੋਂ ਭਗਵਾਨ ਵਾਲਮੀਕਿ ਜੀ ਦੇ ਪ੍ਰਗਟ ਦਿਵਸ ਦੇ ਸ਼ੁੱਭ ਦਿਹਾੜੇ ਤੇ ਮਿਸ਼ਨ ਦੇ ਮੁੱਖ ਸਰਪ੍ਰਸਤ ਮੈਡਮ ਪੂਨਮ ਕਾਂਗੜਾ ਅਤੇ ਕੌਮੀ ਪ੍ਰਧਾਨ ਸ਼੍ਰੀ ਦਰਸ਼ਨ ਸਿੰਘ ਕਾਂਗੜਾ ਦੀ ਅਗਵਾਈ ਹੇਠ ਅਤੇ ਪ੍ਰੀਤੀ ਮਹੰਤ ਉਘੇ ਸਮਾਜ ਸੇਵੀਕਾ ਦੇ ਸਹਿਯੋਗ ਨਾਲ ਜੈਜ਼ੀ ਪੈਲੇਸ ਸੰਗਰੂਰ ਵਿਖੇ ਵਿਆਹ ਸਮਾਗਮ ਅਯੋਜਿਤ ਕੀਤਾ ਗਿਆ ਜਿਸ ਵਿੱਚ 7 ਲੋੜਵੰਦ ਪਰਿਵਾਰਾਂ ਦੀਆਂ ਲੜਕੀਆਂ ਦੇ ਵਿਆਹ ਕਰਵਾ ਕੇ ਉਨ੍ਹਾਂ ਨੂੰ ਫਰਨੀਚਰ ਅਤੇ ਜ਼ਰੂਰਤ ਦਾ ਸਾਮਾਨ ਦਿੱਤਾ ਗਿਆ ਇਸ ਸਮਾਗਮ ਵਿੱਚ ਮੁੱਖ ਤੌਰ ਤੇ ਸ਼੍ਰੀ ਵਿਜੈ ਇੰਦਰ ਸਿੰਗਲਾ ਸਾਬਕਾ




ਕੈਬਨਿਟ ਮੰਤਰੀ ਪੰਜਾਬ ਦੇ ਸਪੁੱਤਰ ਸ਼੍ਰੀ ਮੋਹਿਲ ਸਿੰਗਲਾ ਸ਼ਾਮਲ ਹੋਏ ਅਤੇ ਵਿਸ਼ੇਸ਼ ਮਹਿਮਾਨ ਵੱਜੋਂ ਸ੍ਰ ਭੁਪਿੰਦਰ ਸਿੰਘ ਪ੍ਰਧਾਨ ਨਗਰ ਕੌਂਸਲ ਸੰਗਰੂਰ ਅਤੇ ਬਾਬਾ ਜੰਗ ਸਿੰਘ ਦੀਵਾਨਾ ਉਘੇ ਸਮਾਜ ਸੇਵੀ ਨੇ ਸ਼ਿਰਕਤ ਕੀਤੀ ਇਸ ਵਿਆਹ ਸਮਾਗਮ ਵਿੱਚ ਰਾਜਨੀਤਕ, ਸਮਾਜ਼ ਸੇਵੀ ਅਤੇ ਧਾਰਮਿਕ ਹਜ਼ਾਰਾਂ ਆਗੂਆਂ ਨੇ ਪਹੁੰਚ ਕੇ ਨਵ ਵਿਆਹੀ ਜੋੜੀਆਂ ਨੂੰ ਆਪਣੀਆਂ ਸ਼ੁੱਭ ਕਾਮਨਾਵਾਂ ਦਿੱਤੀਆਂ ਪੈਲੇਸ ਵਿੱਚ ਸਮਾਗਮ ਤੋਂ ਪਹਿਲਾਂ ਨੇੜਲੇ ਗੁਰਦੁਆਰਾ ਸ੍ਰੀ ਸਿਧਾਣਾ ਸਾਹਿਬ ਵਿਖੇ ਲੜਕੀਆਂ ਦੇ ਅਨੰਦ ਕਾਰਜ ਕਰਵਾਏ ਗਏ।

ਇਸ ਮੌਕੇ ਸੰਬੋਧਨ ਕਰਦਿਆਂ ਸ਼੍ਰੀ ਸਿੰਗਲਾ ਨੇ ਕਿਹਾ ਕਿ ਅੱਜ ਦੇ ਸਮੇਂ ਵਿੱਚ ਜਦੋਂ ਹਰ ਇੰਨਸਾਨ ਆਪਣੇ ਰੁਝੇਵਿਆਂ ਵਿੱਚ ਵਿਅਸਤ ਹੈ। ਉਨ੍ਹਾਂ ਰੁਝੇਵਿਆਂ ਵਿੱਚੋਂ ਸਮਾਂ ਕੱਢ ਕੇ ਅਜਿਹੇ ਮਹਾਨ ਕਾਰਜ ਕਰਨਾ ਇੱਕ ਸ਼ਲਾਘਾ ਯੋਗ ਕਦਮ ਹੈ ਜਿਸ ਲਈ ਮਿਸ਼ਨ ਦੇ ਮੁੱਖ ਸਰਪ੍ਰਸਤ ਮੈਡਮ ਪੂਨਮ ਕਾਂਗੜਾ, ਕੌਮੀ ਪ੍ਰਧਾਨ ਸ਼੍ਰੀ ਦਰਸ਼ਨ ਸਿੰਘ ਕਾਂਗੜਾ ਸਣੇ ਸਮੂਹ ਟੀਮ ਵਧਾਈ ਦੀ ਪਾਤਰ ਹੈ। ਜਿਸ ਲਈ ਉਹ ਭਾਰਤੀਯ ਅੰਬੇਡਕਰ ਮਿਸ਼ਨ ਦੀ ਸਮੁੱਚੀ ਟੀਮ ਨੂੰ ਵਧਾਈ ਦਿੰਦੇ ਹਨ ਸ਼੍ਰੀਮਤੀ ਪੂਨਮ ਕਾਂਗੜਾ ਅਤੇ ਸ਼੍ਰੀ ਦਰਸ਼ਨ ਕਾਂਗੜਾ ਨੇ ਕੰਨਿਆ ਦਾਨ ਦੀ ਰਸਮ ਅਦਾ ਕਰਦਿਆਂ ਨਵ ਜੋੜੀਆਂ ਨੂੰ ਆਪਣੀਆਂ ਸ਼ੁੱਭ ਕਾਮਨਾਵਾਂ ਦਿੱਤੀਆਂ ਅਤੇ ਸਮਾਗਮ ਵਿੱਚ ਪਹੁੰਚੇ ਮਹਿਮਾਨਾਂ ਦਾ ਧੰਨਵਾਦ ਕੀਤਾ ਇਸ ਮੌਕੇ ਅਮਰਜੀਤ ਸਿੰਘ ਟੀਟੂ, ਸ਼੍ਰੀ ਰਵੀ ਚਾਵਲਾ ਪ੍ਰਧਾਨ, ਸ਼੍ਰੀ ਮੁਕੇਸ਼ ਰਤਨਾਕਰ ਸੂਬਾ ਪ੍ਰਧਾਨ, ਮੈਡਮ ਪਰਮਜੀਤ ਕੌਰ ਗੁੰਮਟੀ ਸੂਬਾ ਪ੍ਰਧਾਨ ਮਹਿਲਾ ਵਿੰਗ, ਜਗਸੀਰ ਸਿੰਘ ਖੇੜੀਚੰਦਵ ਕੌਮੀ ਜਨਰਲ ਸਕੱਤਰ ਆਦਿ ਹਾਜ਼ਰ ਸਨ।

# ਪੰਜਾਬ ਕੇਂਦਰੀ ਯੂਨੀਵਰਸਿਟੀ ਨੇ ਟਾਈਮਜ਼ ਹਾਇਰ ਐਜੂਕੇਸ਼ਨ ਵਰਲਡ ਯੂਨੀਵਰਸਿਟੀ ਰੈਂਕਿੰਗ 2026 ਵਿੱਚ ਗਲੋਬਲ ਰੈਂਕ ਬੈਂਡ 601-800 ਵਿੱਚ ਸਥਾਨ ਹਾਸਲ ਕੀਤਾ

**ਬਠਿੰਡਾ, 14 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਉਚੇਰੀ ਸਿੱਖਿਆ ਅਤੇ ਖੋਜ ਦੇ ਖੇਤਰ ਵਿੱਚ ਉੱਤਮਤਾ ਦੇ ਰਾਹ ਤੇ ਅੱਗੇ ਵਧਦੇ ਹੋਏ ਪੰਜਾਬ ਕੇਂਦਰੀ ਯੂਨੀਵਰਸਿਟੀ (ਸੀਯੂ ਪੰਜਾਬ) ਨੇ ਟਾਈਮਜ਼ ਹਾਇਰ ਐਜੂਕੇਸ਼ਨ (ਟੀ ਐਚ ਈ) ਵਰਲਡ ਯੂਨੀਵਰਸਿਟੀ ਰੈਂਕਿੰਗ 2026 ਵਿੱਚ 601-800 ਗਲੋਬਲ ਰੈਂਕ ਬੈਂਡ ਵਿੱਚ ਆਪਣਾ ਸਥਾਨ ਬਣਾਇਆ ਹੈ। ਇਸ ਰੈਂਕਿੰਗ ਵਿੱਚ 115 ਦੇਸ਼ਾਂ ਦੀਆਂ 2,191 ਸਿਰਮੌਰ ਯੂਨੀਵਰਸਿਟੀਆਂ ਦਾ ਮੁਲਾਂਕਣ ਕੀਤਾ ਗਿਆ ਹੈ। ਸੀਯੂ ਪੰਜਾਬ ਨੇ ਇਸ




ਰੈਂਕਿੰਗ ਦੇ ਵੱਖ ਵੱਖ ਮੁਲਾਂਕਣ ਪੈਰਾਮੀਟਰ ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤਾ ਹੈ ਜੋ ਇਸ ਯੂਨੀਵਰਸਿਟੀ ਦੀ ਕਾਰਗੁਜਾਰੀ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਸਵੀਕਾਰਤਾ ਦਿੰਦਾ ਹੈ।

ਇਹ ਉਪਲਬਧੀ ਮਾਨਯੋਗ ਕੇਂਦਰੀ ਸਿੱਖਿਆ ਮੰਤਰੀ ਸ਼੍ਰੀ ਧਰਮੇਂਦਰ ਪ੍ਰਧਾਨ ਦੇ ਮਾਰਗ ਦਰਸ਼ਨ ਅਤੇ ਵਾਈਸ-ਚਾਂਸਲਰ ਪ੍ਰੋ. ਰਾਘਵੇਂਦਰ ਪ੍ਰਸਾਦ ਤਿਵਾਰੀ ਦੀ ਅਗਵਾਈ ਹੇਠ ਪ੍ਰਾਪਤ ਹੋਈ। ਟਾਈਮਜ਼ ਹਾਇਰ ਐਜੂਕੇਸ਼ਨ ਵਰਲਡ ਯੂਨੀਵਰਸਿਟੀ ਰੈਂਕਿੰਗਜ਼ ਵਿੱਚ ਉੱਚ ਵਿਦਿਅਕ ਸੰਸਥਾਵਾਂ ਦਾ ਮੁਲਾਂਕਣ ਪੰਜ ਮੁੱਖ ਸਤੰਭਾਂ - ਅਧਿਆਪਨ, ਖੋਜ ਵਾਤਾਵਰਣ, ਖੋਜ ਗੁਣਵੱਤਾ, ਅੰਤਰਰਾਸ਼ਟਰੀ ਦ੍ਰਿਸ਼ਟੀਕੋਣ ਅਤੇ ਉਦਯੋਗ ਸਬੰਧ - ਤੇ ਕੀਤਾ ਜਾਂਦਾ ਹੈ। ਇਸ ਸਾਲ ਸਿਰਫ਼ 10 ਭਾਰਤੀ ਉੱਚ ਸਿੱਖਿਆ ਸੰਸਥਾਵਾਂ ਨੇ ਅੰਤਰਰਾਸ਼ਟਰੀ ਪੱਧਰ ਤੇ ਸਿਖਰਲੇ 600 ਉੱਚ ਵਿਦਿਅਕ ਸੰਸਥਾਵਾਂ ਵਿੱਚ ਸਥਾਨ ਬਣਾਇਆ, ਜਿਸ ਵਿੱਚ ਭਾਰਤੀ ਵਿਗਿਆਨ ਸੰਸਥਾਨ, ਬੈਂਗਲੋਰ (ਰੈਂਕ ਬੈਂਡ 201-250) ਸਭ ਤੋਂ ਅੱਗੇ ਹੈ। ਇਸ ਤੋਂ ਇਲਾਵਾ, ਪੰਜਾਬ ਕੇਂਦਰੀ ਯੂਨੀਵਰਸਿਟੀ ਸਮੇਤ ਕੁੱਲ 17 ਭਾਰਤੀ ਯੂਨੀਵਰਸਿਟੀਆਂ ਨੇ 601-800 ਗਲੋਬਲ ਰੈਂਕ ਬੈਂਡ ਵਿੱਚ ਸਥਾਨ ਪ੍ਰਾਪਤ ਕੀਤਾ ਹੈ। ਟਾਈਮਜ਼ ਹਾਇਰ ਐਜੂਕੇਸ਼ਨ ਵਰਲਡ ਯੂਨੀਵਰਸਿਟੀ ਰੈਂਕਿੰਗ 2026 ਦੇ ਨਤੀਜਿਆਂ ਦਾ ਸਵਾਗਤ ਕਰਦੇ ਹੋਏ ਵਾਈਸ-ਚਾਂਸਲਰ ਪ੍ਰੋ. ਰਾਘਵੇਂਦਰ ਪ੍ਰਸਾਦ ਤਿਵਾਰੀ ਨੇ ਕਿਹਾ ਕਿ ਸੀਯੂ ਪੰਜਾਬ ਨੇ ਹਾਲ ਦੇ ਸਾਲਾਂ ਵਿੱਚ ਰਿਸਰਚ ਪੇਪਰ ਆਉਟਪੁੱਟ ਅਤੇ ਹਵਾਲਾ ਪ੍ਰਭਾਵ ਵਿੱਚ ਮਹੱਤਵਪੂਰਨ ਤਰੱਕੀ ਕੀਤੀ ਹੈ, ਜੋ ਸਾਡੇ ਖੋਜ ਕਾਰਜ ਦੀ ਗੁਣਵੱਤਾ ਨੂੰ ਦਰਸਾਉਂਦੀ ਹੈ। ਉਹਨਾਂ ਕਿਹਾ ਕਿ ਗੁਣਵੱਤਾ ਵਾਲੀ ਉੱਚ ਸਿੱਖਿਆ ਅਤੇ ਖੋਜ ਸਾਡੇ ਯੂਨੀਵਰਸਿਟੀ ਦੀ ਖਾਸ ਵਿਸ਼ੇਸ਼ਤਾ ਹੈ। ਇਹ ਸਫਲਤਾ ਸਾਡੇ ਅਧਿਆਪਕਾਂ, ਖੋਜਕਰਤਾਵਾਂ, ਵਿਦਿਆਰਥੀਆਂ ਅਤੇ ਹਿੱਸੇਦਾਰਾਂ ਦੇ ਸਮਰਪਣ ਅਤੇ ਵਚਨਬੱਧਤਾ ਦਾ ਨਤੀਜਾ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਭਾਰਤ ਹੁਣ ਟਾਈਮਜ਼ ਹਾਇਰ ਐਜੂਕੇਸ਼ਨ ਵਰਲਡ ਯੂਨੀਵਰਸਿਟੀ ਰੈਂਕਿੰਗਜ਼ 2026 ਵਿੱਚ ਸੰਯੁਕਤ ਰਾਜ ਅਮਰੀਕਾ ਤੋਂ ਬਾਅਦ ਦੂਜੇ ਸਥਾਨ 'ਤੇ ਸਭ ਤੋਂ ਵੱਧ ਰੈਂਕਿੰਗ ਵਾਲੇ ਯੂਨੀਵਰਸਿਟੀਆਂ ਵਾਲਾ ਦੇਸ਼ ਬਣ ਗਿਆ ਹੈ। ਉਨ੍ਹਾਂ ਜ਼ੋਰ ਦਿੱਤਾ ਕਿ ਸੀਯੂ ਪੰਜਾਬ ਸਿੱਖਿਆ, ਖੋਜ ਅਤੇ ਨਵੀਨਤਾ ਵਿੱਚ ਉੱਤਮਤਾ ਰਾਹੀਂ ਅੰਤਰਰਾਸ਼ਟਰੀ ਮੰਚ 'ਤੇ ਭਾਰਤ ਦੀ ਨੁਮਾਇੰਦਗੀ ਕਰਨ ਲਈ ਵਚਨਬੱਧ ਹੈ।

# ਅੱਗਾਂ, ਪੈਟਰੋਲੀਅਮ ਬਿਜਲੀ ਪਦਾਰਥ ਤਬਾਹੀ ਦੇ ਆਧਾਰ ਨਾ ਬਣਨ ਦਿਓ



**ਪਟਿਆਲਾ, 14 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

। ਹਰ ਸਾਲ ਭਾਰਤ ਵਿੱਚ ਬਾਲਣ, ਗੈਸਾਂ, ਬਿਜਲੀ, ਪੈਟਰੋਲੀਅਮ ਪਦਾਰਥਾਂ ਦੀਆਂ ਅੱਗਾਂ ਨਾਲ ਕਰੋੜਾਂ ਅਰਬਾਂ ਰੁਪਏ ਦੇ ਨੁਕਸਾਨ ਹੋ ਰਹੇ ਹਨ ਅਤੇ ਪਿਛਲੇ ਸਾਲ 120,000 ਲੋਕਾਂ ਦੀਆਂ ਮੌਤਾਂ ਤਰ੍ਹਾਂ ਤਰ੍ਹਾਂ ਦੇ ਬਾਲਣਾ,ਗੈਸਾਂ, ਬਿਜਲੀ ਕਰੰਟ, ਪੈਟਰੋਲੀਅਮ ਪਦਾਰਥਾਂ ਦੀਆਂ ਅੱਗਾਂ ਕਾਰਨ ਹੋਈਆਂ ਇਸ ਲਈ ਘਰਾਂ, ਵਿਉਪਾਰਕ ਅਦਾਰਿਆਂ, ਸਿਖਿਆ ਸੰਸਥਾਵਾਂ, ਦਫ਼ਤਰਾਂ ਅਤੇ ਗੱਡੀਆਂ ਆਦਿ ਵਿਖੇ ਅੱਗਾਂ ਲਗਣ, ਗੈਸਾਂ ਲੀਕ ਹੋਣ, ਬਿਜਲੀ ਸ਼ਾਟ ਸਰਕਟ ਤੋਂ ਬਚਣ ਬਚਾਉਣ ਲਈ ਵਿਸ਼ਾ ਮਾਹਿਰਾਂ ਰਾਹੀਂ ਟ੍ਰੇਨਿੰਗਾਂ ਅਭਿਆਸ ਕਰਵਾਏ ਜਾਣ, ਇਹ ਜਾਣਕਾਰੀ ਆਫ਼ਤ ਪ੍ਰਬੰਧਨ ਸਿਵਲ ਡਿਫੈਂਸ ਫਸਟ ਏਡ ਫਾਇਰ ਸੇਫਟੀ ਟ੍ਰੇਨਰ ਸ਼੍ਰੀ ਕਾਕਾ ਰਾਮ ਵਰਮਾ ਵਲੋਂ ਗ੍ਰੀਨ ਲੈਂਡ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਪਟਿਆਲਾ ਵਿਖੇ ਵਿਦਿਆਰਥੀਆਂ, ਅਧਿਆਪਕਾਂ ਅਤੇ ਮਾਪਿਆ ਦਿੰਦੇ ਹੋਏ ਦੱਸਿਆ ਕਿ ਅੱਗਾਂ ਬਾਲਣ, ਆਕਸੀਜਨ ਅਤੇ ਗਰਮੀ ਦੇ ਇੱਕ ਤਾਪਮਾਨ ਤੇ ਇਕਠੇ ਹੋਣ ਤੇ ਲਗਦੀਆਂ। ਅੱਗਾਂ ਪੰਜ ਪ੍ਰਕਾਰ ਦੀਆਂ ਹਨ ਜਿਨ੍ਹਾਂ ਨੂੰ ਪਾਣੀ, ਗਿਲੀ ਮਿੱਟੀ, ਅੱਗ ਵਿਚੋਂ ਬਾਲਣ, ਆਕਸੀਜਨ ਜਾਂ ਗਰਮੀ ਖਤਮ ਕਰਕੇ ਅਤੇ ਸਿਲੰਡਰਾਂ ਦੀ ਵਰਤੋਂ ਕਰਕੇ ਕਾਬੂ ਪਾਇਆ ਜਾ ਸਕਦਾ ਹੈ। ਉਨ੍ਹਾਂ ਨੇ ਐਲ ਪੀ ਜੀ, ਗਿੱਜਰ, ਫਰਿਜ਼ ਆਦਿ ਵਿਚੋਂ ਗੈਸਾ ਲੀਕ ਹੋਣ ਤੋਂ ਬਚਾਉਣ ਅਤੇ ਗੈਸਾ ਲੀਕ ਹੋਣ ਤੇ ਮੌਕੇ ਤੇ ਬਚਣ ਬਚਾਉਣ ਅਤੇ ਸਕੂਲ ਵਿਖੇ ਰੱਖੇ ਅੱਗ ਬੁਝਾਉਣ ਵਾਲੇ ਸਿਲੰਡਰਾਂ ਦੀ ਵਰਤੋਂ ਬਾਰੇ ਟ੍ਰੇਨਿੰਗ ਦਿੱਤੀ। ਉਨ੍ਹਾਂ ਨੇ ਦੱਸਿਆ ਕਿ ਅੱਗਾਂ, ਗੈਸਾਂ, ਧੂੰਏਂ, ਪਾਣੀ, ਮੱਲਵੇ ਵਿੱਚੋ ਰੈਸਕਿਊ ਕੀਤੇ ਪੀੜਤਾਂ ਨੂੰ ਕਦੇ ਵੀ ਪਾਣੀ ਨਹੀਂ ਪਿਲਾਉਣਾ, ਹੱਥਾਂ ਪੈਰਾਂ ਦੀ ਮਾਲਸ਼ ਨਹੀਂ ਕਰਦੇ ਸਗੋਂ ਉਨ੍ਹਾਂ ਨੂੰ ਵੈਂਟੀਲੇਟਰ ਪੁਜੀਸ਼ਨ ਵਿੱਚ ਲਿਟਾ ਕੇ, ਉਨ੍ਹਾਂ ਦੀ ਸਾਹ ਨਾਲੀ ਵਿੱਚੋਂ ਗੈਸਾਂ, ਧੂੰਏਂ, ਪਾਣੀ, ਗਰਦ ਕਢ ਕੇ ਉਨ੍ਹਾਂ ਨੂੰ ਬਣਾਉਟੀ ਸਾਹ ਦਿੱਤਾ ਜਾਵੇ ਤਾਂ ਬੇਹੋਸ਼ ਜਾ ਮਰ ਰਹੇ ਇਨਸਾਨਾਂ ਨੂੰ ਜਿਉਂਦੇ ਕੀਤਾ ਜਾ ਸਕਦਾ ਹੈ। ਪ੍ਰਿੰਸੀਪਲ ਸ਼੍ਰੀਮਤੀ ਮੰਜੂ ਗਰਗ, ਅਧਿਆਪਕਾਂ ਅਤੇ ਮਾਪਿਆਂ ਨੇ ਧੰਨਵਾਦ ਕਰਦੇ ਹੋਏ ਕਿਹਾ ਕਿ ਉਨ੍ਹਾਂ ਨੂੰ ਪਹਿਲੀਂ ਵਾਰ ਇਨ੍ਹਾਂ ਕੁਦਰਤੀ ਅਤੇ ਮਨੁੱਖੀ ਆਫਤਾਵਾਂ ਘਰੇਲੂ ਘਟਨਾਵਾਂ ਬਾਰੇ ਜਾਣਕਾਰੀ ਮਿਲੀ ਹੈ। ਉਨ੍ਹਾਂ ਨੇ ਕਿਹਾ ਕਿ ਅਜ ਦੇ ਸਮੇਂ ਵਿੱਚ ਇਨ੍ਹਾਂ ਆਪਦਾਵਾਂ ਤੋਂ ਬਚਣ ਲਈ ਟ੍ਰੇਨਿੰਗ ਅਭਿਆਸ ਮੌਕ ਡਰਿੱਲਾਂ ਬਹੁਤ ਲਾਭਦਾਇਕ ਸਿੱਧ ਹੋ ਰਹੀਆਂ ਹਨ।

# ਸਈਆਂ ਭਏ ਕੋਤਵਾਲ ਹਿੰਦੀ ਹਾਸਰਸ ਨਾਟਕ ਦਾ ਮੰਚਨ ਅੱਜ

**ਪਟਿਆਲਾ, 14 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਉੱਤਰ ਖ਼ੇਤਰੀ ਸਭਿਆਚਾਰਕ ਕੇਂਦਰ (ਸਭਿਆਚਾਰਕ ਮੰਤਰਾਲਾ, ਭਾਰਤ ਸਰਕਾਰ)ਪਟਿਆਲਾ ਵੱਲੋਂ ਹਰ ਮਹਿਨੇ ਦੇ ਦੂਸਰੇ ਸ਼ਨੀਵਾਰ ਨਾਟਕ ਲੜੀ ਦੇ ਅਧੀਨ ਇਸ ਵਾਰ 14 ਅਕਤੂਬਰ, ਦਿਨ ਸ਼ਨੀਵਾਰ ਨੂੰ ਸ਼ਾਮ 6:30 ਵਜੇ ਕਾਲੀ ਦਾਸ ਆਡੀਟੋਰੀਅਮ, ਵਿਰਸਾ ਵਿਹਾਰ ਕੇਂਦਰ ਨਜ਼ਦੀਕ ਭਾਸ਼ਾ ਵਿਭਾਗ ਪੰਜਾਬ, ਸ਼ੇਰਾਂ ਵਾਲਾ ਗੇਟ ਪਟਿਆਲਾ ਵਿਖੇ ਹਿੰਦੀ ਹਾਸਰਸ ਨਾਟਕ ਸਈਆਂ ਭਏ ਕੋਤਵਾਲ ਦਾ ਮੰਚਨ ਨਟਰੰਗ ਜੰਮੂ ਦੀ ਟੀਮ ਵੱਲੋਂ ਕੀਤਾ ਜਾ ਰਿਹਾ ਹੈ। ਬਸੰਤ ਸਭਨੀਸ ਦੁਆਰਾ ਲਿਖੇ ਇਸ ਨਾਟਕ ਦਾ ਨਿਰਦੇਸ਼ਨ ਰੰਗਮੰਚ ਦੇ ਪ੍ਰਸਿੱਧ ਨਿਰਦੇਸ਼ਕ ਪਦਮ ਸ਼੍ਰੀ ਬਲਵੰਤ ਠਾਕੁਰ ਨੇ ਕੀਤਾ ਹੈ। ਉੱਤਰ ਖੇਤਰੀ ਸਭਿਆਚਾਰਕ ਕੇਂਦਰ ਪਟਿਆਲਾ ਦੇ ਨਿਰਦੇਸ਼ਕ ਜਨਾਬ ਐਮ ਫੁਰਕਾਨ ਖਾਨ ਜੀ ਨੇ ਇਸ ਨਾਟਕ ਨੂੰ ਵੇਖਣ ਲਈ ਸਾਰੇ ਰੰਗਮੰਚ ਦੇ ਕਲਾਕਾਰਾਂ, ਰੰਗਮੰਚ ਕਲਾ ਪ੍ਰੇਮੀਆ ਤੇ ਸ਼ਹਿਰ ਨਿਵਾਸੀਆਂ ਨੂੰ ਖੁੱਲਾ ਸੱਦਾ ਦਿੱਤਾ ਹੈ ਅਤੇ ਇਸ ਨਾਟਕ ਨੂੰ ਵੇਖਣ ਲਈ ਦਾਖਲਾ ਬਿਲਕੁਲ ਮੁਫ਼ਤ ਰੱਖਿਆ ਗਿਆ ਹੈ।

# ਪਰਾਲੀ ਪ੍ਰਬੰਧਨ ਤੇ ਹਾੜੀ ਫ਼ਸਲਾਂ ਬਾਰੇ ਜ਼ਿਲ੍ਹਾ ਪੱਧਰੀ ਕਿਸਾਨ ਜਾਗਰੂਕਤਾ ਕੈਂਪ ਲੁਧਿਆਣਾ ਦੇ ਪਿੰਡ ਸਹਿਜ਼ਾਦ ਵਿੱਚ ਆਯੋਜਿਤ



**ਲੁਧਿਆਣਾ, 14 ਅਕਤੂਬਰ**
**-ਕੁਲਦੀਪ ਦੁੱਗਰੀ-**
**-ਕੌਮੀ ਪੱਤ੍ਰਿਕਾ ਬਿਊਰੋ-**

ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਵੱਲੋਂ ਪਿੰਡ ਸਹਿਜ਼ਾਦ (ਲੁਧਿਆਣਾ) ਵਿਖੇ ਪਰਾਲੀ ਪ੍ਰਬੰਧਨ ਅਤੇ ਹਾੜੀ ਫਸਲਾਂ ਸਬੰਧੀ ਜ਼ਿਲ੍ਹਾ ਪੱਧਰੀ ਕਿਸਾਨ ਜਾਗਰੂਕਤਾ ਕੈਂਪ ਦਾ ਆਯੋਜਨ ਕੀਤਾ ਗਿਆ। ਇਸ ਦਾ ਉਦਘਾਟਨ ਖੇਤੀਬਾੜੀ ਵਿਭਾਗ ਪੰਜਾਬ ਦੇ ਸੰਯੁਕਤ ਡਾਇਰੈਕਟਰ ਡਾ. ਗੁਰਜੀਤ ਸਿੰਘ ਬਰਾੜ ਨੇ ਕੀਤਾ।

ਡਾ. ਬਰਾੜ ਨੇ ਕਿਸਾਨਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪਰਾਲੀ ਸਾੜਨ ਨਾਲ ਵਾਤਾਵਰਣ ਤੇ ਮਨੁੱਖੀ ਸਿਹਤ ਨੂੰ ਨੁਕਸਾਨ ਪਹੁੰਚਦਾ ਹੈ। ਉਨ੍ਹਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਆਧੁਨਿਕ ਮਸ਼ੀਨਾਂ ਦੀ ਵਰਤੋਂ ਕਰਕੇ ਪਰਾਲੀ ਦਾ ਸਹੀ ਪ੍ਰਬੰਧਨ ਕਰਨ ਅਤੇ ਮਿੱਟੀ ਦੀ ਸਿਹਤ ਸੁਧਾਰ ਲਈ ਜਿਪਸਮ ਦੀ ਵਰਤੋਂ ਕਰਨ।

ਮੁੱਖ ਖੇਤੀਬਾੜੀ ਅਫਸਰ ਡਾ. ਗੁਰਦੀਪ ਸਿੰਘ ਨੇ ਕਿਸਾਨਾਂ ਨੂੰ ਪਰਾਲੀ ਨੂੰ ਜ਼ਮੀਨ ਵਿੱਚ ਮਿਲਾ ਕੇ ਉਪਜਾਊ ਸ਼ਕਤੀ ਵਧਾਉਣ ਦੀ ਸਲਾਹ ਦਿੱਤੀ। ਪੰਜਾਬ ਖੇਤੀਬਾੜੀ ਯੂਨੀਵਰਸਿਟੀ (ਪੀ.ਏ.ਯੂ) ਦੇ ਮਾਹਿਰਾਂ ਦੀ ਟੀਮ ਨੇ ਹਾੜ੍ਹੀ ਫਸਲਾਂ ਬਾਰੇ ਤਕਨੀਕੀ ਜਾਣਕਾਰੀ ਸਾਂਝੀ ਕੀਤੀ।

ਇਸ ਮੌਕੇ ਵਿਭਾਗ ਵੱਲੋਂ ਪ੍ਰਦਰਸ਼ਨੀਆਂ ਲਗਾਈਆਂ ਗਈਆਂ ਅਤੇ 25 ਅਗਾਂਹਵਧੂ ਕਿਸਾਨਾਂ ਨੂੰ ਸਨਮਾਨਿਤ ਕੀਤਾ ਗਿਆ। ਕੈਂਪ ਵਿੱਚ ਲਗਭਗ 1500 ਕਿਸਾਨਾਂ ਨੇ ਸ਼ਿਰਕਤ ਕੀਤੀ। ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਡਾ. ਕੇ.ਐਨ.ਐਸ. ਕੰਗ, ਮਨਜੀਤ ਸਿੰਘ ਬੁਟਾਹਰੀ, ਦਵਿੰਦਰਪਾਲ ਸਿੰਘ ਲਾਡੀ ਸੰਗੋਵਾਲ, ਅਤੇ ਹੋਰ ਆਗੂ ਵੀ ਇਸ ਮੌਕੇ ਹਾਜ਼ਰ ਸਨ।

# ਲੋਕਤੰਤਰ ਦਾ ਚੈਂਪੀਅਨ: ਲੋਕਨਾਇਕ ਜੈਪ੍ਰਕਾਸ਼ ਨਾਰਾਇਣ ਦੀ ਵਿਰਾਸਤ: ਭਾਰਤੀ ਲੋਕਤੰਤਰ ਵਿੱਚ ਏਕਤਾ ਦੀ ਤਾਕਤ



ਲੇਖਕ: ਸ਼੍ਰੀ ਸੀ.ਪੀ. ਰਾਧਾਕ੍ਰਿਸ਼ਨਨ, ਭਾਰਤ ਦੇ ਉਪ-ਰਾਸ਼ਟਰਪਤੀ

1902 ਨੂੰ ਬਿਹਾਰ ਦੀ ਧਰਮ, ਸੰਸਕ੍ਰਿਤ ਅਤੇ ਗਿਆਨ ਦੀ ਭੂਮੀ ਵਿੱਚ, ਗੰਗਾ ਅਤੇ ਘਾਘਰਾ ਨਦੀਆਂ ਦੇ ਸੰਗਮ 'ਤੇ, ਸੀਤਾਬਦਿਆਰਾ ਪਿੰਡ ਵਿੱਚ ਲੋਕਤੰਤਰ ਦੇ ਚੈਂਪੀਅਨ - ਲੋਕਨਾਇਕ ਸ਼੍ਰੀ ਜੈਪ੍ਰਕਾਸ਼ ਨਾਰਾਇਣ ਜੀ ਦਾ ਜਨਮ ਹੋਇਆ ਸੀ। ਇਸ ਵਰ੍ਹੇ ਅਸੀਂ ਲੋਕਾਂ ਦੀ ਸਮੁੱਚੀ ਕ੍ਰਾਂਤੀ ਦੇ ਸ਼ਿਲਪਕਾਰ - ਲੋਕਨਾਇਕ ਸ਼੍ਰੀ ਜੈਪ੍ਰਕਾਸ਼ ਨਾਰਾਇਣ ਜੀ ਦੀ 123ਵੀਂ ਜਨਮ ਵਰ੍ਹੇਗੰਢ ਮਨਾ ਰਹੇ ਹਾਂ। ਜੇਪੀ ਵਜੋਂ ਪਿਆਰ ਨਾਲ ਯਾਦ ਕੀਤੇ ਜਾਣ ਵਾਲੇ, ਉਹ ਇੱਕ ਰਾਜਨੇਤਾ ਸਨ, ਜਿਨ੍ਹਾਂ ਨੇ ਕਦੇ ਵੀ ਆਪਣੇ ਬਾਰੇ ਨਹੀਂ ਸੋਚਿਆ, ਪਰ ਹਮੇਸ਼ਾ ਰਾਸ਼ਟਰ ਦੇ ਗਰੀਬਾਂ ਨੂੰ ਸਭ ਤੋਂ ਵੱਧ ਤਰਜੀਹ ਦਿੱਤੀ। 'ਲੋਕਨਾਇਕ' ਦਾ ਨਾਂਅ ਉਨ੍ਹਾਂ ਨੂੰ ਕਿਸੇ ਵੀ ਮਹਾਨ ਸ਼ਖਸੀਅਤ ਵਲੋਂ ਨਹੀਂ ਦਿੱਤਾ ਗਿਆ ਸੀ, ਬਲਕਿ ਇਹ ਉਨ੍ਹਾਂ ਨੂੰ 5 ਜੂਨ, 1974 ਨੂੰ ਪਟਨਾ ਦੇ ਗਾਂਧੀ ਮੈਦਾਨ ਵਿੱਚ ਇਕੱਠੇ ਹੋਏ ਲੱਖਾਂ ਭਾਰਤੀਆਂ ਵਲੋਂ ਪਿਆਰ ਨਾਲ ਦਿੱਤਾ ਗਿਆ ਸੀ।

ਅੱਜ ਦੇ ਦਿਨ, ਮੈਂ ਇਸ ਲੇਖ ਰਾਹੀਂ ਇਸ ਮਹਾਨ ਆਗੂ ਨੂੰ ਸ਼ਰਧਾਂਜਲੀ ਭੇਟ ਕਰ ਰਿਹਾ ਹਾਂ, ਜੋ ਉਨ੍ਹਾਂ ਦੇ ਜੀਵਨ ਅਤੇ ਫ਼ਲਸਫ਼ੇ ਨੂੰ ਦਰਸਾਉਂਦਾ ਹੈ।

ਉਨ੍ਹਾਂ ਦੀ ਸਿਆਸੀ ਜਾਗ੍ਰਿਤੀ ਦੀ ਉਤਪਤੀ ਲੋਕਨਾਇਕ ਦੀ ਸੀਤਾਬਦਿਆਰਾ ਤੋਂ ਸਾਦਗੀ ਭਰਪੂਰ ਸ਼ੁਰੂਆਤ ਨੇ ਉਨ੍ਹਾਂ ਨੂੰ ਜੀਵਨ ਸ਼ੈਲੀ ਅਤੇ ਗਰੀਬਾਂ ਨੂੰ ਘੇਰਨ ਵਾਲੀਆਂ ਸਮੱਸਿਆਵਾਂ ਨਾਲ ਜੁੜੇ ਰਹਿਣ ਵਿੱਚ ਮਦਦ ਕੀਤੀ। ਸੀਤਾਬਦਿਆਰਾ ਵਿਖੇ ਆਪਣੀ ਮੁੱਢਲੀ ਸਿੱਖਿਆ ਤੋਂ ਬਾਅਦ, ਉਹ ਪਟਨਾ ਵਿੱਚ ਇੱਕ ਉੱਚ ਬੁੱਧੀਜੀਵੀ ਅਤੇ ਰਾਸ਼ਟਰਵਾਦੀ ਮਾਹੌਲ ਵਿੱਚ ਸ਼ਾਮਲ ਰਹੇ ਜਿਸਨੇ ਉਨ੍ਹਾਂ ਦੇ ਅੰਦਰ ਰਾਸ਼ਟਰਵਾਦ ਦੇ ਬੀਜ ਬੀਜੇ। ਮਾਧਮਿਕ ਸਿੱਖਿਆ ਦੇ ਦਿਨਾਂ ਦੌਰਾਨ, ਭਾਰਤ ਵਿੱਚ ਬ੍ਰਿਟਿਸ਼ ਸ਼ਾਸ਼ਨ ਵਿਰੁੱਧ ਅਹਿੰਸਕ ਅਤੇ ਅਸਹਿਯੋਗ ਅੰਦੋਲਨ ਜਿਹੀਆਂ ਮੁਹਿੰਮਾਂ ਦਾ ਉਨ੍ਹਾਂ 'ਤੇ ਡੂੰਘਾ ਪ੍ਰਭਾਵ ਪਿਆ ਅਤੇ ਉਨ੍ਹਾਂ ਨੇ ਸਾਰੀਆਂ ਐਸ਼ੋ-ਆਰਾਮ ਦੀਆਂ ਚੀਜ਼ਾਂ ਨੂੰ ਤਿਆਗ ਕੇ ਇੱਕ ਸਵਦੇਸ਼ੀ ਨੂੰ ਅਪਣਾ ਲਿਆ।

ਅਮਰੀਕਾ ਵਿੱਚ ਆਪਣੀ ਸੱਤ ਸਾਲਾਂ ਦੀ ਸਿੱਖਿਆ ਦੌਰਾਨ, ਉਹ ਮਾਰਕਸਵਾਦ ਵੱਲ ਖਿੱਚੇ ਗਏ, ਜਿਸ ਬਾਰੇ ਉਨ੍ਹਾਂ ਦਾ ਮੰਨਣਾ ਸੀ ਕਿ ਉਸ ਸਮੇਂ ਭਾਰਤ ਨੂੰ ਦਰਪੇਸ਼ ਸਾਰੀਆਂ ਸਮੱਸਿਆਵਾਂ ਦਾ ਹੱਲ ਇਸ ਵਿੱਚ ਲੁਕਿਆ ਹੈ। ਹਾਲਾਂਕਿ, ਭਾਰਤ ਵਾਪਸ ਆਉਣ 'ਤੇ, ਮਾਰਕਸਵਾਦ ਦੇ ਫ਼ਲਸਫ਼ੇ ਨੂੰ ਭਾਰਤੀ ਦ੍ਰਿਸ਼ਟੀਕੋਣ ਅਨੁਸਾਰ ਅਨੁਕੂਲਿਤ ਕਰਨ ਦੀ ਸੰਭਾਵਨਾ ਦੀ ਪੜਚੋਲ ਕਰਨ ਤੋਂ ਬਾਅਦ, ਉਨ੍ਹਾਂ ਨੂੰ ਅਹਿਸਾਸ ਹੋਇਆ ਕਿ ਲੋਕਤੰਤਰੀ ਸਮਾਜਵਾਦ ਅਤੇ ਸਰਵੋਦਿਆ ਭਾਰਤ ਦੀਆਂ ਸਮੱਸਿਆਵਾਂ ਦੇ ਹੱਲ ਸਨ। ਇਹ ਵਿਹਾਰਕ ਦ੍ਰਿਸ਼ਟੀਕੋਣ ਜੇਪੀ ਦੀ ਸਿਆਣਪ ਅਤੇ ਸਿਆਸਤ ਦੀ ਗਵਾਹੀ ਭਰਦਾ ਹੈ - ਉਨ੍ਹਾਂ ਦੇ ਜੀਵਨ ਦਾ ਇਹ ਮੋੜ ਸਪੱਸ਼ਟ ਤੌਰ 'ਤੇ ਦਰਸਾਉਂਦਾ ਹੈ ਕਿ ਉਹ ਸਿਰਫ਼ ਵਿਚਾਰਧਾਰਾਵਾਂ ਦੇ ਪੈਰੋਕਾਰ ਨਹੀਂ ਸਨ, ਸਗੋਂ ਸਮਾਜ ਵਿੱਚ ਤਬਦੀਲੀ ਅਤੇ ਬਿਹਤਰੀ ਚਾਹੁੰਦੇ ਸਨ।

**ਭੂਦਾਨ ਅੰਦੋਲਨ**

1952 ਵਿੱਚ, ਉਨ੍ਹਾਂ ਨੇ ਵਿਨੋਬਾ ਭਾਵੇ ਦੇ ਭੂਦਾਨ ਅੰਦੋਲਨ ਨੂੰ ਸਰਵੋਦਿਆ ਦੇ ਦਰਸ਼ਨ ਨਾਲ ਜੋੜ ਕੇ ਭਾਰਤ ਦੀਆਂ ਸਮੱਸਿਆਵਾਂ ਦਾ ਇੱਕ ਵਿਹਾਰਕ ਹੱਲ ਸਵੀਕਾਰ ਕੀਤਾ। 1954-1973 ਦੌਰਾਨ ਉਨ੍ਹਾਂ ਦੀਆਂ ਪਹਿਲਕਦਮੀਆਂ ਜਿਵੇਂ ਕਿ ਚੰਬਲ ਦੇ ਡਾਕੂਆਂ ਦਾ ਮੁੜ ਵਸੇਬਾ ਅਤੇ ਸੰਪੂਰਨ ਅਹਿੰਸਕ ਇਨਕਲਾਬ ਨੂੰ ਦੁਨੀਆ ਭਰ ਵਿੱਚ ਪ੍ਰਵਾਨਗੀ ਅਤੇ ਮਾਨਤਾ ਦਿੱਤੀ ਗਈ ਹੈ। ਉਹ ਸਮੁੱਚੀ ਮਨੁੱਖਤਾ, ਆਮ ਤੌਰ 'ਤੇ ਅਤੇ ਖ਼ਾਸ ਤੌਰ 'ਤੇ ਭਾਰਤ ਲਈ ਆਜ਼ਾਦੀ, ਬਰਾਬਰੀ, ਭਾਈਚਾਰੇ ਅਤੇ ਸ਼ਾਂਤੀ ਦੇ ਟੀਚਿਆਂ ਨੂੰ ਹਾਸਲ ਕਰਨ ਲਈ ਲਗਾਤਾਰ ਯਤਨਸ਼ੀਲ ਰਹੇ।

**ਤਜ਼ਰਬੇ ਰਾਹੀਂ ਕਿਰਤ ਦੀ ਕਦਰ ਨੂੰ ਸਮਝਣਾ**

ਲੋਕ ਨਾਇਕ ਜੈਪ੍ਰਕਾਸ਼ ਜੀ ਦੀ 'ਕਿਰਤ ਦੀ ਸ਼ਾਨ' ਦੀ ਧਾਰਨਾ ਦੀ ਸਮਝ ਸਿਧਾਂਤਕ ਨਹੀਂ ਸੀ - ਇਹ ਉਨ੍ਹਾਂ ਦੇ ਆਪਣੇ ਨਿੱਜੀ ਤਜ਼ਰਬਿਆਂ ਤੋਂ ਪੈਦਾ ਹੋਈ ਸੀ। ਸੰਯੁਕਤ ਰਾਜ ਅਮਰੀਕਾ ਵਿੱਚ ਆਪਣੇ ਕਈ ਸਾਲਾਂ ਦੇ ਅਧਿਐਨ ਦੌਰਾਨ, ਉਨ੍ਹਾਂ ਨੂੰ ਕਈ ਤਰ੍ਹਾਂ ਦੀਆਂ ਨੌਕਰੀਆਂ ਰਾਹੀਂ ਆਪਣੇ ਆਪ ਨੂੰ ਵਿੱਤੀ ਤੌਰ 'ਤੇ ਸਮਰੱਥ ਬਣਾਉਣ ਲਈ 'ਸਿੱਖਦੇ ਹੋਏ ਕਮਾਉਣਾ' ਪਿਆ। ਇਨ੍ਹਾਂ ਤਜ਼ਰਬਿਆਂ ਨੇ ਉਨ੍ਹਾਂ ਨੂੰ ਮਜ਼ਦੂਰ ਵਰਗ ਨਾਲ ਸਬੰਧਤ ਮੁੱਦਿਆਂ ਬਾਰੇ ਸਮਝ ਪ੍ਰਦਾਨ ਕੀਤੀ, ਉਨ੍ਹਾਂ ਦੇ ਵਿਸ਼ਵਾਸ ਨੂੰ ਮਜ਼ਬੂਤ ਕੀਤਾ ਕਿ ਇਮਾਨਦਾਰ ਕਾਮੇ ਸਤਿਕਾਰ, ਢੁਕਵੀਂ ਉਜਰਤ ਅਤੇ ਕੰਮ ਕਰਨ ਦੀਆਂ ਮਨੁੱਖੀ ਸਥਿਤੀਆਂ ਦੇ ਹੱਕਦਾਰ ਹਨ। ਉਨ੍ਹਾਂ ਦੇਖਿਆ ਕਿ ਜਦੋਂ ਉਦਯੋਗਿਕ ਸਮਾਜ ਖੁਸ਼ਹਾਲੀ ਦਾ ਆਨੰਦ ਮਾਣਦਾ ਸੀ, ਉਦੋਂ ਮਜ਼ਦੂਰ ਵਰਗ ਅਕਸਰ ਗਰੀਬੀ ਵਿੱਚ ਗੁਜ਼ਾਰਾ ਕਰਦਾ ਸੀ। ਜਦੋਂ ਉਹ ਭਾਰਤ ਵਾਪਸ ਆਏ, ਤਾਂ ਉਹ ਆਪਣੇ ਨਾਲ ਇੱਕ ਦ੍ਰਿੜ ਵਿਸ਼ਵਾਸ ਲੈ ਕੇ ਆਏ ਕਿ ਇੱਕ ਨਿਆਂਪੂਰਨ ਸਮਾਜ ਦੀ ਨੀਂਹ ਮਜ਼ਦੂਰ ਵਰਗ ਦੇ ਭਲੇ 'ਤੇ ਟਿਕੀ ਹੋਣੀ ਚਾਹੀਦੀ ਹੈ। ਅਹਿਮ ਗੱਲ ਇਹ ਹੈ ਕਿ 1947 ਵਿੱਚ, ਉਨ੍ਹਾਂ ਨੂੰ ਤਿੰਨ ਮਹੱਤਵਪੂਰਨ ਕੁੱਲ ਹਿੰਦ ਕਿਰਤ ਸੰਗਠਨਾਂ, ਭਾਵ ਆਲ-ਇੰਡੀਆ ਰੇਲਵੇਮੈਨ ਫੈਡਰੇਸ਼ਨ, ਆਲ ਇੰਡੀਆ ਪੋਸਟਮੈਨ ਅਤੇ ਟੈਲੀਗ੍ਰਾਫ ਲੋਅਰ ਗ੍ਰੇਡ ਸਟਾਫ ਯੂਨੀਅਨ ਅਤੇ ਆਲ ਇੰਡੀਆ ਆਰਡਨੈਂਸ ਫੈਕਟਰੀਜ਼ ਵਰਕਰਜ਼ ਯੂਨੀਅਨ ਦਾ ਪ੍ਰਧਾਨ ਚੁਣਿਆ ਗਿਆ ਸੀ।

**ਬਿਹਾਰ ਦਾ ਸੋਕਾ**

ਲੋਕਨਾਇਕ ਜੈਪ੍ਰਕਾਸ਼ ਜੀ ਦੀ ਯਾਤਰਾ ਆਜ਼ਾਦੀ ਦੇ ਅੰਦੋਲਨ ਨਾਲ ਹੀ ਖਤਮ ਨਹੀਂ ਹੋਈ। ਉਹ ਕਦੇ ਵੀ ਸੱਤਾ ਹਾਸਲ ਕਰਨ ਵੱਲ ਆਕਰਸ਼ਿਤ ਨਹੀਂ ਹੋਏ ਪਰ ਜਨਤਾ ਦੀ ਸੇਵਾ ਲਈ ਉਤਸੁਕ ਰਹਿੰਦੇ ਸਨ। 1960 ਦੇ ਦਹਾਕੇ ਦੌਰਾਨ, ਬਿਹਾਰ ਵਿੱਚ ਮਾਨਸੂਨ ਨਾ ਆਉਣ ਕਾਰਨ, ਸੂਬਾ ਸੋਕੇ ਦੀ ਸਥਿਤੀ ਵਿੱਚ ਸੀ। ਸ਼੍ਰੀ ਜੈਪ੍ਰਕਾਸ਼ ਜੀ ਨੇ ਆਪਣੇ ਸਾਥੀਆਂ ਅਤੇ ਭੂਦਾਨ ਅੰਦੋਲਨ ਦੇ ਹਮਾਇਤੀਆਂ ਨਾਲ ਲੋਕਾਂ ਦੇ ਦੁੱਖਾਂ ਨੂੰ ਦੂਰ ਕਰਨ ਲਈ ਰਾਹਤ ਕੰਮਾਂ ਵਿੱਚ ਆਪਣੇ ਆਪ ਨੂੰ ਸ਼ਾਮਲ ਕਰ ਲਿਆ। 'ਬਿਹਾਰ ਰਾਹਤ ਕਮੇਟੀ' ਦੇ ਰਾਹਤ ਕਾਰਜਾਂ ਨਾਲ ਸ਼ਮੂਲੀਅਤ ਦੌਰਾਨ, ਉਨ੍ਹਾਂ ਨੂੰ ਆਰਐੱਸਐੱਸ ਦੇ ਸਵੈਯਮ ਸੇਵਕਾਂ ਦੇ 'ਰਾਸ਼ਟਰ ਸੇਵਾ ਦ੍ਰਿਸ਼ਟੀਕੋਣ' ਦਾ ਪ੍ਰਤੱਖ ਤਜ਼ਰਬਾ ਹੋਇਆ ਅਤੇ ਉਹ ਇਸ ਤੋਂ ਬਹੁਤ ਪ੍ਰਭਾਵਿਤ ਹੋਏ।

**ਮੇਰਾ ਨਿੱਜੀ ਤਜ਼ਰਬਾ**

ਲੋਕਨਾਇਕ ਜੈਪ੍ਰਕਾਸ਼ ਜੀ ਨੂੰ ਜਦੋਂ ਜੀਵਨ ਦੇ ਹਰ ਖੇਤਰ ਵਿੱਚ ਭ੍ਰਿਸ਼ਟਾਚਾਰ ਦਾ ਸਾਹਮਣਾ ਕਰਨਾ ਪਿਆ, ਤਾਂ ਉਨ੍ਹਾਂ ਨੇ ਰਾਸ਼ਟਰ ਦੇ ਨੌਜਵਾਨਾਂ ਨੂੰ ਭਾਰਤੀ ਸਮਾਜ ਦੀ ਮੁੜ ਸੁਰਜੀਤੀ ਅਤੇ ਮੁੜ ਨਿਰਮਾਣ ਲਈ ਪ੍ਰੇਰਿਤ ਕਰਨ ਦੀ ਲੋੜ ਮਹਿਸੂਸ ਕੀਤੀ। ਜਦੋਂ ਲੋਕ ਲੋਕਤੰਤਰ ਦੀਆਂ ਸੰਸਥਾਵਾਂ ਵਿੱਚ ਭਰੋਸਾ ਗੁਆ ਰਹੇ ਸਨ, ਤਾਂ ਉਨ੍ਹਾਂ ਨੇ ਇਸ ਅੰਦੋਲਨ ਰਾਹੀਂ ਲੋਕਾਂ ਦੀ ਲੋਕਤੰਤਰ ਦੀ ਤਾਕਤ ਵਿੱਚ ਉਮੀਦ ਅਤੇ ਭਰੋਸੇ ਨੂੰ ਬਹਾਲ ਕੀਤਾ। ਉਨ੍ਹਾਂ ਨੇ 1973 ਵਿੱਚ ਵਿਨੋਬਾ ਭਾਵੇ ਦੇ ਪੌਨਰ ਆਸ਼ਰਮ ਤੋਂ 'ਪੂਰਨ ਇਨਕਲਾਬ' ਦਾ ਜ਼ੋਰਦਾਰ ਸੱਦਾ ਦਿੱਤਾ। ਸੰਪੂਰਨ ਕ੍ਰਾਂਤੀ ਅੰਦੋਲਨ ਦਾ ਅੰਤਮ ਟੀਚਾ ਇੱਕ ਆਦਰਸ਼ ਸਮਾਜ ਦੇ ਮਨੁੱਖੀ ਸੰਸਕਰਣ ਨੂੰ ਹਾਸਲ ਕਰਨਾ ਸੀ। ਉਸ ਸਮੇਂ ਦੀ ਸਿਆਸਤ ਵਿੱਚ ਪ੍ਰਚਲਿਤ ਭ੍ਰਿਸ਼ਟਾਚਾਰ ਵਿਰੁੱਧ ਉਨ੍ਹਾਂ ਦੀ ਨਿਰੰਤਰ ਆਵਾਜ਼ ਲੋਕਤੰਤਰ ਵਿੱਚ ਲੋਕਾਂ ਦੀ ਤਾਕਤ ਸਥਾਪਤ ਕਰਨ ਵਿੱਚ ਮਦਦਗਾਰ ਸਾਬਤ ਹੋਈ। 1977 ਵਿੱਚ ਭਾਰਤ ਵਿੱਚ ਇੱਕ ਨਵਾਂ ਪ੍ਰਬੰਧ ਸਥਾਪਤ ਕਰਨ ਲਈ ਜਨਤਾ ਨੂੰ ਪ੍ਰੇਰਿਤ ਕਰਨ ਅਤੇ ਉਨ੍ਹਾਂ ਦੇ ਗੁੱਸੇ ਨੂੰ ਦਿਸ਼ਾ ਦੇਣ ਦੀ ਉਨ੍ਹਾਂ ਦੀ ਯੋਗਤਾ ਕਮਾਲ ਦੀ ਸੀ। ਇਸ ਅੰਦੋਲਨ ਰਾਹੀਂ, ਉਨ੍ਹਾਂ ਨੇ ਦਿਖਾਇਆ ਕਿ ਲੋਕਤੰਤਰ ਲੋਕਾਂ 'ਤੇ ਰਾਜ ਕਰਨ ਬਾਰੇ ਨਹੀਂ ਹੈ, ਸਗੋਂ ਜਨਤਾ ਦੀ ਆਵਾਜ਼ ਬਣਨ ਬਾਰੇ ਹੈ।

19 ਸਾਲ ਦੇ ਇੱਕ ਨੌਜਵਾਨ ਲੜਕੇ ਦੇ ਰੂਪ ਵਿੱਚ, ਕੋਇੰਬਟੂਰ ਦੇ ਜ਼ਿਲ੍ਹਾ ਸੰਗਠਨ ਸਕੱਤਰ ਵਜੋਂ ਸੰਪੂਰਨ ਕ੍ਰਾਂਤੀ ਅੰਦੋਲਨ ਵਿੱਚ ਯੋਗਦਾਨ ਪਾਉਣਾ ਮੇਰੇ ਲਈ ਇੱਕ ਮਾਣ-ਸਨਮਾਨ ਸੀ। ਇਸ ਪੜਾਅ ਦੌਰਾਨ, ਭਾਰਤ ਦੇ ਇਤਿਹਾਸ ਦੇ ਉਸ ਮਹੱਤਵਪੂਰਨ ਮੋੜ 'ਤੇ, ਮੇਰੀ ਸਿੱਖਿਆ ਨੇ ਮੈਨੂੰ ਇੱਕ ਨੌਜਵਾਨ ਤੋਂ ਇੱਕ ਆਤਮਵਿਸ਼ਵਾਸੀ ਅਤੇ ਸਮਾਜਿਕ ਤੌਰ 'ਤੇ ਜਾਗਰੂਕ ਨੇਤਾ ਵਿੱਚ ਬਦਲ ਦਿੱਤਾ। ਅੰਦੋਲਨ ਨੇ ਮੇਰੇ ਅੰਦਰ ਲੀਡਰਸ਼ਿਪ ਦੇ ਜ਼ਰੂਰੀ ਗੁਣਾਂ-ਪਰਿਪੱਕਤਾ, ਨੈਤਿਕ ਨਿਰਣਾ ਅਤੇ ਨਾਗਰਿਕ ਚੇਤਨਾ ਨੂੰ ਉਭਾਰਿਆ।

ਅੱਜ, ਜਿਵੇਂ ਕਿ ਅਸੀਂ ਆਪਣੇ ਪਿਆਰੇ ਨੇਤਾ ਸ਼੍ਰੀ ਜੈਪ੍ਰਕਾਸ਼ ਜੀ ਨੂੰ ਯਾਦ ਕਰ ਰਹੇ ਹਾਂ, ਸਾਨੂੰ ਉਨ੍ਹਾਂ ਦੀ ਧਰਮ ਪਤਨੀ ਸ਼੍ਰੀਮਤੀ ਪ੍ਰਭਾਵਤੀ ਦੇਵੀ ਦੇ ਅਟੁੱਟ ਸਾਥ ਨੂੰ ਵੀ ਸਵੀਕਾਰ ਕਰਨਾ ਚਾਹੀਦਾ ਹੈ, ਜਿਨ੍ਹਾਂ ਨੇ ਭਾਰਤ ਵਿੱਚ ਆਜ਼ਾਦੀ ਅੰਦੋਲਨ ਲਈ ਨਿਰਸਵਾਰਥ ਤੌਰ 'ਤੇ ਬ੍ਰਹਮਚਰਿਆ ਨੂੰ ਧਾਰਨ ਕੀਤਾ ਸੀ। ਉਨ੍ਹਾਂ ਨੇ ਗਾਂਧੀ ਜੀ ਦੇ ਆਦਰਸ਼ਾਂ ਦੀ ਨਿਰਸਵਾਰਥ ਪ੍ਰਾਪਤੀ ਲਈ ਆਪਣੀ ਊਰਜਾ ਨੂੰ ਸਮਰਪਿਤ ਕੀਤਾ।

**ਜੈਪ੍ਰਕਾਸ਼ ਜੀ ਦੀ ਵਿਰਾਸਤ**

1942 ਦੇ ਭਾਰਤ ਛੱਡੋ ਅੰਦੋਲਨ ਤੋਂ ਲੈ ਕੇ 1970 ਦੇ ਦਹਾਕੇ ਵਿੱਚ ਉਨ੍ਹਾਂ ਦੀ ਅਗਵਾਈ ਵਿੱਚ ਹੋਈ ਲੋਕਾਂ ਦੀ ਸੰਪੂਰਨ ਕ੍ਰਾਂਤੀ ਤੱਕ - ਇੱਕ ਨਿਰੰਤਰ ਕਾਰਕ, ਜਿਸਨੇ ਉਨ੍ਹਾਂ ਨੂੰ ਅੱਗੇ ਵਧਾਇਆ ਉਹ ਸੀ ਰਾਸ਼ਟਰ ਪ੍ਰਤੀ ਉਨ੍ਹਾਂ ਦਾ ਪਿਆਰ। ਭਾਵੇਂ ਉਨ੍ਹਾਂ ਨੂੰ ਸਰਕਾਰ ਵਿੱਚ ਆਪਣੀ ਪਸੰਦ ਦਾ ਕੋਈ ਵੀ ਅਹੁਦਾ ਪ੍ਰਾਪਤ ਕਰਨ ਦਾ ਮੌਕਾ ਮਿਲਿਆ, ਪਰ ਉਹ ਕਦੇ ਵੀ ਸੱਤਾ ਦੇ ਲਾਲਚ ਅੱਗੇ ਨਹੀਂ ਝੁਕੇ ਪਰ ਰਾਸ਼ਟਰ ਦੀ ਨਿਰਸਵਾਰਥ ਸੇਵਾ ਲਈ ਵਚਨਬੱਧ ਰਹੇ। ਗਰੀਬਾਂ ਅਤੇ ਦੱਬੇ-ਕੁਚਲੇ ਲੋਕਾਂ ਨੂੰ ਉੱਚਾ ਚੁੱਕਣ ਲਈ ਉਨ੍ਹਾਂ ਦੀ ਤਿਆਗ ਭਾਵਨਾ ਬੇਮਿਸਾਲ ਹੈ।

ਭਾਵੇਂ ਚੁਣੌਤੀਆਂ ਕਿੰਨੀਆਂ ਵੀ ਅਣਗਿਣਤ ਕਿਉਂ ਨਾ ਹੋਣ, ਲੋਕ ਨਾਇਕ ਜੈਪ੍ਰਕਾਸ਼ ਜੀ ਦਾ ਜੀਵਨ ਅਤੇ ਸਿੱਖਿਆਵਾਂ ਲੋਕਾਂ ਦੀ ਤਬਦੀਲੀ ਲਿਆਉਣ ਦੀ ਸ਼ਕਤੀ ਦਾ ਪ੍ਰਮਾਣ ਹਨ। ਉਨ੍ਹਾਂ ਦੀਆਂ ਸਿੱਖਿਆਵਾਂ ਲੋਕਤੰਤਰੀ ਕਦਰਾਂ-ਕੀਮਤਾਂ ਦੀ ਰਾਖੀ ਕਰਨ ਅਤੇ ਇੱਕ ਅਜਿਹੇ ਸਮਾਜ ਵੱਲ ਕੰਮ ਕਰਨ 'ਤੇ ਜ਼ੋਰ ਦਿੰਦੀਆਂ ਹਨ ਜਿੱਥੇ ਬਰਾਬਰੀ, ਨਿਆਂ ਅਤੇ ਸ਼ਾਂਤੀ ਹੋਵੇ। ਉਹ ਇੱਕ ਦੂਰਦਰਸ਼ੀ ਆਗੂ ਸਨ, ਜਿਨ੍ਹਾਂ ਨੇ ਸਮਾਜਿਕ ਅਤੇ ਆਰਥਿਕ ਨਿਆਂ ਤੋਂ ਸਿਆਸੀ ਆਜ਼ਾਦੀ ਦੀ ਅਟੁੱਟਤਾ ਦਾ ਐਲਾਨ ਕੀਤਾ। ਉਨ੍ਹਾਂ ਦੀਆਂ ਸਿੱਖਿਆਵਾਂ ਨਾ ਸਿਰਫ਼ ਸਿਆਸਤਦਾਨਾਂ ਨੂੰ, ਸਗੋਂ ਹਰ ਭਾਰਤੀ ਨਾਗਰਿਕ ਨੂੰ ਪ੍ਰੇਰਿਤ ਕਰਦੀਆਂ ਹਨ ਜੋ ਲੋਕਤੰਤਰ, ਆਜ਼ਾਦੀ ਅਤੇ ਬਰਾਬਰੀ ਦੇ ਆਦਰਸ਼ਾਂ ਵਿੱਚ ਵਿਸ਼ਵਾਸ ਰੱਖਦਾ ਹੈ।

ਕ੍ਰਾਂਤੀ ਅਕਸਰ ਹਿੰਸਾ ਦਾ ਸਮਾਨਾਰਥ ਹੁੰਦੀ ਹੈ - ਪਰ ਸ਼੍ਰੀ ਜੈਪ੍ਰਕਾਸ਼ ਜੀ ਦੀ ਅਗਵਾਈ ਵਿੱਚ ਸੰਪੂਰਨ ਕ੍ਰਾਂਤੀ ਸਿਰਫ ਅਹਿੰਸਾ 'ਤੇ ਅਧਾਰਤ ਸੀ। ਇੱਕ ਅਹਿੰਸਕ ਲੋਕ ਲਹਿਰ ਰਾਹੀਂ, ਉਹ ਇੱਕ ਅਜਿਹੇ ਭਾਰਤ ਦੀ ਨੀਂਹ ਰੱਖਣ ਦੇ ਯੋਗ ਬਣੇ ਜੋ ਪ੍ਰਣਾਲੀ ਅਤੇ ਸਮਾਜ ਦੇ ਅੰਦਰ ਮਨੁੱਖਤਾ ਅਤੇ ਨੈਤਿਕਤਾ ਦੀਆਂ ਕਦਰਾਂ-ਕੀਮਤਾਂ 'ਤੇ ਤਰੱਕੀ ਕਰੇਗਾ।

ਜਿਵੇਂ ਕਿ ਅਸੀਂ ਅੱਜ ਇਸ ਮਹਾਨ ਆਗੂ ਨੂੰ ਪਿਆਰ ਨਾਲ ਯਾਦ ਕਰ ਰਹੇ ਹਾਂ ਅਤੇ ਸ਼ਰਧਾਂਜਲੀ ਭੇਟ ਕਰ ਹਾਂ, ਸਾਨੂੰ ਆਪਣੇ ਆਪ ਨੂੰ ਉਸ ਲੋਕਤੰਤਰ ਦੇ ਚੌਕਸ ਰਖਵਾਲੇ ਰਹਿਣ ਦਾ ਪ੍ਰਣ ਲੈਣਾ ਚਾਹੀਦਾ ਹੈ, ਜਿਸਦੀ ਰਾਖੀ ਕਰਨ ਵਿੱਚ ਉਨ੍ਹਾਂ ਨੇ ਮਦਦ ਕੀਤੀ। ਅੱਜ ਦੇ ਦਿਨ ਸਾਡੀ ਸੱਚੀ ਸ਼ਰਧਾਂਜਲੀ ਇਹ ਹੋਵੇਗੀ ਕਿ ਅਸੀਂ ਆਪਣੀ ਜ਼ਮੀਰ ਨੂੰ ਜਗਾਈਏ ਅਤੇ ਨਿਰਸਵਾਰਥਤਾ, ਸੇਵਾ ਅਤੇ ਸੱਚਾਈ ਨਾਲ ਭਾਰਤ ਦੀ ਬਿਹਤਰੀ ਲਈ ਕੰਮ ਕਰੀਏ।

ਰਾਸ਼ਟਰ ਦੇ ਨਿਰਮਾਣ ਵਿੱਚ ਉਨ੍ਹਾਂ ਦੇ ਸਾਰੇ ਯੋਗਦਾਨਾਂ ਲਈ, ਉਨ੍ਹਾਂ ਨੂੰ 'ਭਾਰਤ ਰਤਨ' ਨਾਲ ਸਨਮਾਨਿਤ ਕੀਤਾ ਗਿਆ - ਜੋ ਕਿ ਮੇਰਾ ਮੰਨਣਾ ਹੈ ਕਿ ਇਸ ਮਹਾਨ ਵਿਅਕਤੀ ਲਈ ਬਹੁਤ ਘੱਟ ਸੀ - ਕਿਉਂਕਿ ਉਹ ਅਸਲ ਵਿੱਚ ਭਾਰਤ ਦੇ ਇੱਕ ਸੱਚੇ ਰਤਨ ਸਨ।

*ਹਮੇਸ਼ਾ ਮਾਤ ਭੂਮੀ ਦੀ ਸੇਵਾ ਵਿੱਚ!

# ਪੀ.ਐਸ.ਪੀ.ਸੀ.ਐਲ. ਦੀ ਭ੍ਰਿਸ਼ਟਾਚਾਰ ਪ੍ਰਤੀ ਜ਼ੀਰੋ ਸਹਿਣਸ਼ੀਲਤਾ ਪਹੁੰਚ

**ਚੰਡੀਗੜ੍ਹ, 14 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ (ਪੀ.ਐਸ.ਪੀ.ਸੀ.ਐਲ.) ਨੇ ਪੰਜਾਬ ਵਿਕਾਸ ਕਮਿਸ਼ਨ (ਪੀ.ਡੀ.ਸੀ.) ਦੇ ਸਹਿਯੋਗ ਨਾਲ ਪਾਰਦਰਸ਼ਤਾ ਅਤੇ ਭ੍ਰਿਸ਼ਟਾਚਾਰ ਵਿਰੁੱਧ ਜ਼ੀਰੋ ਸਹਿਣਸ਼ੀਲਤਾ ਪਹੁੰਚ ਅਪਣਾਉਣ ਲਈ ਇੱਕ ਫ਼ੈਸਲਾਕੁੰਨ ਕਦਮ ਚੁੱਕਿਆ ਹੈ।

ਜੂਨ 2025 ਵਿੱਚ ਪੀ.ਐਸ.ਪੀ.ਸੀ.ਐਲ. ਵੱਲੋਂ ਭ੍ਰਿਸ਼ਟਾਚਾਰ ਅਤੇ ਰਿਸ਼ਵਤਖੋਰੀ ਦੀਆਂ ਸ਼ਿਕਾਇਤਾਂ ਦੀ ਰਜਿਸਟ੍ਰੇਸ਼ਨ ਲਈ ਇੱਕ ਸਮਰਪਿਤ ਆਨਲਾਈਨ ਪੋਰਟਲ https://grms.pspcl.in ਸ਼ੁਰੂ ਕੀਤਾ ਗਿਆ ਸੀ। ਖਪਤਕਾਰਾਂ ਨੂੰ ਸਸ਼ਕਤ ਬਣਾਉਣ ਲਈ, ਜਦੋਂ ਵੀ ਕੋਈ ਖਪਤਕਾਰ ਪੀ.ਐਸ.ਪੀ.ਸੀ.ਐਲ. ਨਾਲ ਨਵੇਂ ਬਿਜਲੀ ਕੁਨੈਕਸ਼ਨ, ਬਿੱਲ ਭੁਗਤਾਨ ਜਾਂ ਇਸ ਨੂੰ ਵਾਪਸ ਲੈਣ, ਬਿੱਲਾਂ ਦੇ ਨਿਪਟਾਰੇ, ਸੇਵਾ ਸਬੰਧੀ ਸ਼ਿਕਾਇਤਾਂ ਜਾਂ ਬਿਜਲੀ ਬੰਦ ਹੋਣ ਦੀ ਰਿਪੋਰਟਿੰਗ ਵਰਗੀਆਂ ਮੁੱਖ ਸੇਵਾਵਾਂ ਲੈਣਾ ਚਾਹੁੰਦਾ ਹੈ, ਤਾਂ ਐਸ.ਐਮ.ਐਸ. ਰਾਹੀਂ ਪੋਰਟਲ ਦਾ ਲਿੰਕ ਭੇਜਿਆ ਜਾਂਦਾ ਹੈ। ਇਹ ਪਹਿਲਕਦਮੀ ਯਕੀਨੀ ਬਣਾਉਂਦੀ ਹੈ ਕਿ ਖਪਤਕਾਰ ਪੀ.ਐਸ.ਪੀ.ਸੀ.ਐਲ. ਨਾਲ ਆਪਣੀ ਸ਼ਮੂਲੀਅਤ ਦੇ ਕਿਸੇ ਵੀ ਪੜਾਅ 'ਤੇ ਕਿਸੇ ਵੀ ਗਲਤ ਮੰਗ ਜਾਂ ਗਲਤ ਵਿਵਹਾਰ ਦੀ ਆਸਾਨੀ ਨਾਲ ਰਿਪੋਰਟ ਕਰ ਸਕਦੇ ਹਨ।

ਇਸ ਦੀ ਸ਼ੁਰੂਆਤ ਤੋਂ ਬਾਅਦ ਪੰਜਾਬ ਭਰ ਵਿੱਚ ਖਪਤਕਾਰਾਂ ਦੁਆਰਾ ਕਈ ਸ਼ਿਕਾਇਤਾਂ ਦਰਜ ਕੀਤੀਆਂ ਗਈਆਂ ਹਨ। ਨਿਰਪੱਖਤਾ ਅਤੇ ਜਵਾਬਦੇਹੀ ਨੂੰ ਯਕੀਨੀ ਬਣਾਉਣ ਲਈ ਹਰੇਕ ਮਾਮਲੇ ਦੀ ਸੁਤੰਤਰ ਤੌਰ 'ਤੇ ਤਿੰਨ ਮੈਂਬਰੀ ਜ਼ੋਨਲ ਕਮੇਟੀ ਦੁਆਰਾ ਜਾਂਚ ਕੀਤੀ ਜਾਂਦੀ ਹੈ। ਜਾਂਚ ਮੁਕੰਮਲ ਹੋਣ ਤੋਂ ਬਾਅਦ ਮਾਮਲਾ ਸਹੀ ਪਾਏ ਜਾਣ 'ਤੇ ਸਖ਼ਤ ਕਾਰਵਾਈ ਕੀਤੀ ਜਾਂਦੀ ਹੈ।

18 ਜੁਲਾਈ, 2025 ਨੂੰ ਸੰਗਰੂਰ ਦੇ ਭਲਵਾਨ ਸਬ-ਡਿਵੀਜ਼ਨ (ਧੂਰੀ ਡਿਵੀਜ਼ਨ) ਤੋਂ ਇੱਕ ਸ਼ਿਕਾਇਤ ਦਰਜ ਕਰਵਾਈ ਗਈ ਸੀ, ਜਿਸ ਵਿੱਚ ਇੱਕ ਸਮਾਰਟ ਮੀਟਰ ਨੂੰ ਰਵਾਇਤੀ ਮੀਟਰ ਨਾਲ ਤਬਦੀਲ ਕਰਨ ਬਦਲੇ 5,000 ਰੁਪਏ ਦੀ ਮੰਗ ਕਰਨ ਦਾ ਦੋਸ਼ ਲਗਾਇਆ ਗਿਆ ਸੀ। ਜਾਂਚ ਤੋਂ ਪਤਾ ਲੱਗਾ ਕਿ ਮੀਟਰ ਬਦਲਣ ਦਾ ਆਰਡਰ ਨਵੰਬਰ 2022 ਤੋਂ ਲੰਬਿਤ ਸੀ ਅਤੇ ਇਸ ਨੂੰ 17 ਸਤੰਬਰ 2024 ਨੂੰ ਬਦਲਿਆ ਗਿਆ। ਦੋਸ਼ੀ ਮੀਟਰ ਰੀਡਰ ਇੱਕ ਆਊਟਸੋਰਸ ਕਰਮਚਾਰੀ ਸੀ ਅਤੇ ਸ਼ਿਕਾਇਤ ਦੇ ਸਮੇਂ ਪੀ.ਐਸ.ਪੀ.ਸੀ.ਐਲ. ਨਾਲ ਕੰਮ ਨਹੀਂ ਕਰ ਰਿਹਾ ਸੀ। ਮਾਮਲਾ ਐਫ.ਆਈ.ਆਰ ਲਈ ਅਤੇ ਹੋਰ ਜਾਂਚ ਲਈ ਡੀ.ਸੀ.ਪੀ. ਨਾਭਾ ਨੂੰ ਭੇਜਿਆ ਗਿਆ ਹੈ।

24 ਅਗਸਤ, 2025 ਨੂੰ ਲੁਧਿਆਣਾ ਦੇ ਫੋਕਲ ਪੁਆਇੰਟ ਤੋਂ ਇੱਕ ਸ਼ਿਕਾਇਤ ਦਰਜ ਕਰਵਾਈ ਗਈ ਸੀ, ਜਿਸ ਵਿੱਚ ਦੋਸ਼ ਲਗਾਇਆ ਗਿਆ ਸੀ ਕਿ ਇੱਕ ਆਊਟਸੋਰਸ ਮੀਟਰ ਰੀਡਰ ਨੇ ਸਰਕਾਰ ਦੀ ਮੁਫ਼ਤ-ਬਿਜਲੀ ਯੋਜਨਾ ਤਹਿਤ ਯੋਗਤਾ ਪੂਰੀ ਕਰਨ ਲਈ ਵਾਧੂ ਯੂਨਿਟਾਂ ਨੂੰ ਐਡਜਸਟ ਕਰਕੇ ਬਿੱਲ ਵਿੱਚ ਹੇਰਾਫੇਰੀ ਕਰਨ ਲਈ 1000 ਰੁਪਏ ਦੀ ਰਿਸ਼ਵਤ ਮੰਗੀ ਸੀ। ਜਾਂਚ ਵਿੱਚ ਦੋਸ਼ ਸਹੀ ਸਾਬਤ ਹੋ ਗਿਆ ਅਤੇ 16 ਸਤੰਬਰ, 2025 ਨੂੰ ਮੀਟਰ ਰੀਡਰ ਨੂੰ ਨੌਕਰੀ ਤੋਂ ਕੱਢ ਦਿੱਤਾ ਗਿਆ।

ਲੁਧਿਆਣਾ ਜ਼ਿਲ੍ਹੇ ਤੋਂ 07 ਅਗਸਤ 2025 ਨੂੰ ਕੁਨੈਕਸ਼ਨ ਦੀ ਪ੍ਰਵਾਨਗੀ ਦੇ ਬਾਵਜੂਦ ਮੀਟਰ ਨਾ ਲਗਾਉਣ ਸਬੰਧੀ ਇੱਕ ਸ਼ਿਕਾਇਤ ਦਰਜ ਕਰਵਾਈ ਗਈ ਸੀ। ਇਹ ਦੋਸ਼ ਲਗਾਇਆ ਗਿਆ ਸੀ ਕਿ ਜੂਨੀਅਰ ਇੰਜੀਨੀਅਰ ਨੇ ਸਿਸਟਮ ਰੱਦ ਹੋਣ ਦਾ ਹਵਾਲਾ ਦਿੰਦਿਆਂ ਫਾਈਲ ਨੂੰ ਦੁਬਾਰਾ ਖੋਲ੍ਹਣ ਲਈ ਹੋਰ ਪੈਸੇ ਦੇਣ ਦੀ ਮੰਗ ਕੀਤੀ। ਜਾਂਚ ਵਿੱਚ ਰਿਸ਼ਵਤਖੋਰੀ ਨੂੰ ਸਾਬਤ ਨਹੀਂ ਕੀਤਾ ਜਾ ਸਕਿਆ ਅਤੇ ਕੁਨੈਕਸ਼ਨ ਦੀ ਪ੍ਰਕਿਰਿਆ ਵਿੱਚ ਗੈਰ-ਵਾਜਬ ਦੇਰੀ ਦੀ ਪੁਸ਼ਟੀ ਕੀਤੀ ਗਈ। ਨਤੀਜੇ ਵਜੋਂ 26 ਸਤੰਬਰ, 2025 ਨੂੰ ਅਧਿਕਾਰੀ ਨੂੰ ਲਾਪਰਵਾਹੀ ਲਈ ਕਾਰਨ ਦੱਸੋ ਨੋਟਿਸ ਜਾਰੀ ਕੀਤਾ ਗਿਆ। 17 ਅਗਸਤ, 2025 ਨੂੰ ਲੁਧਿਆਣਾ ਤੋਂ ਇੱਕ ਹੋਰ ਸ਼ਿਕਾਇਤ ਦਰਜ ਕੀਤੀ ਗਈ, ਜਿਸ ਵਿੱਚ ਦੋਸ਼ ਲਗਾਇਆ ਗਿਆ ਸੀ ਕਿ ਮੀਟਰ ਲਗਾਉਣ ਲਈ ਗੈਰ-ਕਾਨੂੰਨੀ ਭੁਗਤਾਨ ਦੀ ਮੰਗ ਕੀਤੀ ਗਈ ਸੀ, ਜਿਸ ਵਿੱਚ ਤਾਰ ਅਤੇ ਮੀਟਰ ਬਾਕਸ ਦੇ ਖਰਚੇ ਸ਼ਾਮਲ ਸਨ, ਜਿਸ ਨਾਲ ਖਪਤਕਾਰ ਨੂੰ ਕੁਨੈਕਸ਼ਨ ਜਾਰੀ ਹੋਣ ਤੋਂ ਪਹਿਲਾਂ ਪੈਸੇ ਦੇਣ ਲਈ ਮਜ਼ਬੂਰ ਕੀਤਾ ਗਿਆ ਸੀ। ਇਸ ਮਾਮਲੇ ਦੀ ਰਿਪੋਰਟ ਜੂਨੀਅਰ ਇੰਜੀਨੀਅਰ ਨੂੰ ਵੀ ਕੀਤੀ ਗਈ ਸੀ, ਪਰ ਕੋਈ ਸੁਧਾਰਾਤਮਕ ਕਾਰਵਾਈ ਨਹੀਂ ਕੀਤੀ ਗਈ। ਇਨਫੋਰਸਮੈਂਟ ਵਿੰਗ ਦੁਆਰਾ ਕੀਤੀ ਗਈ ਜਾਂਚ ਨੇ ਦੋਸ਼ਾਂ ਦੀ ਪੁਸ਼ਟੀ ਕੀਤੀ ਅਤੇ ਪ੍ਰਕਿਰਿਆ ਸਬੰਧੀ ਬੇਨਿਯਮੀਆਂ ਦਾ ਪਤਾ ਲੱਗਿਆ, ਜਿਸ ਵਿੱਚ ਇੱਕ ਦਸਤਖਤ ਰਹਿਤ, ਬਿਨਾਂ ਮਿਤੀ ਦੇ ਕੇਸ ਫਾਈਲ ਅਤੇ ਕੁਨੈਕਸ਼ਨ ਜਾਰੀ ਕਰਨ ਵਿੱਚ 2.5 ਮਹੀਨਿਆਂ ਦੀ ਗੈਰ-ਵਾਜਬ ਦੇਰੀ ਸ਼ਾਮਲ ਹੈ। ਇਸ ਅਨੁਸਾਰ 29 ਸਤੰਬਰ, 2025 ਨੂੰ ਸਬੰਧਤ ਜੂਨੀਅਰ ਇੰਜੀਨੀਅਰ ਨੂੰ ਕਾਰਨ ਦੱਸੋ ਨੋਟਿਸ ਜਾਰੀ ਕੀਤਾ ਗਿਆ ਸੀ। ਪੀਐਸਪੀਸੀਐਲ ਜਨਤਕ ਸੇਵਾ ਪ੍ਰਦਾਨ ਕਰਨ ਵਿੱਚ ਪਾਰਦਰਸ਼ਤਾ ਅਤੇ ਜਵਾਬਦੇਹੀ ਲਈ ਨਵੇਂ ਮਾਪਦੰਡ ਸਥਾਪਤ ਕਰਨ ਵਾਸਤੇ ਭ੍ਰਿਸ਼ਟਾਚਾਰ ਦੇ ਹਰੇਕ ਮਾਮਲੇ ਦੀ ਜਾਂਚ ਕਰਨਾ ਜਾਰੀ ਰੱਖੇਗਾ ਅਤੇ ਲੋੜ ਅਨੁਸਾਰ ਸਖ਼ਤ ਕਾਰਵਾਈ ਕਰਨਾ ਯਕੀਨੀ ਬਣਾਏਗਾ।

## ਵਿਸ਼ਵ ਮਾਨਸਿਕ ਸਿਹਤ ਦਿਵਸ: ਡਾ. ਬਲਬੀਰ ਸਿੰਘ ਵੱਲੋਂ ਪੰਜਾਬ ਰਾਜ ਮਾਨਸਿਕ ਸਿਹਤ ਨੀਤੀ ਦੀ ਸ਼ੁਰੂਆਤ

# ਇਹ ਇਤਿਹਾਸਕ ਨੀਤੀ ਸਾਰਿਆਂ ਲਈ ਮਾਨਸਿਕ ਸਿਹਤ ਦੇਖਭਾਲ ਨੂੰ ਯਕੀਨੀ ਬਣਾਏਗੀ: ਸਿਹਤ ਮੰਤਰੀ ਡਾ. ਬਲਬੀਰ ਸਿੰਘ

**ਚੰਡੀਗੜ੍ਹ, 14 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਸੋਚ ਅਨੁਸਾਰ ਆਪਣੇ ਨਾਗਰਿਕਾਂ ਦੀ ਮਾਨਸਿਕ ਤੰਦਰੁਸਤੀ ਨੂੰ ਯਕੀਨੀ ਬਣਾਉਣ ਵੱਲ ਇੱਕ ਇਤਿਹਾਸਕ ਕਦਮ ਚੁੱਕਦਿਆਂ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਅੱਜ ਇਥੇ ਵਿਸ਼ਵ ਮਾਨਸਿਕ ਸਿਹਤ ਦਿਵਸ ਮੌਕੇ ÷ਪੰਜਾਬ ਰਾਜ ਮਾਨਸਿਕ ਸਿਹਤ ਨੀਤੀ÷ ਦੀ ਸ਼ੁਰੂਆਤ ਕੀਤੀ। ਇਸ ਕ੍ਰਾਂਤੀਕਾਰੀ ਪਹਿਲ ਦਾ ਉਦੇਸ਼ ਮਾਨਸਿਕ ਤੰਦਰੁਸਤੀ ਨੂੰ ਉਤਸ਼ਾਹਿਤ ਕਰਨਾ ਅਤੇ ਸਾਰਿਆਂ ਲਈ ਮਿਆਰੀ ਮਾਨਸਿਕ ਸਿਹਤ ਦੇਖਭਾਲ ਤੱਕ ਪਹੁੰਚ ਨੂੰ ਯਕੀਨੀ ਬਣਾਉਣਾ ਹੈ।

ਡਾ. ਬਲਬੀਰ ਸਿੰਘ ਨੇ ਕਿਹਾ ਕਿ ਵਿਸ਼ਵ ਮਾਨਸਿਕ ਸਿਹਤ ਦਿਵਸ 'ਤੇ ਪੰਜਾਬ ਸਰਕਾਰ ਵੱਲੋਂ ਇਹ ਨੀਤੀ ਲਿਆਉਣ ਦਾ ਉਦੇਸ਼ ਹਰ ਇੱਕ ਲਈ ਮਾਨਸਿਕ ਤੰਦਰੁਸਤੀ ਦੇ ਅਧਿਕਾਰ ਨੂੰ ਯਕੀਨੀ ਬਣਾਉਣਾ ਹੈ।

ਉਨ੍ਹਾਂ ਇਹ ਵੀ ਕਿਹਾ ਕਿ ਪੰਜਾਬ ਰਾਜ ਮਾਨਸਿਕ ਸਿਹਤ ਨੀਤੀ ਪੰਜਾਬ ਦੇ ਹਰੇਕ ਵਿਅਕਤੀ ਦੀ ਸਰੀਰਕ, ਮਾਨਸਿਕ ਤੰਦਰੁਸਤੀ ਅਤੇ ਸਮਾਜਿਕ ਭਲਾਈ ਪ੍ਰਤੀ ਪੰਜਾਬ ਸਰਕਾਰ ਦੀ ਵਚਨਬੱਧਤਾ ਦਾ ਪ੍ਰਤੱਖ ਪ੍ਰਮਾਣ ਹੈ।

ਸਿਹਤ ਮੰਤਰੀ, ਜਿਨ੍ਹਾਂ ਦੇ ਨਾਲ ਪ੍ਰਮੁੱਖ ਸਕੱਤਰ ਸਿਹਤ ਕੁਮਾਰ ਰਾਹੁਲ ਵੀ ਮੌਜੂਦ ਸਨ, ਨੇ ਜ਼ੋਰ ਦੇ ਕੇ ਕਿਹਾ ਕਿ ਇਹ ਸਾਡੇ ਸਮਾਜ ਲਈ ਵੱਡੀ ਤ੍ਰਾਸਦੀ ਹੈ ਕਿ ਅਕਸਰ ਮਾਨਸਿਕ ਤੌਰ 'ਤੇ ਪ੍ਰਭਾਵਿਤ ਵਿਅਕਤੀ ਨੂੰ ਬਿਨਾਂ ਕੁਝ ਦੱਸੇ ਇਕੱਲਿਆਂ ਦੁੱਖ ਝੱਲਣ ਲਈ ਮਜਬੂਰ ਹੋਣਾ ਪੈਂਦਾ ਹੈ, ਜਿਸ ਨਾਲ ਹਾਲਾਤ ਹੋਰ ਵਿਗੜ ਜਾਂਦੇ ਹਨ। ਉਨ੍ਹਾਂ ਕਿਹਾ ਕਿ ਇਸ ਸਮੱਸਿਆ ਦੇ ਹੱਲ ਲਈ ਅਸੀਂ ਮਾਨਸਿਕ ਸਿਹਤ ਸੇਵਾਵਾਂ ਨੂੰ ਆਪਣੇ ਮੁੱਢਲੇ ਸਿਹਤ ਸੰਭਾਲ ਢਾਂਚੇ ਵਿੱਚ ਏਕੀਕ੍ਰਿਤ ਕਰਕੇ ਇਹ ਯਕੀਨੀ ਬਣਾਉਣ ਲਈ ਸੁਹਿਰਦ ਹਾਂ ਕਿ ਮਦਦ ਮੰਗਣ ਵਾਲੇ ਨੂੰ ਬਿਨਾਂ ਕਿਸੇ ਦੇਰੀ ਦੇ ਤੁਰੰਤ ਸਹਾਇਤਾ ਅਤੇ ਮਿਆਰੀ ਇਲਾਜ ਮਿਲੇ।



ਡਾ. ਬਲਬੀਰ ਸਿੰਘ ਨੇ ਇਸ ਨੀਤੀ ਤਹਿਤ ਸਭ ਤੋਂ ਵੱਧ ਲੋੜ ਵਾਲੇ ਵਿਅਕਤੀਆਂ ਖਾਸ ਕਰਕੇ ਔਰਤਾਂ ਦੀ ਮਾਨਸਿਕ ਸਿਹਤ ਵੱਲ ਜਲਦ ਤੋਂ ਜਲਦ ਧਿਆਨ ਦੇਣ ਦੀ ਪਹੁੰਚ ਨੂੰ ਉਜਾਗਰ ਕੀਤਾ। ਉਨ੍ਹਾਂ ਕਿਹਾ ਕਿ ਇਹ ਸਾਹਮਣੇ ਆਇਆ ਹੈ ਕਿ ਔਰਤਾਂ ਨੂੰ ਅਕਸਰ ਵੱਖ-ਵੱਖ ਤਰੀਕੇ ਨਾਲ ਸਮਾਜਿਕ ਅਤੇ ਘਰੇਲੂ ਦਬਾਅ ਝੱਲਣਾ ਪੈਂਦਾ ਹੈ, ਜੋ ਉਨ੍ਹਾਂ ਦੀ ਮਾਨਸਿਕ ਤੰਦਰੁਸਤੀ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕਰ ਸਕਦੀਆਂ ਹਨ। ਇਸ ਲਈ ਸਾਡੀ ਨੀਤੀ ਲਿੰਗ-ਸੰਵੇਦਨਸ਼ੀਲ ਪਹੁੰਚ ਨੂੰ ਲਾਜ਼ਮੀ ਕਰਦਿਆਂ ਇਹ ਯਕੀਨੀ ਬਣਾਉਂਦੀ ਹੈ ਕਿ ਔਰਤਾਂ ਨੂੰ ਸੁਰੱਖਿਅਤ, ਗੁਪਤ ਅਤੇ ਹਮਦਰਦ ਢੰਗ ਨਾਲ ਮਾਨਸਿਕ ਸਿਹਤ ਸੇਵਾਵਾਂ ਤੱਕ ਪਹੁੰਚ ਮਿਲੇ। ਉਨ੍ਹਾਂ ਕਿਹਾ ਕਿ ਔਰਤਾਂ ਦੀ ਮਾਨਸਿਕ ਤੰਦਰੁਸਤੀ ਨੂੰ ਤਰਜੀਹ ਦੇਣਾ ਸਿਰਫ਼ ਸਿਹਤ ਪੱਖੋਂ ਹੀ ਨਹੀਂ ਬਲਕਿ ਇੱਕ ਲਚਕੀਲਾ ਅਤੇ ਬਰਾਬਰੀ ਵਾਲਾ ਸਮਾਜ ਬਣਾਉਣ ਦੀ ਨੀਂਹ ਹੈ।

ਇਸ ਸਾਲ ਦੇ ਥੀਮ 'ਸੇਵਾ ਤੱਕ ਪਹੁੰਚ: ਆਫ਼ਤਾਂ ਅਤੇ ਐਮਰਜੈਂਸੀ ਵਿੱਚ ਮਾਨਸਿਕ ਸਿਹਤ' ਨੂੰ ਉਜਾਗਰ ਕਰਦਿਆਂ ਕੈਬਨਿਟ ਮੰਤਰੀ ਨੇ ਕਿਹਾ ਕਿ ਸਾਡੇ ਰਾਜ ਨੇ ਆਪ੍ਰੇਸ਼ਨ ਸਿੰਦੂਰ ਅਤੇ ਹਾਲ ਹੀ ਵਿੱਚ ਆਏ ਵਿਨਾਸ਼ਕਾਰੀ ਹੜ੍ਹਾਂ ਵਰਗੇ ਗੰਭੀਰ ਹੰਗਾਮੀ ਹਾਲਾਤਾਂ ਦਾ ਡਟ ਕੇ ਸਾਹਮਣਾ ਕੀਤਾ ਹੈ। ਉਨ੍ਹਾਂ ਕਿਹਾ ਕਿ ਅਜਿਹੀਆਂ ਆਫ਼ਤਾਂ ਜੀਵਨ ਅਤੇ ਰੋਜ਼ੀ-ਰੋਟੀ ਦੇ ਵੱਡੇ ਨੁਕਸਾਨ ਰਾਹੀਂ ਡੂੰਘੇ ਮਾਨਸਿਕ ਜ਼ਖ਼ਮ ਦਿੰਦੀਆਂ ਹਨ, ਜਿਸ ਨਾਲ ਮਜ਼ਬੂਤ ਮਾਨਸਿਕ ਸਿਹਤ ਦੇਖਭਾਲ ਪ੍ਰਣਾਲੀ ਸਿਰਫ਼ ਇੱਕ ਸੇਵਾ ਨਹੀਂ, ਸਗੋਂ ਇੱਕ ਸੰਪੂਰਨ ਲੋੜ ਬਣ ਜਾਂਦੀ ਹੈ ਉਨ੍ਹਾਂ ਕਿਹਾ ਕਿ ਇਹ ਨੀਤੀ ਵਿਸ਼ੇਸ਼ ਤੌਰ 'ਤੇ ਅਜਿਹੇ ਸੰਕਟਕਾਲੀ ਸਮਿਆਂ ਵਿੱਚ ਸੂਬੇ ਦੀ ਸਥਿਤੀ ਨੂੰ ਮਜ਼ਬੂਤ ਕਰਨ ਲਈ ਤਿਆਰ ਕੀਤੀ ਗਈ ਹੈ। ਡਾ. ਬਲਬੀਰ ਸਿੰਘ ਨੇ ਕਿਹਾ ਕਿ ਰਾਜ ਮਾਨਸਿਕ ਸਿਹਤ ਨੀਤੀ ਸਮਾਨਤਾ, ਨਿਆਂ ਅਤੇ ਏਕੀਕ੍ਰਿਤ ਦੇਖਭਾਲ ਵਰਗੇ ਸਿਧਾਂਤਾਂ 'ਤੇ ਅਧਾਰਤ ਹੈ, ਜੋ ਰਾਜ ਵਿੱਚ ਸਿਖਲਾਈ ਪ੍ਰਾਪਤ ਮਾਨਸਿਕ ਸਿਹਤ ਪੇਸ਼ੇਵਰਾਂ ਦੀ ਗਿਣਤੀ ਨੂੰ ਵਧਾ ਕੇ ਮਾਨਸਿਕ ਸਿਹਤ ਸੇਵਾਵਾਂ ਦੀ ਸਮਰੱਥਾ ਨੂੰ ਵਧਾਏਗੀ। ਉਨ੍ਹਾਂ ਅੱਗੇ ਕਿਹਾ ਕਿ ਇਸ ਨੀਤੀ ਦਾ ਉਦੇਸ਼ ਖੁਦਕੁਸ਼ੀ ਦੇ ਜੋਖਮ ਵਰਗੇ ਅਤੇ ਹੋਰ ਸਬੰਧਤ ਮਾਮਲਿਆਂ ਨੂੰ ਘਟਾਉਣਾ ਅਤੇ ਮਾਨਸਿਕ ਸਿਹਤ ਸਮੱਸਿਆਵਾਂ ਵਾਲੇ ਵਿਅਕਤੀਆਂ ਨੂੰ ਸਮਾਜ ਨਾਲ ਜੋੜ ਕੇ ਰੱਖਣਾ ਹੈ।

# 'ਯੁੱਧ ਨਸ਼ਿਆਂ ਵਿਰੁੱਧ' ਦੇ 223ਵੇਂ ਦਿਨ ਪੰਜਾਬ ਪੁਲਿਸ ਵੱਲੋਂ 2.2 ਕਿਲੋ ਹੈਰੋਇਨ ਸਮੇਤ 75 ਨਸ਼ਾ ਤਸਕਰ ਕਾਬੂ

**ਚੰਡੀਗੜ੍ਹ, 14 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸੂਬੇ ਵਿੱਚੋਂ ਨਸ਼ਿਆਂ ਦੇ ਮੁਕੰਮਲ ਖਾਤਮੇ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ 'ਤੇ ਵਿੱਢੇ ਗਏ ਯੁੱਧ ਨਸ਼ਿਆਂ ਵਿਰੁੱਧ ਦੇ 223ਵੇਂ ਦਿਨ ਪੰਜਾਬ ਪੁਲਿਸ ਨੇ ਅੱਜ 374 ਥਾਵਾਂ 'ਤੇ ਛਾਪੇਮਾਰੀ ਕੀਤੀ, ਜਿਸ ਉਪਰੰਤ ਸੂਬੇ ਭਰ ਵਿੱਚ 50 ਐਫਆਈਆਰਜ਼ ਦਰਜ ਕਰਕੇ 75 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ। ਇਸ ਨਾਲ 223 ਦਿਨਾਂ ਵਿੱਚ ਗ੍ਰਿਫ਼ਤਾਰ ਕੀਤੇ ਗਏ ਕੁੱਲ ਨਸ਼ਾ ਤਸਕਰਾਂ ਦੀ ਗਿਣਤੀ 32,538 ਹੋ ਗਈ ਹੈ।

ਇਹਨਾਂ ਛਾਪਿਆਂ ਦੇ ਨਤੀਜੇ ਵਜੋਂ ਗ੍ਰਿਫ਼ਤਾਰ ਕੀਤੇ ਗਏ ਨਸ਼ਾ ਤਸਕਰਾਂ ਦੇ ਕਬਜ਼ੇ ਵਿੱਚੋਂ 2.2 ਕਿਲੋ ਹੈਰੋਇਨ, 215 ਨਸ਼ੀਲੀਆਂ ਗੋਲੀਆਂ/ਕੈਪਸੂਲ ਅਤੇ 7550 ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ ਗਈ ਹੈ।

ਜ਼ਿਕਰਯੋਗ ਹੈ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪੁਲਿਸ ਕਮਿਸ਼ਨਰਾਂ, ਡਿਪਟੀ ਕਮਿਸ਼ਨਰਾਂ ਅਤੇ ਐਸ.ਐਸ.ਪੀਜ਼ ਨੂੰ ਪੰਜਾਬ ਨੂੰ ਨਸ਼ਾ ਮੁਕਤ ਸੂਬਾ ਬਣਾਉਣ ਦੇ ਹੁਕਮ ਦਿੱਤੇ ਹਨ। ਪੰਜਾਬ ਸਰਕਾਰ ਵੱਲੋਂ ਨਸ਼ਿਆਂ ਵਿਰੁੱਧ ਜੰਗ ਦੀ ਨਿਗਰਾਨੀ ਲਈ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੀ ਅਗਵਾਈ ਹੇਠ 5 ਮੈਂਬਰੀ ਕੈਬਨਿਟ ਸਬ ਕਮੇਟੀ ਵੀ ਬਣਾਈ ਗਈ ਹੈ।

ਇਸ ਆਪ੍ਰੇਸ਼ਨ ਦੌਰਾਨ 72 ਗਜ਼ਟਿਡ ਅਧਿਕਾਰੀਆਂ ਦੀ ਨਿਗਰਾਨੀ ਹੇਠ 1000 ਤੋਂ ਵੱਧ ਪੁਲਿਸ ਕਰਮਚਾਰੀਆਂ ਵਾਲੀਆਂ 120 ਤੋਂ ਵੱਧ ਪੁਲਿਸ ਟੀਮਾਂ ਨੇ ਰਾਜ ਭਰ ਵਿੱਚ 374 ਥਾਵਾਂ 'ਤੇ ਛਾਪੇਮਾਰੀ ਕੀਤੀ ਹੈ।

ਉਨ੍ਹਾਂ ਅੱਗੇ ਦੱਸਿਆ ਕਿ ਦਿਨ ਭਰ ਚੱਲੇ ਇਸ ਆਪ੍ਰੇਸ਼ਨ ਦੌਰਾਨ ਪੁਲਿਸ ਟੀਮਾਂ ਨੇ 409 ਸ਼ੱਕੀ ਵਿਅਕਤੀਆਂ ਦੀ ਜਾਂਚ ਵੀ ਕੀਤੀ ਹੈ।

ਦੱਸਣਯੋਗ ਹੈ ਕਿ ਪੰਜਾਬ ਸਰਕਾਰ ਨੇ ਸੂਬੇ 'ਚੋਂ ਨਸ਼ਿਆਂ ਦੇ ਖਾਤਮੇ ਲਈ ਤਿੰਨ-ਪੱਖੀ ਰਣਨੀਤੀ - ਇਨਫੋਰਸਮੈਂਟ, ਡੀ-ਅਡਿਕਸ਼ਨ ਅਤੇ ਪ੍ਰੀਵੈਂਸ਼ਨ (ਈਡੀਪੀ) - ਲਾਗੂ ਕੀਤੀ ਗਈ ਹੈ ਅਤੇ ਪੰਜਾਬ ਪੁਲਿਸ ਨੇ ਇਸ ਰਣਨੀਤੀ ਦੇ ਹਿੱਸੇ ਵਜੋਂ ਅੱਜ 29 ਵਿਅਕਤੀਆਂ ਨੂੰ ਨਸ਼ਾ ਛੱਡਣ ਅਤੇ ਮੁੜ ਵਸੇਬੇ ਦਾ ਇਲਾਜ ਲੈਣ ਲਈ ਰਾਜ਼ੀ ਕੀਤਾ ਹੈ।

# ਪੈਸਕੋ ਨੇ ਮਨਾਇਆ 47ਵਾਂ ਸਥਾਪਨਾ ਦਿਵਸ; ਸਾਬਕਾ ਸੈਨਿਕਾਂ ਦੀ ਭਲਾਈ ਪ੍ਰਤੀ ਵਚਨਬੱਧਤਾ ਦੁਹਰਾਈ



**ਚੰਡੀਗੜ੍ਹ, 14 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਐਕਸ-ਸਰਵਿਸਮੈਨ ਕਾਰਪੋਰੇਸ਼ਨ (ਪੈਸਕੋ) ਨੇ ਅੱਜ ਆਪਣਾ 47ਵਾਂ ਸਥਾਪਨਾ ਦਿਵਸ ਚੰਡੀਗੜ੍ਹ ਵਿਖੇ ਸ਼ਾਨਦਾਰ ਢੰਗ ਨਾਲ ਮਨਾਇਆ। ਇਸ ਮੌਕੇ ਸੀਨੀਅਰ ਅਧਿਕਾਰੀ, ਕਰਮਚਾਰੀ ਵਿਸ਼ੇਸ਼ ਤੌਰ ਤੇ ਹਾਜ਼ਰ ਸਨ।

ਪੈਸਕੋ ਸਾਬਕਾ ਸੈਨਿਕਾਂ ਨੂੰ ਪੰਜਾਬ ਭਰ ਵਿੱਚ ਰੁਜ਼ਗਾਰ ਮੁਹਈਆ ਕਰਵਾਉਣ ਲਈ ਮਹੱਤਵਪੂਰਨ ਭੂਮਿਕਾ ਨਿਭਾ ਰਿਹਾ ਹੈ।

ਸਮਾਗਮ ਨੂੰ ਸੰਬੋਧਨ ਕਰਦਿਆਂ ਪੈਸਕੋ ਦੇ ਪ੍ਰਬੰਧਕ ਨਿਰਦੇਸ਼ਕ, ਮੇਜਰ ਜਨਰਲ ਹਰਮਨਦੀਪ ਸਿੰਘ (ਰਿ.), ਨੇ ਅਦਾਰੇ ਦੇ ਸਾਰੇ ਅਧਿਕਾਰੀਆਂ ਅਤੇ ਕਰਮਚਾਰੀਆਂ ਦੀ ਕੰਮ ਪ੍ਰਤੀ ਦ੍ਰਿੜਤਾ ਤੇ ਅਨੁਸ਼ਾਸਨ ਦੀ ਸ਼ਲਾਘਾ ਕੀਤੀ।

# ਰਾਸ਼ਟਰੀ ਪ੍ਰਸਿੱਧ ਭੋਜਨ ਵਿਗਿਆਨੀ ਤੇ ਪੰਜਾਬੀ ਲੇਖਕ ਡਾ. ਫਕੀਰ ਚੰਦ ਸ਼ੁਕਲਾ ਨੂੰ ਅੰਤਿਮ ਵਿਦਾਇਗੀ

**ਲੁਧਿਆਣਾ, 14 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਭੋਜਨ ਤਕਨਾਲੋਜੀ ਵਿਭਾਗ ਦੇ ਸੇਵਾਮੁਕਤ ਪ੍ਰੋਫੈਸਰ, ਪ੍ਰਸਿੱਧ ਵਿਗਿਆਨ ਲੇਖਕ ਤੇ ਉੱਘੇ ਪੰਜਾਬੀ ਸਾਹਿਤਕਾਰ ਡਾ. ਫ਼ਕੀਰ ਚੰਦ ਸ਼ੁਕਲਾ ਦਾ ਦੇਹਾਂਤ ਹੋ ਗਿਆ। ਉਹ 81 ਸਾਲ ਦੇ ਸਨ। ਅੰਤਿਮ ਸੰਸਕਾਰ ਮੌਕੇ ਪੰਜਾਬੀ ਸਾਹਿਤ ਅਕਾਡਮੀ, ਸ਼੍ਰੋਮਣੀ ਲਿਖਾਰੀ ਬੋਰਡ, ਪੰਜਾਬੀ ਲੋਕ ਵਿਰਾਸਤ ਅਕਾਡਮੀ ਤੇ ਹੋਰ ਕਈ ਸਾਹਿਤਕ ਤੇ ਵਿਗਿਆਨਕ ਸੰਸਥਾਵਾਂ ਵੱਲੋਂ ਫੁੱਲ ਮਾਲਾਵਾਂ ਤੇ ਦੋਸ਼ਾਲੇ ਭੇਂਟ ਕਰਕੇ ਉਨ੍ਹਾਂ ਨੂੰ ਸਨਮਾਨਿਤ ਤਰੀਕੇ ਨਾਲ ਵਿਦਾ ਕੀਤਾ ਗਿਆ।

ਡਾ. ਸ਼ੁਕਲਾ ਨੇ ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਵਿੱਚ ਭੋਜਨ, ਪੋਸ਼ਣ ਤੇ ਬਾਲ ਸਾਹਿਤ 'ਤੇ 30 ਤੋਂ ਵੱਧ ਕਿਤਾਬਾਂ ਅਤੇ 400 ਤੋਂ ਵੱਧ ਲੇਖ ਲਿਖੇ।

ਉਨ੍ਹਾਂ ਦੀਆਂ ਰਚਨਾਵਾਂ ਕਈ ਭਾਰਤੀ ਭਾਸ਼ਾਵਾਂ ਵਿੱਚ ਤਰਜਮਾ ਹੋ ਕੇ ਪ੍ਰਕਾਸ਼ਿਤ ਹੋਈਆਂ।

ਡਾ. ਗੁਰਭਜਨ ਸਿੰਘ ਗਿੱਲ, ਡਾ. ਗੁਰਚਰਨ ਕੌਰ ਕੋਚਰ ਤੇ ਪ੍ਰਭ ਕਿਰਨ ਸਿੰਘ ਤੂਫ਼ਾਨ ਸਮੇਤ ਕਈ ਸਾਹਿਤਕ ਹਸਤੀਆਂ ਨੇ ਉਨ੍ਹਾਂ ਦੇ ਯੋਗਦਾਨ ਨੂੰ ਯਾਦ ਕਰਦੇ ਹੋਏ ਕਿਹਾ ਕਿ ਡਾ. ਸ਼ੁਕਲਾ ਵਿਗਿਆਨ ਤੇ ਸਾਹਿਤ ਦੋਵੇਂ ਖੇਤਰਾਂ ਵਿੱਚ ਪ੍ਰੇਰਣਾ ਦੇ ਸਰੋਤ ਰਹੇ ਹਨ।

ਉਨ੍ਹਾਂ ਦੇ ਅੰਤਿਮ ਸੰਸਕਾਰ ਮੌਕੇ ਵੱਡੀ ਗਿਣਤੀ ਵਿੱਚ ਵਿਗਿਆਨੀ, ਲੇਖਕ ਤੇ ਸ਼ੁਭਚਿੰਤਕ ਮੌਜੂਦ ਸਨ।

# ਬਲਾਕ ਪੱਧਰੀ ਦੁੱਧ ਚੁਆਈ ਮੁਕਾਬਲੇ ਸ਼ੁਰੂ : ਡਿਪਟੀ ਡਾਇਰੈਕਟਰ

**ਸੰਗਰੂਰ, 14 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਸੰਗਰੂਰ ਵਿੱਚ ਗਊਆਂ, ਮੱਝਾਂ ਅਤੇ ਬੱਕਰੀਆਂ ਦੇ ਬਲਾਕ ਪੱਧਰੀ ਦੁੱਧ ਚੁਆਈ ਮੁਕਾਬਲੇ ਮਿਤੀ 14 ਅਕਤੂਬਰ 2025 ਤੋਂ ਸ਼ੁਰੂ ਹੋ ਗਏ ਹਨ ਇਸ ਸੰਬੰਧੀ ਜਾਣਕਾਰੀ ਸਾਂਝੀ ਕਰਦਿਆਂ ਡਾ ਸੁਖਵਿੰਦਰ ਸਿੰਘ ਡਿਪਟੀ ਡਾਇਰੈਕਟਰ ਪਸ਼ੂ ਪਾਲਣ ਸੰਗਰੂਰ ਨੇ ਦੱਸਿਆ ਕਿ ਸਰਦਾਰ ਗੁਰਮੀਤ ਸਿੰਘ ਖੁੱਡੀਆਂ ਕੈਬਿਨੇਟ ਮੰਤਰੀ ਪਸ਼ੂ ਪਾਲਣ ਅਤੇ ਸ਼੍ਰੀ ਰਾਹੁਲ ਭੰਡਾਰੀ ਜੀ ਪ੍ਰਮੁੱਖ ਸਕੱਤਰ ਪਸ਼ੂ ਪਾਲਣ ਵਿਭਾਗ ਦੀਆਂ ਹਦਾਇਤਾਂ ਮੁਤਾਬਿਕ ਹਰ ਮਹੀਨੇ ਦੇ ਦੂਜੇ ਸੋਮਵਾਰ ਪਸ਼ੂ ਪਾਲਕ ਦੇ ਘਰ ਜਾਂ ਫਾਰਮ ਤੇ ਇਹ ਚੁਆਈ ਪਾਰਦਰਸ਼ੀ ਤਰੀਕੇ ਨਾਲ ਹੋਵੇਗੀ ਇਸ ਮੁਕਾਬਲੇ ਵਿੱਚ ਐਚ ਐਫ ਗਊਆਂ ਅਤੇ ਕ੍ਰਾਸ 30 ਕਿੱਲੋ ਤੋਂ ਵੱਧ, ਮੁਰਾਹ ਮੱਝਾਂ 16 ਕਿੱਲੋ, ਨੀਲੀ ਰਾਵੀ 14 ਕਿੱਲੋ,ਸਾਹੀਵਾਲ ਅਤੇ ਹੋਰ ਦੇਸੀ ਨਸਲ 12 ਕਿੱਲੋ, ਜਰਸੀ ਅਤੇ ਕ੍ਰਾਸ 16 ਕਿੱਲੋ, ਬੱਕਰੀ ਢਾਈ ਕਿੱਲੋ ਇਸ ਮੁਕਾਬਲੇ ਲਈ ਯੋਗ ਹੋਣਗੀਆਂ ਬਲਾਕ ਵਿੱਚੋ ਪਹਿਲੇ ਨੰਬਰ ਤੇ ਆਉਣ ਵਾਲੀ ਮੱਝ ਗਾਂ ਨੂੰ 2000 ਰੁਪਏ ਪਹਿਲਾ ਇਨਾਮ, ਦੂਜੇ ਇਨਾਮ ਲਈ 1500 ਅਤੇ ਤੀਜੇ ਲਈ 1000 ਰੁਪਏ ਇਨਾਮ ਵਜੋਂ ਦਿੱਤੇ ਜਾਣਗੇ ਇਸੇ ਤਰਾਂ ਬੱਕਰੀਆਂ ਲਈ ਪਹਿਲਾ ਇਨਾਮ 1500 ਰੁਪਏ, ਦੂਜਾ ਇਨਾਮ 1000 ਰੁਪਏ, ਤੀਜਾ ਇਨਾਮ 500 ਰੁਪਏ ਮਾਣ ਵਜੋਂ ਦਿੱਤੇ ਜਾਣਗੇ ਇਹ ਮੁਕਾਬਲੇ ਹਰ ਮਹੀਨੇ ਦੇ ਦੂਜੇ ਸੋਮਵਾਰ ਲਗਾਤਾਰ ਕਰਵਾਏ ਜਾਣਗੇ ਇੱਕ ਵਾਰ ਦਾ ਇਨਾਮ ਜੇਤੂ ਉਸੇ ਸੂਏ ਵਿੱਚ ਦੋਬਾਰਾ ਭਾਗ ਨਹੀਂ ਲਵੇਗਾ ਭਾਗ ਲੈਣ ਲਈ ਵਿਭਾਗ ਦਾ ਟੈਗ ਪਸ਼ੂ ਦੇ ਕੰਨ ਵਿੱਚ ਲਗਵਾਉਣਾ ਜਰੂਰੀ ਹੈ ਮੁਕਾਬਲੇ ਵਿੱਚ ਭਾਗ ਲੈਣ ਵਾਲੇ ਸਾਰੇ ਪਸ਼ੂਆਂ ਨੂੰ ਕੌਮੀ ਪੋਰਟਲ ਤੇ ਰਜਿਸਟਰ ਕੀਤਾ ਜਾਵੇਗਾ। ਇਸ ਨਾਲ ਪਸ਼ੂ ਪਾਲਕ ਦਾ ਨਾਮ ਕੌਮੀ ਪੱਧਰ ਤੇ ਜਾਵੇਗਾ ਉਹਨਾਂ ਇਸ ਮੌਕੇ ਜਿਲ੍ਹਾ ਭਰ ਦੇ ਵੱਧ ਤੋਂ ਵੱਧ ਪਸ਼ੂ ਪਾਲਕਾਂ ਭਾਗ ਲੈਣ ਲਈ ਨੇੜੇ ਦੇ ਪਸ਼ੂ ਹਸਪਤਾਲ ਨਾਲ ਸੰਪਰਕ ਕੀਤਾ ਜਾਵੇ।

# ਨਹਿਰੂ ਦੀ ਭਾਰਤ ਨੂੰ ਦੇਣ ਵਿਸ਼ੇ 'ਤੇ 14 ਨਵੰਬਰ ਨੂੰ ਹੋਵੇਗੀ ਵਿਸ਼ੇਸ਼ ਵਿਚਾਰ ਗੋਸ਼ਟੀ : ਬਾਵਾ



**ਲੁਧਿਆਣਾ, 14 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਆਧੁਨਿਕ ਭਾਰਤ ਦੇ ਨਿਰਮਾਤਾ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਦੀ ਭਾਰਤ ਨੂੰ ਦੇਣ ਵਿਸ਼ੇ 'ਤੇ ਹੋਵੇਗੀ ਵਿਸ਼ੇਸ਼ ਵਿਚਾਰ ਗੋਸ਼ਟੀ। ਇਹ ਜਾਣਕਾਰੀ ਦੇਸ਼ ਭਗਤ ਯਾਦਗਾਰੀ ਸੁਸਾਇਟੀ ਪੰਜਾਬ ਦੇ ਪ੍ਰਧਾਨ ਕ੍ਰਿਸ਼ਨ ਕੁਮਾਰ ਬਾਵਾ ਜੋ ਕੁਲ ਹਿੰਦ ਕਾਂਗਰਸ ਦੇ (ਓ.ਬੀ.ਸੀ) ਵਿਭਾਗ ਦੇ ਕੋਆਰਡੀਨੇਟਰ ਇੰਚਾਰਜ ਹਿਮਾਚਲ ਪ੍ਰਦੇਸ਼ ਹਨ, ਨੇ ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਦਿੱਤੀ। ਉਨ੍ਹਾਂ ਕਿਹਾ ਕਿ ਇਸ ਵਿਚਾਰ ਗੋਸ਼ਟੀ ਸਮਾਗਮ ਦਾ ਆਯੋਜਨ ਲੁਧਿਆਣਾ ਦੇ ਦੱਖਣੀ ਹਲਕੇ ਵਿੱਚ ਕੀਤਾ ਜਾਵੇਗਾ।

ਸ੍ਰੀ ਬਾਵਾ ਨੇ ਕਿਹਾ ਕਿ ਪੰਡਿਤ ਜਵਾਹਰ ਲਾਲ ਨਹਿਰੂ ਦੀ ਹੀ ਦੇਣ ਹੈ ਜੋ ਭਾਖੜਾ ਡੈਮ ਬਣਿਆ, ਬਿਜਲੀ ਆਈ, ਇੰਡਸਟਰੀ ਖੇਤੀ ਪ੍ਰਫੁੱਲਿਤ ਹੋਈ, ਘਰਾਂ ਵਿੱਚ ਲਾਟੂ ਜਗਮਗਾਏ ਅਤੇ ਉਨਾਂ ਦੀ ਹੀ ਦੇਣ ਹੈ ਖੇਤੀਬਾੜੀ ਯੂਨੀਵਰਸਟੀ ਲੁਧਿਆਣਾ ਜੋ ਕਣਕ ਇੱਕ ਏਕੜ ਵਿੱਚੋਂ 1960-62 ਵਿੱਚ ਤਿੰਨ ਕੁਇੰਟਲ ਹੁੰਦੀ ਸੀ ਉਸ ਦੀ ਪੈਦਾਵਾਰ ਨਵੇਂ ਬੀਜ ਆਉਣ ਨਾਲ 25 ਕੁਇੰਟਲ ਪ੍ਰਤੀ ਏਕੜ ਤੱਕ ਪੁੱਜੀ। ਸਭ ਨਹਿਰੂ ਜੀ ਦੀ ਅਗਾਹ ਵਧੂ ਸੋਚ ਦਾ ਨਤੀਜਾ ਹੈ।

ਬਾਵਾ ਨੇ ਕਿਹਾ ਕਿ ਉਹਨਾਂ ਕਾਂਗਰਸ ਪ੍ਰਧਾਨ ਅਤੇ ਰਾਹੁਲ ਗਾਂਧੀ ਨੂੰ ਪੱਤਰ ਲਿਖ ਕੇ ਮੰਗ ਕੀਤੀ ਹੈ ਕਿ 2026 ਦਾ ਸਾਲ ਨਹਿਰੂ ਦੇ ਨਾਮ ਕਰਦੇ ਹੋਏ ਉਹਨਾਂ ਦੀ ਆਧੁਨਿਕ ਭਾਰਤ ਨੂੰ ਦੇਣ ਦੇ ਵਿਸ਼ੇ 'ਤੇ ਸਮਾਗਮ ਆਯੋਜਿਤ ਕੀਤੇ ਜਾਣ।

ਉਹਨਾਂ ਦੀਆਂ ਪੁਸਤਕਾਂ ਡਿਸਕਵਰੀ ਆਫ ਇੰਡੀਆ (Discovery of India), ਐਨ ਆਟੋਬਾਇਓਗਰਾਫੀ (An Autobiography), ਲੈਟਰਸ ਫਰੌਮ ਏ ਫਾਦਰ ਟੂ ਹਿਜ਼ ਡੌਟਰ (Letters from a Father to His Daughter) ਜੋ ਜੇਲ ਤੋਂ ਨਹਿਰੂ ਜੀ ਨੇ ਇੰਦਰਾ ਗਾਂਧੀ ਦੇ ਨਾਮ ਚਿੱਠੀਆਂ ਲਿਖੀਆਂ ਸਨ, ਇਸ ਦਾ ਤਰਜਮਾ ਕਰਵਾ ਕੇ ਹੇਠਲੇ ਪੱਧਰ ਤੱਕ ਪੁਸਤਕਾਂ ਪਹੁੰਚਾਈਆਂ ਜਾਣ।

# ਅਟਾਰੀ-ਵਾਹਗਾ ਵਪਾਰਕ ਲਾਂਘਾ ਮੁੜ ਖੋਲ੍ਹਿਆ ਜਾਵੇ: ਮੁਤੱਕੀ




**ਨਵੀਂ ਦਿੱਲੀ, 14 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਅਫ਼ਗਾਨਿਸਤਾਨ ਦੇ ਵਿਦੇਸ਼ ਮੰਤਰੀ ਆਮਿਰ ਖਾਨ ਮੁਤੱਕੀ ਨੇ ਅਟਾਰੀ-ਵਾਹਗਾ ਵਪਾਰਕ ਲਾਂਘਾ ਮੁੜ ਤੋਂ ਖੋਲ੍ਹਣ ਦੀ ਮੰਗ ਕਰਦਿਆਂ ਭਾਰਤ ਨੂੰ ਭਰੋਸਾ ਦਿੱਤਾ ਕਿ ਉਨ੍ਹਾਂ ਦਾ ਮੁਲਕ ਸਾਰੇ 'ਭਾਰਤ ਵਿਰੋਧੀ' ਅਤਿਵਾਦੀ ਸਮੂਹਾਂ ਤੋਂ ਮੁਕਤ ਹੋ ਚੁੱਕਾ ਹੈ। ਇੱਥੇ ਸਥਿਤ ਅਫਗਾਨ ਅੰਬੈਸੀ 'ਚ ਮੀਡੀਆ ਨੂੰ ਸੰਬੋਧਨ ਕਰਦਿਆਂ ਮੁਤੱਕੀ ਨੇ ਇਹ ਵੀ ਕਿਹਾ ਕਿ ਕਾਬੁਲ ਜਲਦੀ ਹੀ ਨਵੀਂ ਦਿੱਲੀ 'ਚ ਆਪਣੇ ਰਾਜਦੂਤ ਨਿਯੁਕਤ ਕਰੇਗਾ। ਵਪਾਰ ਦੇ ਮੁੱਦੇ 'ਤੇ ਉਨ੍ਹਾਂ ਕਿਹਾ, 'ਵਾਹਗਾ ਸਾਡੇ ਨੇੜੇ ਹੈ, ਕਿਰਪਾ ਕਰਕੇ ਇਸ ਨੂੰ ਖੋਲ੍ਹ ਦਿਓ। ਇਹ ਭਾਰਤ ਪਹੁੰਚਣ ਦਾ ਸਭ ਤੋਂ ਛੋਟਾ ਤੇ ਕਿਫਾਇਤੀ ਰਾਹ ਹੈ।' ਇਸ ਤੋਂ ਪਹਿਲਾਂ ਉਨ੍ਹਾਂ ਆਪਣੇ ਭਾਰਤੀ ਹਮਰੁਤਬਾ ਐੱਸ ਜੈਸ਼ੰਕਰ ਨਾਲ ਗੱਲਬਾਤ ਦੌਰਾਨ ਖੇਤਰੀ ਸ਼ਾਂਤੀ ਤੇ ਸਹਿਯੋਗ ਪ੍ਰਤੀ ਅਫ਼ਗਾਨਿਸਤਾਨ ਦੀ ਵਚਨਬੱਧਤਾ ਦੁਹਰਾਉਂਦਿਆਂ ਕਿਹਾ ਕਿ ਉਨ੍ਹਾਂ ਦਾ ਮੁਲਕ ਕਿਸੇ ਵੀ ਤਾਕਤ ਨੂੰ ਆਪਣੀ ਧਰਤੀ ਤੋਂ ਦੂਜਿਆਂ ਨੂੰ ਧਮਕਾਉਣ ਜਾਂ ਕਿਸੇ ਵੀ ਮੁਲਕ ਖ਼ਿਲਾਫ਼ ਇਸ ਦੀ ਵਰਤੋਂ ਦੀ ਇਜਾਜ਼ਤ ਨਹੀਂ ਦੇਵੇਗਾ। ਮੁਤੱਕੀ ਨੇ ਹੈਦਰਾਬਾਦ ਹਾਊਸ 'ਚ ਦੁਵੱਲੀ ਮੀਟਿੰਗ ਦੌਰਾਨ ਕਿਹਾ ਕਿ ਅਫ਼ਗਾਨਿਸਤਾਨ ਨੇ ਕਦੀ ਵੀ ਭਾਰਤ ਖ਼ਿਲਾਫ਼ ਬਿਆਨਬਾਜ਼ੀ ਨਹੀਂ ਕੀਤੀ ਹੈ ਅਤੇ ਹਮੇਸ਼ਾ ਭਾਰਤ ਨਾਲ ਚੰਗੇ ਸਬੰਧਾਂ ਨੂੰ ਮਹੱਤਵ ਦਿੱਤਾ ਹੈ। ਉਨ੍ਹਾਂ ਕਿਹਾ ਕਿ ਅਫ਼ਗਾਨਿਸਤਾਨ ਆਪਸੀ ਸਨਮਾਨ, ਵਪਾਰ ਤੇ ਲੋਕਾਂ ਵਿਚਾਲੇ ਆਪਸੀ ਸਬੰਧਾਂ 'ਤੇ ਆਧਾਰਿਤ ਰਿਸ਼ਤੇ ਚਾਹੁੰਦਾ ਹੈ। ਉਨ੍ਹਾਂ ਕਿਹਾ, 'ਅਫ਼ਗਾਨਿਸਤਾਨ ਕਦੀ ਵੀ ਕਿਸੇ ਨੂੰ ਆਪਣੀ ਜ਼ਮੀਨ ਦੀ ਵਰਤੋਂ ਦੂਜਿਆਂ ਖ਼ਿਲਾਫ਼ ਕਰਨ ਦੀ ਇਜਾਜ਼ਤ ਨਹੀਂ ਦੇਵੇਗਾ।' ਮੁਤੱਕੀ ਨੇ ਇਹ ਵੀ ਸਪੱਸ਼ਟ ਕੀਤਾ ਕਿ ਅਫ਼ਗਾਨਿਸਤਾਨ ਕਿਸੇ ਵੀ ਵਿਦੇਸ਼ੀ ਸੈਨਾ ਨੂੰ ਬਗਰਾਮ ਬੇਸ ਦੀ ਵਰਤੋਂ ਕਰਨ ਦੀ ਇਜਾਜ਼ਤ ਨਹੀਂ ਦੇਵੇਗਾ।

ਭਾਰਤ ਨੇ ਕਾਬੁਲ ਸਥਿਤ ਆਪਣੇ ਤਕਨੀਕੀ ਮਿਸ਼ਨ ਨੂੰ ਦੂਤਘਰ ਦਾ ਦਰਜਾ ਦੇਣ ਦਾ ਐਲਾਨ ਕਰਦਿਆਂ ਅਫ਼ਗਾਨਿਸਤਾਨ 'ਚ ਆਪਣੇ ਵਿਕਾਸ ਕਾਰਜ ਮੁੜ ਤੋਂ ਸ਼ੁਰੂ ਕਰਨ ਦਾ ਅਹਿਦ ਲਿਆ ਹੈ। ਵਿਦੇਸ਼ ਮੰਤਰੀ ਐੱਸ ਜੈਸ਼ੰਕਰ ਨੇ ਨਵੀਂ ਦਿੱਲੀ ਦੀਆਂ ਸੁਰੱਖਿਆ ਚਿੰਤਾਵਾਂ ਪ੍ਰਤੀ ਸੰਵੇਦਨਸ਼ੀਲਤਾ ਦਿਖਾਉਣ ਲਈ ਤਾਲਿਬਾਨ ਦੀ ਸ਼ਲਾਘਾ ਵੀ ਕੀਤੀ। ਜੈਸ਼ੰਕਰ ਨੇ ਅਫ਼ਗਾਨਿਸਤਾਨ ਦੇ ਵਿਦੇਸ਼ ਮੰਤਰੀ ਆਮਿਰ ਖ਼ਾਨ ਮੁਤੱਕੀ ਨਾਲ ਆਪਣੀ ਵਿਆਪਕ ਵਾਰਤਾ ਦੌਰਾਨ ਇਹ ਦੋ ਐਲਾਨ ਕੀਤੇ ਜੋ ਬੀਤੇ ਦਿਨ ਛੇ ਰੋਜ਼ਾ ਯਾਤਰਾ 'ਤੇ ਦਿੱਲੀ ਪਹੁੰਚੇ ਹਨ।

# ਮੁੱਖ ਮੰਤਰੀ ਵੱਲੋਂ ਹੜ੍ਹ ਪੀੜਤਾਂ ਲਈ ਮੁਆਵਜ਼ਾ ਰਾਸ਼ੀ ਜਾਰੀ



**ਅੰਮ੍ਰਿਤਸਰ, 14 ਅਕਤੂਬਰ -ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਵਿੱਚ ਆਏ ਹੜ੍ਹਾਂ ਦੇ ਨਾਲ ਹੋਏ ਨੁਕਸਾਨ ਦਾ ਪੀੜਤਾਂ ਨੂੰ ਮੁਆਵਜ਼ਾ ਦੇਣ ਦਾ ਕੰਮ ਅੱਜ ਸਰਕਾਰ ਵੱਲੋਂ ਮਾਝੇ ਦੇ ਅਜਨਾਲਾ ਹਲਕੇ ਤੋਂ ਸ਼ੁਰੂ ਕੀਤਾ ਗਿਆ ਹੈ। ਇੱਥੇ 52 ਪਿੰਡਾਂ ਦੇ ਲੋਕਾਂ ਨੂੰ ਪੰਜ ਕਰੋੜ 70 ਲੱਖ ਰੁਪਏ ਦਾ ਮੁਆਵਜ਼ਾ ਵੰਡਿਆ ਗਿਆ ਹੈ, ਜਿਸ ਵਿੱਚ ਘਰਾਂ, ਫਸਲਾਂ ਅਤੇ ਜਾਨਵਰਾਂ ਦੇ ਹੋਏ ਨੁਕਸਾਨ ਦਾ ਮੁਆਵਜ਼ਾ ਸ਼ਾਮਿਲ ਹੈ।

ਇੱਥੇ ਭਲਾ ਪਿੰਡ ਨੇੜੇ ਸ਼ੂਗਰ ਮਿਲ ਵਿੱਚ ਕੀਤੇ ਗਏ ਇੱਕ ਸਮਾਗਮ ਦੌਰਾਨ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅਜਨਾਲਾ ਹਲਕੇ ਦੇ ਲਗਭਗ 52 ਪਿੰਡਾਂ ਦੇ ਪ੍ਰਭਾਵਿਤ ਲੋਕਾਂ ਨੂੰ ਮੁਆਵਜੇ ਦੇ ਚੈੱਕ ਸੌਂਪੇ ਹਨ। ਉਨ੍ਹਾਂ ਆਪਣੇ ਸੰਬੋਧਨ ਦੌਰਾਨ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਨੁਕਸਾਨੀਆਂ ਗਈਆਂ ਫਸਲਾਂ ਲਈ 20 ਹਜ਼ਾਰ ਰੁਪਏ ਪ੍ਰਤੀ ਏਕੜ ਦੇ ਚੈੱਕ ਦਿੱਤੇ ਗਏ ਹਨ।

ਇਹ ਮੁਆਵਜ਼ਾ ਰਾਸ਼ੀ ਪ੍ਰਭਾਵਿਤ ਲੋਕਾਂ ਦੇ ਖਾਤਿਆਂ ਵਿੱਚ ਸਿੱਧੀ ਤਬਦੀਲ ਕਰ ਦਿੱਤੀ ਗਈ ਹੈ ਅਤੇ ਵਧੇਰੇ ਲੋਕਾਂ ਨੂੰ ਦੀਵਾਲੀ ਤੋਂ ਪਹਿਲਾਂ ਇਹ ਮੁਆਵਜ਼ਾ ਰਕਮ ਮਿਲੀ ਗਈ ਹੈ।

ਉਨ੍ਹਾਂ ਦੱਸਿਆ ਕਿ ਹੁਣ ਤੱਕ ਨੁਕਸਾਨ ਦੇ ਕੀਤੇ ਗਏ ਮੁਲਾਂਕਨ ਤੋਂ ਬਾਅਦ ਸਾਹਮਣੇ ਆਇਆ ਹੈ ਕਿ ਲਗਪਗ 14 ਹਜਾਰ ਕਰੋੜ ਰੁਪਏ ਦਾ ਨੁਕਸਾਨ ਹੋਇਆ ਹੈ ਅਤੇ ਇਹ ਨੁਕਸਾਨ ਦੇ ਵੇਰਵੇ ਕੇਂਦਰ ਸਰਕਾਰ ਨੂੰ ਢੁਕਵਾਂ ਮੁਆਵਜ਼ਾ ਦੇਣ ਲਈ ਭੇਜੇ ਗਏ ਹਨ।

ਉਨ੍ਹਾਂ ਦੱਸਿਆ ਕਿ ਅਜਨਾਲਾ ਹਲਕੇ ਵਿੱਚ ਲਗਪਗ ਪੰਜ ਕਰੋੜ 70 ਲੱਖ ਰੁਪਏ ਦਾ ਮੁਆਵਜ਼ਾ ਵੰਡਿਆ ਜਾ ਰਿਹਾ ਹੈ। ਜਿਸ ਵਿੱਚ 3 ਕਰੋੜ 84 ਲੱਖ ਰੁਪਏ ਘਰਾਂ ਦੇ ਨੁਕਸਾਨ ਲਈ 1.16 ਕਰੋੜ ਰੁਪਏ ਫਸਲਾਂ ਦੇ ਨੁਕਸਾਨ ਲਈ ਅਤੇ ਲਗਪਗ 73 ਲੱਖ ਰੁਪਏ ਤੋਂ ਵੱਧ ਜਾਨਵਰਾਂ ਦੇ ਨੁਕਸਾਨ ਦਾ ਮੁਆਵਜ਼ਾ ਸ਼ਾਮਿਲ ਹੈ। ਮੁੱਖ ਮੰਤਰੀ ਨੇ ਇੱਕ ਹੋਰ ਖੁਲਾਸਾ ਕੀਤਾ ਹੈ ਕਿ, "ਸਿੱਧੇ ਤੌਰ 'ਤੇ ਜ਼ਮੀਨਾਂ 'ਤੇ ਕਾਸ਼ਤ ਕਰਨ ਵਾਲੇ ਵਿਅਕਤੀ ਹੀ ਮੁਆਵਜ਼ਾ ਲੈ ਸਕਣਗੇ, ਨਾ ਕਿ ਜਮੀਨਾਂ ਨੂੰ ਠੇਕੇ ਤੇ ਦੇਣ ਵਾਲੇ ਵਿਅਕਤੀ।"

ਮੁੱਖ ਮੰਤਰੀ ਨੇ ਦੱਸਿਆ ਕਿ ਕੱਲ੍ਹ ਤੋਂ ਸੂਬੇ ਦੇ ਹੋਰ ਪ੍ਰਭਾਵਿਤ ਜਿਲ੍ਹਿਆਂ ਵਿੱਚ ਵੀ ਪੀੜਿਤ ਲੋਕਾਂ ਨੂੰ ਮੁਆਵਜ਼ਾ ਵੰਡਣ ਦਾ ਕੰਮ ਸ਼ੁਰੂ ਹੋ ਜਾਵੇਗਾ।

# ਤਰਨ ਤਾਰਨ ਚੋਣ : ਚੋਣ ਕਮਿਸ਼ਨ ਕੋਲ ਦੋ ਡੀਐੱਸਪੀਜ਼ ਦੀ ਸ਼ਿਕਾਇਤ

**ਚੰਡੀਗੜ੍ਹ, 14 ਅਕਤੂਬਰ -ਕੌਮੀ ਪੱਤ੍ਰਿਕਾ ਬਿਊਰੋ-**

ਸ਼੍ਰੋਮਣੀ ਅਕਾਲੀ ਦਲ ਦੀ ਕਾਨੂੰਨੀ ਟੀਮ ਨੇ ਤਰਨ ਤਾਰਨ ਦੀ ਉਪ ਚੋਣ 'ਚ ਸਰਕਾਰੀ ਮਸ਼ੀਨਰੀ ਦੀ ਦੁਰਵਰਤੋਂ ਨੂੰ ਲੈ ਕੇ ਅੱਜ ਮੁੱਖ ਚੋਣ ਕਮਿਸ਼ਨਰ ਕੋਲ ਸ਼ਿਕਾਇਤ ਦਰਜ ਕਰਾਈ ਹੈ। ਲਿਖਤੀ ਸ਼ਿਕਾਇਤ ਮਗਰੋਂ ਐਡਵੋਕੇਟ ਅਰਸ਼ਦੀਪ ਸਿੰਘ ਕਲੇਰ ਨੇ ਦੱਸਿਆ ਕਿ ਸ਼੍ਰੋਮਣੀ ਅਕਾਲੀ ਦਲ ਨੇ ਤਰਨ ਤਾਰਨ 'ਚ ਤਾਇਨਾਤ ਡੀਐੱਸਪੀ ਜਗਜੀਤ ਸਿੰਘ ਅਤੇ ਡੀਐੱਸਪੀ ਸੁਖਬੀਰ ਸਿੰਘ ਖ਼ਿਲਾਫ਼ ਸ਼ਿਕਾਇਤ ਕੀਤੀ ਹੈ ਕਿਉਂਕਿ ਇਹ ਪੁਲੀਸ ਅਧਿਕਾਰੀ 'ਆਪ' ਉਮੀਦਵਾਰ ਹਰਮੀਤ ਸਿੰਘ ਸੰਧੂ ਦੇ ਖ਼ਾਸ ਹਨ ਅਤੇ ਇਹ ਡੀਐੱਸਪੀਜ਼ ਲੋਕਾਂ ਨੂੰ ਡਰਾ ਧਮਕਾ ਰਹੇ ਹਨ।

ਉਨ੍ਹਾਂ ਦਾਅਵਾ ਕੀਤਾ ਕਿ ਤਰਨ ਤਾਰਨ ਦੀ ਉਪ ਚੋਣ 'ਚ ਆਮ ਆਦਮੀ ਪਾਰਟੀ ਨੂੰ ਆਪਣੀ ਹਾਰ ਨਜ਼ਰ ਆਉਣ




ਲੱਗੀ ਹੈ ਜਿਸ ਕਰਕੇ 'ਆਪ' ਹੁਣ ਘਟੀਆ ਹੱਥਕੰਡੇ ਵਰਤਣ ਲੱਗੀ ਹੈ। ਉਨ੍ਹਾਂ ਕਿਹਾ ਕਿ ਮੁਢਲੇ ਪੜਾਅ 'ਤੇ ਹੀ ਉਪ ਚੋਣ 'ਚ ਸਰਕਾਰੀ ਮਸ਼ੀਨਰੀ ਦੀ ਦੁਰਵਰਤੋਂ ਪਿੱਛੇ 'ਆਪ' ਦਾ ਡਰ ਸਾਫ਼ ਨਜ਼ਰ ਆ ਰਿਹਾ ਹੈ।

ਉਨ੍ਹਾਂ ਕਿਹਾ ਕਿ ਸੱਤਾ ਦੀ ਦੁਰਵਰਤੋਂ ਕਰਕੇ ਚੋਣ ਜਿੱਤਣ ਦੇ ਸੁਪਨੇ ਸਾਕਾਰ ਨਹੀਂ ਹੋਣਗੇ। ਉਨ੍ਹਾਂ ਮੁੱਖ ਮੰਤਰੀ ਨੂੰ ਕਿਹਾ ਕਿ ਉਹ ਸੱਤਾ ਦਾ ਹੰਕਾਰ ਛੱਡਣ ਕਿਉਂਕਿ ਪੰਜਾਬ ਦੇ ਲੋਕਾਂ ਨੇ ਹੁਣ 'ਆਪ' ਨੂੰ ਚੱਲਦਾ ਕਰਨ ਦਾ ਮਨ ਬਣਾ ਲਿਆ ਹੈ।

# IRCTC ਮਾਮਲਾ: ਲਾਲੂ, ਰਾਬੜੀ ਅਤੇ ਤੇਜਸਵੀ ਖ਼ਿਲਾਫ਼ ਦੋਸ਼ ਆਇਦ

**ਨਵੀਂ ਦਿੱਲੀ, 14 ਅਕਤੂਬਰ -ਕੌਮੀ ਪੱਤ੍ਰਿਕਾ ਬਿਊਰੋ-**



ਇੱਥੋਂ ਦੀ ਇੱਕ ਅਦਾਲਤ ਨੇ ਸੋਮਵਾਰ ਨੂੰ ਰਾਸ਼ਟਰੀ ਜਨਤਾ ਦਲ (ਆਰਜੇਡੀ) ਮੁਖੀ ਲਾਲੂ ਪ੍ਰਸਾਦ ਯਾਦਵ, ਬਿਹਾਰ ਦੀ ਸਾਬਕਾ ਮੁੱਖ ਮੰਤਰੀ ਰਾਬੜੀ ਦੇਵੀ ਅਤੇ ਉਨ੍ਹਾਂ ਦੇ ਪੁੱਤਰ ਤੇਜਸਵੀ ਯਾਦਵ, ਜੋ ਰਾਜ ਵਿੱਚ ਵਿਰੋਧੀ ਧਿਰ ਦੇ ਨੇਤਾ ਹਨ, ਵਿਰੁੱਧ ਕਥਿਤ ਆਈਆਰਸੀਟੀਸੀ ਘੁਟਾਲੇ ਮਾਮਲੇ ਵਿੱਚ ਦੋਸ਼ ਤੈਅ ਕਰ ਦਿੱਤੇ ਹਨ। ਇਸ ਨਾਲ ਬਿਹਾਰ ਵਿੱਚ ਚੋਣਾਂ ਤੋਂ ਪਹਿਲਾਂ ਮੁਕੱਦਮੇ ਲਈ ਰਾਹ ਪੱਧਰਾ ਹੋ ਗਿਆ ਹੈ।

ਵਿਸ਼ੇਸ਼ ਜੱਜ ਵਿਸ਼ਾਲ ਗੋਗਨੇ ਨੇ ਕੇਸ ਵਿੱਚ ਰਾਬੜੀ ਦੇਵੀ ਅਤੇ ਤੇਜਸਵੀ ਯਾਦਵ ਵਿਰੁੱਧ ਅਪਰਾਧਿਕ ਸਾਜ਼ਿਸ਼ ਅਤੇ ਧੋਖਾਧੜੀ ਦੇ ਸਾਂਝੇ ਦੋਸ਼ ਤੈਅ ਕੀਤੇ ਹਨ। ਇਹ ਮਾਮਲਾ ਇੰਡੀਅਨ ਰੇਲਵੇ ਕੈਟਰਿੰਗ ਐਂਡ ਟੂਰਿਜ਼ਮ ਕਾਰਪੋਰੇਸ਼ਨ (IRCTC) ਦੇ ਦੋ ਹੋਟਲਾਂ ਦੇ ਸੰਚਾਲਨ ਦੇ ਠੇਕੇ ਇੱਕ ਨਿੱਜੀ ਫਰਮ ਨੂੰ ਦੇਣ ਵਿੱਚ ਕਥਿਤ ਬੇਨਿਯਮੀਆਂ ਨਾਲ ਸਬੰਧਤ ਹੈ।

ਅਦਾਲਤ ਨੇ ਲਾਲੂ ਪ੍ਰਸਾਦ ਵਿਰੁੱਧ ਭ੍ਰਿਸ਼ਟਾਚਾਰ ਰੋਕੂ ਕਾਨੂੰਨ (ਪੀਸੀਏ) ਤਹਿਤ ਵੀ ਦੋਸ਼ ਆਇਦ ਕੀਤੇ ਹਨ। ਹਾਲਾਂਕਿ ਉਨ੍ਹਾਂ ਨੇ ਆਪਣੇ ਆਪ ਨੂੰ ਨਿਰਦੋਸ਼ ਦੱਸਿਆ ਹੈ। ਇਸ ਮਾਮਲੇ ਵਿੱਚ ਇੱਕ ਤਫ਼ਸੀਲੀ ਹੁਕਮਾਂ ਦੀ ਉਡੀਕ ਹੈ। ਇਸ ਤੋਂ ਪਹਿਲਾਂ 24 ਸਤੰਬਰ ਨੂੰ ਅਦਾਲਤ ਨੇ ਸਾਰੇ ਮੁਲਜ਼ਮਾਂ ਨੂੰ ਦੋਸ਼ ਤੈਅ ਕਰਨ ਬਾਰੇ ਹੁਕਮਾਂ ਲਈ ਨਿੱਜੀ ਤੌਰ 'ਤੇ ਪੇਸ਼ ਹੋਣ ਦਾ ਨਿਰਦੇਸ਼ ਦਿੱਤਾ ਸੀ।

ਸੀਬੀਆਈ ਦੀ ਚਾਰਜਸ਼ੀਟ ਅਨੁਸਾਰ ਕਥਿਤ ਤੌਰ 'ਤੇ 2004 ਅਤੇ 2014 ਦੇ ਵਿਚਕਾਰ ਇੱਕ ਸਾਜ਼ਿਸ਼ ਰਚੀ ਗਈ ਸੀ, ਜਿਸ ਦੇ ਤਹਿਤ ਇੰਡੀਅਨ ਰੇਲਵੇ ਦੇ ਬੀਐਨਆਰ ਹੋਟਲਾਂ (ਜੋ ਪੁਰੀ ਅਤੇ ਰਾਂਚੀ ਵਿੱਚ ਸਥਿਤ ਹਨ) ਨੂੰ ਪਹਿਲਾਂ ਆਈਆਰਸੀਟੀਸੀ ਨੂੰ ਤਬਦੀਲ ਕੀਤਾ ਗਿਆ ਸੀ ਅਤੇ ਬਾਅਦ ਵਿੱਚ ਇਸ ਦੇ ਸੰਚਾਲਨ, ਸਾਂਭ-ਸੰਭਾਲ ਅਤੇ ਦੇਖਭਾਲ ਦੀ ਜ਼ਿੰਮੇਵਾਰੀ ਪਟਨਾ ਅਧਾਰਤ ਸੁਜਾਤਾ ਹੋਟਲਜ਼ ਪ੍ਰਾਈਵੇਟ ਲਿਮਟਿਡ ਨੂੰ ਲੀਜ਼ 'ਤੇ ਦੇ ਦਿੱਤੀ ਗਈ।

# ਮੁੱਖ ਮੰਤਰੀ ਨੇ ਨਵਜੋਤ ਸਿੱਧੂ ਨੂੰ ਵਿਆਹ ਵਾਲਾ ਸੂਟ ਕਹਿ ਕੇ ਕੱਸਿਆ ਤਨਜ਼

**ਚੰਡੀਗੜ੍ਹ, 14 ਅਕਤੂਬਰ -ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਭਗਵੰਤ ਮਾਨ ਨੇ ਅੱਜ ਕਾਂਗਰਸੀ ਆਗੂ ਅਤੇ ਸਾਬਕਾ ਕ੍ਰਿਕਟਰ ਨਵਜੋਤ ਸਿੰਘ ਸਿੱਧੂ ਉੱਤੇ ਵਿਅੰਗ ਕਸਦਿਆਂ ਉਨ੍ਹਾਂ ਨੂੰ ਵਿਆਹ ਵਾਲਾ ਅਜਿਹਾ ਸੂਟ ਕਰਾਰ ਦਿੱਤਾ ਹੈ, ਜੋ ਘੁੰਮਦਾ ਰਹਿੰਦਾ ਹੈ। ਹੜ੍ਹ ਪੀੜਤਾਂ ਨੂੰ ਮੁਆਵਜ਼ੇ ਦੇ ਚੈੱਕ ਦੇਣ ਲਈ ਰੱਖੇ ਸਮਾਗਮ ਨੂੰ ਸੰਬੋਧਨ ਦੌਰਾਨ ਕਾਂਗਰਸੀਆਂ ਤੇ ਹੋਰਨਾਂ ਨੂੰ ਰਗੜੇ ਲਾਉਂਦੇ ਹੋਏ ਮੁੱਖ ਮੰਤਰੀ ਨੇ ਵਿਅੰਗਮਈ ਅੰਦਾਜ਼ ਵਿੱਚ ਆਖਿਆ ਕਿ ਹੁਣ ਨਵਜੋਤ ਸਿੱਧੂ ਵੀ ਸਿਆਸੀ ਦ੍ਰਿਸ਼ ਵਿੱਚ ਨਜ਼ਰ ਆਉਣਗੇ। ਉਹ ਪੰਜਾਬ ਲਈ ਇੱਕ ਨਵਾਂ ਏਜੰਡਾ ਲੈ ਕੇ ਹਾਜ਼ਰ ਹੋਣਗੇ। ਉਨ੍ਹਾਂ ਕਿਹਾ ਕਿ ਅਜਿਹੇ ਆਗੂ ਚੋਣਾਂ ਤੋਂ ਬਾਅਦ ਲੁਕ ਜਾਂਦੇ ਹਨ ਅਤੇ ਮੁੜ ਚੋਣਾਂ ਆਉਣ 'ਤੇ ਲੋਕਾਂ ਕੋਲ ਪੁੱਜ ਜਾਂਦੇ ਹਨ।

ਉਨ੍ਹਾਂ ਕਿਹਾ ਕਿ ਜੇਕਰ ਇਨ੍ਹਾਂ ਕੋਲੋਂ ਕੋਈ ਪੁੱਛੇ ਤਾਂ ਕਹਿੰਦੇ ਹਨ ਘਰ ਦਾ ਗੁਜ਼ਾਰਾ ਵੀ ਚਲਾਉਣਾ ਹੈ। ਮੁੱਖ ਮੰਤਰੀ ਨੇ ਕਿਹਾ, "ਅਸੀਂ ਵੀ ਤਾਂ ਆਪਣੇ ਘਰਾਂ ਦਾ ਗੁਜ਼ਾਰਾ ਚਲਾ ਰਹੇ ਹਾਂ। ਇਹ ਸੇਵਾ ਪੂਰੇ ਸਮੇਂ ਦੀ ਸੇਵਾ ਹੈ ਨਾ ਕਿ ਕੁਝ ਸਮੇਂ ਲਈ।" ਉਨ੍ਹਾਂ ਵਿਅੰਗ ਕਰਦਿਆਂ ਕਿਹਾ ਕਿ ਕਾਂਗਰਸੀ ਆਗੂ (ਸਿੱਧੂ) ਵਿਆਹ ਵਾਲਾ ਅਜਿਹਾ ਸੂਟ ਹੈ ਜੋ ਬਿਨਾਂ ਖੋਲ੍ਹਿਆਂ ਹੀ, ਕਿਸੇ ਨੂੰ ਅਗਾਂਹ ਅਤੇ ਫਿਰ ਅਗਾਂਹ ਅਤੇ ਕਈ ਵਾਰ ਮੁੜ ਮਾਲਕਾਂ ਕੋਲ ਹੀ ਵਾਪਸ ਪੁੱਜ ਜਾਂਦਾ ਹੈ।

# ਅਸ਼ੀਰਵਾਦ ਸਕੀਮ ਅਧੀਨ 5751 ਧੀਆਂ ਨੂੰ ਮਿਲੀ 29.33 ਕਰੋੜ ਦੀ ਵਿਆਹ ਸਹਾਇਤਾ: ਡਾ. ਬਲਜੀਤ ਕੌਰ

**ਚੰਡੀਗੜ੍ਹ, 14 ਅਕਤੂਬਰ -ਕੌਮੀ ਪੱਤ੍ਰਿਕਾ ਬਿਊਰੋ-**



ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਮੰਤਰੀ ਡਾ. ਬਲਜੀਤ ਕੌਰ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਅਸ਼ੀਰਵਾਦ ਸਕੀਮ ਤਹਿਤ ਚਾਲੂ ਵਿੱਤੀ ਸਾਲ 2025-26 ਦੌਰਾਨ ਅਨੁਸੂਚਿਤ ਜਾਤੀਆਂ ਨਾਲ ਸਬੰਧਤ 5751 ਲਾਭਪਾਤਰੀਆਂ ਨੂੰ ਕੁੱਲ 29.33 ਕਰੋੜ ਰੁਪਏ ਦੀ ਰਕਮ ਜਾਰੀ ਕੀਤੀ ਗਈ ਹੈ। ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਮੰਤਰੀ ਡਾ. ਬਲਜੀਤ ਕੌਰ ਨੇ ਦੱਸਿਆ ਕਿ ਅਨੁਸੂਚਿਤ ਜਾਤੀਆਂ ਲਈ ਅਸ਼ੀਰਵਾਦ ਸਕੀਮ ਅਧੀਨ ਜ਼ਿਲ੍ਹਾ ਬਰਨਾਲਾ, ਬਠਿੰਡਾ, ਫਰੀਦਕੋਟ, ਫਿਰੋਜ਼ਪੁਰ, ਸ੍ਰੀ ਫਤਹਿਗੜ੍ਹ ਸਾਹਿਬ, ਗੁਰਦਾਸਪੁਰ, ਹੁਸ਼ਿਆਰਪੁਰ, ਜਲੰਧਰ, ਲੁਧਿਆਣਾ, ਮੋਗਾ, ਸ੍ਰੀ ਮੁਕਤਸਰ ਸਾਹਿਬ, ਪਟਿਆਲਾ, ਰੂਪਨਗਰ, ਐਸ.ਏ.ਐਸ. ਨਗਰ, ਐਸ.ਬੀ.ਐਸ. ਨਗਰ, ਸੰਗਰੂਰ ਅਤੇ ਮਲੇਰਕੋਟਲਾ ਦੇ ਕੁੱਲ 5751 ਲਾਭਪਾਤਰੀਆਂ ਦੀਆਂ ਦਰਖਾਸਤਾਂ ਅਸ਼ੀਰਵਾਦ ਪੋਰਟਲ 'ਤੇ ਪ੍ਰਾਪਤ ਹੋਈਆਂ ਸਨ। ਇਹਨਾਂ ਸਾਰਿਆਂ ਲਾਭਪਾਤਰੀਆਂ ਨੂੰ ਕਵਰ ਕਰਨ ਲਈ 29.33 ਕਰੋੜ ਰੁਪਏ ਦੀ ਰਕਮ ਜਾਰੀ ਕੀਤੀ ਗਈ ਹੈ।

ਉਨ੍ਹਾਂ ਨੇ ਦੱਸਿਆ ਕਿ ਇਸ ਰਕਮ ਨਾਲ ਜ਼ਿਲ੍ਹਾ ਬਰਨਾਲਾ ਦੇ 58, ਬਠਿੰਡਾ ਦੇ 633, ਫਰੀਦਕੋਟ ਦੇ 67, ਫਿਰੋਜਪੁਰ ਦੇ 349, ਸ੍ਰੀ ਫਤਹਿਗੜ੍ਹ ਸਾਹਿਬ ਦੇ 106, ਗੁਰਦਾਸਪੁਰ ਦੇ 265 ਅਤੇ ਹੁਸ਼ਿਆਰਪੁਰ ਦੇ 70 ਲਾਭਪਾਤਰੀਆਂ ਨੂੰ ਵਿੱਤੀ ਸਹਾਇਤਾ ਦਿੱਤੀ ਗਈ ਹੈ। ਇਸੇ ਤਰ੍ਹਾਂ, ਜਲੰਧਰ ਦੇ 1087, ਲੁਧਿਆਣਾ ਦੇ 839, ਮੋਗਾ ਦੇ 885, ਸ੍ਰੀ ਮੁਕਤਸਰ ਸਾਹਿਬ ਦੇ 192, ਪਟਿਆਲਾ ਦੇ 357, ਰੂਪਨਗਰ ਦੇ 147, ਐਸ.ਏ.ਐਸ. ਨਗਰ ਦੇ 65, ਐਸ.ਬੀ.ਐਸ. ਨਗਰ ਦੇ 359, ਸੰਗਰੂਰ ਦੇ 210 ਅਤੇ ਮਲੇਰਕੋਟਲਾ ਦੇ 62 ਲਾਭਪਾਤਰੀਆਂ ਨੂੰ ਵੀ ਲਾਭ ਪ੍ਰਦਾਨ ਕੀਤਾ ਗਿਆ ਹੈ।

ਡਾ. ਬਲਜੀਤ ਕੌਰ ਨੇ ਦੱਸਿਆ ਕਿ ਅਸ਼ੀਰਵਾਦ ਸਕੀਮ ਤਹਿਤ ਸੂਬਾ ਸਰਕਾਰ ਵੱਲੋਂ ਰਾਜ ਵਿੱਚ ਘੱਟ ਆਮਦਨੀ ਵਾਲੇ ਪਰਿਵਾਰਾਂ ਦੀਆਂ ਧੀਆਂ ਦੇ ਵਿਆਹ ਲਈ ?51,000 ਦੀ ਵਿੱਤੀ ਸਹਾਇਤਾ ਦਿੱਤੀ ਜਾਂਦੀ ਹੈ। ਉਨ੍ਹਾਂ ਨੇ ਕਿਹਾ ਕਿ ਇਹ ਸਕੀਮ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਲੋਕ-ਭਲਾਈ ਪ੍ਰਤੀ ਵਚਨਬੱਧਤਾ ਦੀ ਝਲਕ ਹੈ।

ਉਨ੍ਹਾਂ ਨੇ ਹੋਰ ਦੱਸਿਆ ਕਿ ਇਸ ਸਕੀਮ ਦਾ ਲਾਭ ਲੈਣ ਲਈ ਬਿਨੈਕਾਰ ਪੰਜਾਬ ਰਾਜ ਦਾ ਸਥਾਈ ਨਾਗਰਿਕ ਹੋਵੇ, ਉਸ ਦਾ ਪਰਿਵਾਰ ਗਰੀਬੀ ਰੇਖਾ ਤੋਂ ਹੇਠਾਂ ਦਾ ਹੋਵੇ, ਬਿਨੈਕਾਰ ਅਨੁਸੂਚਿਤ ਜਾਤੀ, ਪੱਛੜੀਆਂ ਸ਼੍ਰੇਣੀਆਂ ਜਾਂ ਹੋਰ ਆਰਥਿਕ ਤੌਰ 'ਤੇ ਕਮਜ਼ੋਰ ਵਰਗ ਨਾਲ ਸਬੰਧਤ ਹੋਵੇ ਅਤੇ ਪਰਿਵਾਰ ਦੀ ਸਾਰੇ ਸਾਧਨਾਂ ਤੋਂ ਸਾਲਾਨਾ ਆਮਦਨ ?32,790 ਤੋਂ ਘੱਟ ਹੋਵੇ। ਇਸ ਸ਼੍ਰੇਣੀ ਦੇ ਪਰਿਵਾਰਾਂ ਦੀਆਂ ਵੱਧ ਤੋਂ ਵੱਧ ਦੋ ਧੀਆਂ ਨੂੰ ਇਸ ਸਕੀਮ ਦਾ ਲਾਭ ਮਿਲ ਸਕਦਾ ਹੈ।

# ਰਾਜ ਸਭਾ ਚੋਣ: ਆਜ਼ਾਦ ਉਮੀਦਵਾਰ ਨਵਨੀਤ ਚਤੁਰਵੇਦੀ ਵੱਲੋਂ ਦਸ 'ਆਪ' ਵਿਧਾਇਕਾਂ ਦੀ ਹਮਾਇਤ ਦਾ ਦਾਅਵਾ

**ਚੰਡੀਗੜ੍ਹ, 14 ਅਕਤੂਬਰ -ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਵਿਚੋਂ ਰਾਜ ਸਭਾ ਦੀ ਇੱਕ ਸੀਟ ਲਈ 24 ਅਕਤੂਬਰ ਨੂੰ ਹੋਣ ਵਾਲੀ ਜ਼ਿਮਨੀ ਚੋਣ ਲਈ ਆਜ਼ਾਦ ਉਮੀਦਵਾਰ ਨਵਨੀਤ ਚਤੁਰਵੇਦੀ ਦੀ ਉਮੀਦਵਾਰੀ ਦੀ ਤਾਈਦ ਕਰਨ ਵਾਲੇ 10 'ਆਪ' ਵਿਧਾਇਕਾਂ ਦਾ ਮਾਮਲਾ ਸਾਹਮਣੇ ਆਇਆ ਹੈ। ਨਵਨੀਤ ਚਤੁਰਵੇਦੀ ਦਾ ਦਾਅਵਾ ਹੈ ਕਿ ਇਨ੍ਹਾਂ 10 ਵਿਧਾਇਕਾਂ ਨੇ ਬਕਾਇਦਾ ਉਸ ਦੇ ਨਾਮ ਦੀ ਤਾਈਦ ਕੀਤੀ ਹੈ ਅਤੇ ਉਸ ਨੇ ਨਾਮਜ਼ਦਗੀ ਪੱਤਰਾਂ ਦੇ ਨਾਲ 10 'ਆਪ' ਵਿਧਾਇਕਾਂ ਦੀ ਤਾਈਦ ਵਾਲਾ ਦਸਤਾਵੇਜ਼ ਵੀ ਸੌਂਪਿਆ ਹੈ।

ਇਨ੍ਹਾਂ ਦਸ ਵਿਧਾਇਕਾਂ 'ਚ ਰਜਨੀਸ਼ ਦਹੀਆ, ਨਰੇਸ਼ ਕਟਾਰੀਆ, ਸੁਖਬੀਰ ਸਿੰਘ ਮਾਈਸਰਖਾਨਾ, ਰਣਬੀਰ ਭੁੱਲਰ, ਗੁਰਲਾਲ ਸਿੰਘ ਘਨੌਰ, ਅਮੋਲਕ ਸਿੰਘ, ਮਨਜੀਤ ਸਿੰਘ ਬਿਲਾਸਪੁਰ, ਕੁਲਵੰਤ ਸਿੰਘ ਪੰਡੋਰੀ, ਗੁਰਪ੍ਰੀਤ ਸਿੰਘ ਵਣਾਂਵਾਲੀ ਅਤੇ ਕੁਲਵੰਤ ਸਿੰਘ ਬਾਜ਼ੀਗਰ ਦੇ ਨਾਮ ਸ਼ਾਮਲ ਹਨ।

ਆਜ਼ਾਦ ਉਮੀਦਵਾਰ ਨਵਨੀਤ ਚਤੁਰਵੇਦੀ ਨੇ ਇਨ੍ਹਾਂ ਵਿਧਾਇਕਾਂ ਦੇ ਨਾਮ ਵਾਲਾ ਪੱਤਰ ਵਿਧਾਨ ਸਭਾ ਸਕੱਤਰੇਤ ਕੋਲ ਸੌਂਪਿਆ ਗਿਆ ਹੈ। ਅੱਜ ਇਨ੍ਹਾਂ ਵਿਧਾਇਕਾਂ ਨੇ ਕਿਸੇ ਵੀ ਆਜ਼ਾਦ ਉਮੀਦਵਾਰ ਦੇ ਨਾਮ ਦੀ ਤਾਈਦ ਕਰਨ ਤੋਂ ਸਪਸ਼ਟ ਇਨਕਾਰ ਕਰ ਦਿੱਤਾ ਹੈ। ਇਨ੍ਹਾਂ ਵਿਧਾਇਕਾਂ ਨੇ 'ਆਪ' ਸੁਪਰੀਮੋ ਅਰਵਿੰਦ ਕੇਜਰੀਵਾਲ ਅਤੇ 'ਆਪ' ਦੇ ਪ੍ਰਧਾਨ ਅਮਨ ਅਰੋੜਾ ਤੋਂ ਇਲਾਵਾ ਮੁੱਖ ਮੰਤਰੀ ਭਗਵੰਤ ਮਾਨ ਨੂੰ ਫ਼ੋਨ ਕਰਕੇ ਦੱਸ ਦਿੱਤਾ ਹੈ ਕਿ ਉਨ੍ਹਾਂ ਨੇ ਕਿਸੇ ਵੀ ਆਜ਼ਾਦ ਵਿਧਾਇਕ ਦੇ ਨਾਮ ਦੀ ਰਾਜ ਸਭਾ ਦੀ ਨਾਮਜ਼ਦਗੀ ਲਈ ਤਾਈਦ ਨਹੀਂ ਕੀਤੀ ਹੈ। ਇਨ੍ਹਾਂ ਵਿਧਾਇਕਾਂ ਨੇ ਖ਼ਦਸ਼ਾ ਪ੍ਰਗਟਾਇਆ ਹੈ ਕਿ ਉਨ੍ਹਾਂ ਦੇ ਜਾਅਲੀ ਦਸਤਖ਼ਤ ਕੀਤੇ ਗਏ ਹਨ।

ਭਲਕੇ ਰਾਜ ਸਭਾ ਲਈ ਆਏ ਨਾਮਜ਼ਦਗੀ ਪੱਤਰਾਂ ਦੀ ਪੜਤਾਲ ਹੋਣੀ ਹੈ ਅਤੇ ਇਸ ਪੜਤਾਲ 'ਚ ਇਨ੍ਹਾਂ ਵਿਧਾਇਕਾਂ ਦੇ ਤਾਈਦ ਪੱਤਰ 'ਤੇ ਕੀਤੇ ਦਸਤਖ਼ਤਾਂ ਦਾ ਮਿਲਾਨ ਵਿਧਾਨ ਸਭਾ ਦੇ ਰਿਕਾਰਡ 'ਚ ਹੋਏ ਦਸਤਖ਼ਤਾਂ ਨਾਲ ਕੀਤਾ ਜਾਵੇਗਾ। ਸੂਤਰ ਦੱਸਦੇ ਹਨ ਕਿ ਤਾਈਦ ਵਾਲੇ ਪੱਤਰ 'ਚ ਪਹਿਲਾਂ ਵਿਧਾਇਕਾਂ ਦੇ ਨਾਮ ਲਿਖੇ ਗਏ ਹਨ ਅਤੇ ਹਰ ਵਿਧਾਇਕ ਦੇ ਨਾਮ ਦੇ ਸਾਹਮਣੇ ਮੁੜ ਉਸੇ ਤਰ੍ਹਾਂ ਹੀ ਹਰ ਵਿਧਾਇਕ ਦਾ ਨਾਮ ਲਿਖਿਆ ਗਿਆ ਹੈ।

ਪੰਜਾਬ ਦੇ 'ਆਪ' ਵਿਧਾਇਕਾਂ ਨੇ ਡੀਜੀਪੀ ਪੰਜਾਬ ਨੂੰ ਦਿੱਤੀ ਲਿਖਤੀ ਸ਼ਿਕਾਇਤ ਵਿਚ ਆਜ਼ਾਦ ਉਮੀਦਵਾਰ ਵਜੋਂ ਕਾਗਜ਼ ਦਾਖਲ ਕਰਨ ਵਾਲੇ ਨਵੀਨ ਚਤੁਰਵੇਦੀ ਖ਼ਿਲਾਫ਼ ਕਾਰਵਾਈ ਦੀ ਮੰਗ ਕੀਤੀ ਹੈ। ਵਿਧਾਇਕਾਂ ਨੇ ਕਿਹਾ ਕਿ ਉਨ੍ਹਾਂ ਨੇ ਰਾਜ ਸਭਾ ਦੀ ਚੋਣ ਲਈ ਨਵੀਨ ਚਤੁਰਵੇਦੀ ਦਾ ਕੋਈ ਸਮਰਥਨ ਨਹੀਂ ਕੀਤਾ ਹੈ ਅਤੇ ਇਸ ਉਮੀਦਵਾਰ ਨੇ ਉਨ੍ਹਾਂ ਦੀ ਦਿੱਖ ਖ਼ਰਾਬ ਕਰਨ ਲਈ ਅਜਿਹਾ ਕੀਤਾ ਹੈ।

# ਹਰਮੀਤ ਸਿੰਘ ਕਾਲਕਾ ਗਤਕਾ ਰਤਨ ਸਨਮਾਨ ਨਾਲ ਸਨਮਾਨਿਤ



**ਨਵੀਂ ਦਿੱਲੀ, 14 ਅਕਤੂਬਰ -ਕੌਮੀ ਪੱਤ੍ਰਿਕਾ ਬਿਊਰੋ-**

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਅਤੇ ਭਾਈ ਉਨ੍ਹਾਂ ਦੇ ਸਾਥੀ ਸ਼ਹੀਦ ਗੁਰਸਿੱਖਾਂ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਦੇ ਅਮਰ ਕੁਰਬਾਨੀ ਨੂੰ ਸਮਰਪਿਤ ਕੌਮੀ ਗਤਕਾ ਮੁਕਾਬਲਾ ਦਾ ਸ਼ਾਨਦਾਰ ਆਯੋਜਨ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਬੁੱਢਾ ਦਲ ਗਤਕਾ ਅਕਾਦਮੀ (ਆਲ ਇੰਡੀਆ) ਦੇ ਸਹਿਯੋਗ ਨਾਲ ਕੀਤਾ ਗਿਆ।

ਇਹ ਰਾਸ਼ਟਰੀ ਪੱਧਰੀ ਮੁਕਾਬਲਾ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ, ਪੰਜਾਬੀ ਬਾਗ, ਨਵੀਂ ਦਿੱਲੀ ਵਿਖੇ ਆਯੋਜਿਤ ਕੀਤਾ ਗਿਆ ਜਿਸ ਵਿੱਚ ਗਤਕੇ ਦੇ ਮਾਹਰ ਨੌਜਵਾਨਾਂ ਨੇ ਸ਼ਰਧਾ ਅਤੇ ਜੋਸ਼ ਨਾਲ ਆਪਣੀ ਕਲਾਵਾਂ ਦਾ ਪ੍ਰਦਰਸ਼ਨ ਕੀਤਾ।

ਇਸ ਮੌਕੇ 'ਤੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਰਦਾਰ ਹਰਮੀਤ ਸਿੰਘ ਕਾਲਕਾ ਨੇ ਸਮਾਰੋਹ ਵਿੱਚ ਸ਼ਮੂਲੀਅਤ ਕਰਦਿਆਂ ਕਿਹਾ ਕਿ ਗਤਕਾ ਸਿਰਫ਼ ਇੱਕ ਖੇਡ ਨਹੀਂ, ਸਗੋਂ ਸਿੱਖ ਮਰਯਾਦਾ, ਸ਼ੌਰਯ ਅਤੇ ਧਾਰਮਿਕ ਅਦਾਰਸ਼ਾਂ ਦੀ ਜੀਵੰਤ ਪ੍ਰਤੀਕ ਹੈ। ਉਨ੍ਹਾਂ ਨੇ ਕਿਹਾ ਕਿ ਨੌਜਵਾਨ ਪੀੜ੍ਹੀ ਨੂੰ ਇਸ ਮਾਰਸ਼ਲ ਆਰਟ ਨਾਲ ਜੋੜਨਾ ਸਿੱਖੀ ਦੇ ਜਜ਼ਬੇ ਨੂੰ ਜਿਉਂਦਾ ਰੱਖਣ ਵਾਂਗ ਹੈ।

ਇਸ ਸਮਾਗਮ ਦੌਰਾਨ ਰਵਿੰਦਰਪਾਲ ਸਿੰਘ ਅਤੇ ਉਨ੍ਹਾਂ ਦੀ ਸਮਰਪਿਤ ਟੀਮ ਵੱਲੋਂ ਸਰਦਾਰ ਹਰਮੀਤ ਸਿੰਘ ਕਾਲਕਾ ਨੂੰ ਗਤਕਾ ਰਤਨ ਸਨਮਾਨ ਨਾਲ ਸਨਮਾਨਿਤ ਕੀਤਾ ਗਿਆ।

ਸ. ਕਾਲਕਾ ਨੇ ਇਸ ਮਾਣ-ਸਨਮਾਨ ਲਈ ਤਹਿ ਦਿਲੋਂ ਤੋਂ ਧੰਨਵਾਦ ਪ੍ਰਗਟਾਉਂਦੇ ਹੋਏ ਕਿਹਾ ਕਿ ਇਹ ਸਨਮਾਨ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪੂਰੀ ਟੀਮ ਅਤੇ ਸਿੱਖ ਕੌਮ ਦੇ ਸੇਵਕਾਂ ਲਈ ਪ੍ਰੇਰਣਾ ਦਾ ਸਰੋਤ ਹੈ।

ਇਸ ਮੌਕੇ ਤੇ ਕਈ ਪ੍ਰਸਿੱਧ ਸ਼ਖ਼ਸੀਅਤਾਂ, ਗਤਕਾ ਅਧਿਆਪਕਾਂ, ਵਿਦਿਆਰਥੀਆਂ ਤੇ ਸੰਗਤਾਂ ਨੇ ਸ਼ਮੂਲੀਅਤ ਕੀਤੀ ਅਤੇ ਸ਼ਹੀਦਾਂ ਦੀਆਂ ਅਮਰ ਯਾਦਾਂ ਨੂੰ ਯਾਦ ਕੀਤਾ।

# ਐੱਚ.ਡੀ.ਐੱਫ.ਸੀ. ਬੈਂਕ ਨੇ ਕਿਰਿਆਸ਼ੀਲ ਅਯੁਕਤ ਵਰਗ ਦੇ ਲੋਕਾਂ ਲਈ ਸਾਮੂਦਾਇਕ ਮੰਚ 'ਵੌਕਅਬਾਊਟ' ਦਾ ਸਮਰਥਨ ਕੀਤਾ

**ਅੰਮ੍ਰਿਤਸਰ, 14 ਅਕਤੂਬਰ -ਕੌਮੀ ਪੱਤ੍ਰਿਕਾ ਬਿਊਰੋ-**

ਭਾਰਤ ਦੇ ਪ੍ਰਮੁੱਖ ਪ੍ਰਾਈਵੇਟ ਖੇਤਰ ਦੀ ਬੈਂਕ, ਐਚਡੀਐਫਸੀ ਬੈਂਕ ਨੇ ਅੱਜ ਦੀ ਘੋਸ਼ਣਾ ਕੀਤੀ ਕਿ ਉਹ ਸਰਗਰਮ ਬਾਲਗਾਂ ਲਈ ਇੱਕ ਪ੍ਰਮੁੱਖ ਸਮੁਦਾਇਕ ਮੰਚ, ਵੌਕ ਅਬਾਉਟ ਸੀਡ ਫਾਊਂਡੇਸ਼ਨ ਪ੍ਰਦਾਨ ਕਰਨਾ। ਇਸ ਨਿਵੇਸ਼ਕ ਤੋਂ 'ਵਾਕਅਬਾਟ' ਤੁਹਾਡੇ ਸਾਮੁਦਾਇਕ ਮੰਚ ਨੂੰ ਬਿਹਤਰ ਬਣਾਉਣਾ ਅਤੇ ਕਿਰਿਆਸ਼ੀਲ ਅਯੁਕਤ ਵਰਗ ਦੇ ਲੋਕਾਂ ਲਈ ਆਪਣੇ ਕਿਊਰਟੇਡ ਅਨੁਭਵਾਂ ਦਾ ਵਿਸਥਾਰ ਕਰ ਸਕਦਾ ਹੈ।

'ਵੌਕਅਬਾਊਟ' ਪਹਿਲਾਂ ਗੇਟਸੈੱਟਅੱਪ ਇੰਡੀਆ ਪ੍ਰਾਈਵੇਟ ਲਿਮਟਿਡ ਦੇ ਨਾਮ ਤੋਂ ਜਾਣਾ ਸੀ, ਮੁੰਬਈ, ਨਵੀਂ ਦਿੱਲੀ, ਬੰਗਲੂਰੂ ਅਤੇ ਚੇਨਈ ਵਿੱਚ ਕਿਊਰਬੱਧ ਪ੍ਰੋਗਰਾਮ ਆਯੋਜਿਤ ਕੀਤਾ ਜਾਂਦਾ ਹੈ ਅਤੇ ਅਯੁਕਤ ਵਰਗ ਨੂੰ ਕਿਰਿਆਸ਼ੀਲ ਕਰਨ ਲਈ ਇੱਕ 'ਥਰਡ ਪਲੇਸ' ਬਣਾਉਣ ਲਈ ਪ੍ਰੋਫਾਈਲ ਦਿੰਦੀ ਹੈ, ਜਿੱਥੇ ਵੇ. ਜੁੜ ?




ਸਕੇਂ, ਸਮਾਜਿਕ ਸੰਪਰਕ ਬਣਾ ਸਕਦੇ ਹੋ, ਸਿੱਖ ਸਕਦੇ ਹੋ ਅਤੇ ਆਪਣਾ ਸਭ ਤੋਂ ਵਧੀਆ ਜੀਵਨ ਜੀਣ ਲਈ ਸਸ਼ਕਤ ਬਣ ਸਕਦੇ ਹੋ। ਇਹ ਪ੍ਰੋਗਰਾਮ 55 ਸਾਲ ਤੋਂ ਵੱਧ ਉਮਰ ਦੇ ਲੋਕ ਮਾਨਸਿਕ, ਸਮਾਜਿਕ ਅਤੇ ਸਰੀਰਕ ਤੌਰ 'ਤੇ ਸਰਗਰਮ ਰਹਿਣ ਲਈ ਸਮਰੱਥ ਬਣਾਉਂਦੇ ਹਨ।

ਐਚਡੀਐਫਸੀ ਬੈਂਕ ਕੇਜਰੀ ਗਰੁੱਪ ਹੈਡ, ਅਰੂਪ ਰਚਿਤ ਨੇ ਕਿਹਾ, ÷ਦੇਸ਼ ਦੇ ਇੱਕ ਪ੍ਰਮੁੱਖ ਉਦਯੋਗਪਤੀ ਦੇ ਰੂਪ ਵਿੱਚ, ਅਸੀਂ ਇਸ ਤਰ੍ਹਾਂ ਦੇ ਨਵੋਦਿਤ ਉਦਯੋਗਾਂ ਅਤੇ ਨਵੋਮੇਸ਼ੀ ਹੱਲਾਂ ਦੇ ਸਮਰਥਨ ਵਿੱਚ ਵਿਸ਼ਵਾਸ ਕਰਦੇ ਹਾਂ ਜੋ ਸਮਾਜ ਲਈ ਸਮਾਜ ਵਿੱਚ ਪ੍ਰਭਾਵੀ ਨਿਵੇਸ਼ ਕਰਦੇ ਹਨ। ਪ੍ਰੋਗਰਾਮ, ਵਧਦੀ ਉਮਰ ਨੂੰ ਸਿਰਫ਼ ਸੁਖਾਵੇਂ ਬਣਾਉਣਾ ਚਾਹੀਦਾ ਹੈ, ਸਗੋਂ ਬੁੱਧੀਜੀਵੀ ਰੂਪ ਤੋਂ ਵੀ ਨਿਰਦੇਸ਼ਕ ਹਨ। ਸਾਨੂੰ ਆਪਣੀ ਸੀਡ ਫਿੰਗਿੰਗ ਦੇ ਮਾਧਿਅਮ ਦੁਆਰਾ ਇਸ ਤਰ੍ਹਾਂ ਦੇ ਉਦਯੋਗ ਵਿੱਚ ਯੋਗਦਾਨ ਦੇਣ ਵਿੱਚ ਖੁਸ਼ੀ ਹੋ ਰਹੀ ਹੈ।

ਭਾਰਤ ਦੀ 50+ ਉਮਰ ਵਰਗ ਦੀ ਆਬਾਦੀ 2050 ਤੱਕ 30 ਕਰੋੜ ਤੋਂ ਵੱਧ ਹੋਣ ਦਾ ਅਨੁਮਾਨ ਹੈ। ਵੌਕ ਅਬਾਊਟ ਸਮਾਜਿਕ ਵਿਕਾਸ, ਸਰੀਰਕ ਸਿਹਤ ਅਤੇ ਜੀਵਨ ਨੂੰ ਸਿੱਖਣ ਲਈ ਪ੍ਰਫੁੱਲਤ ਕਰਨ ਵਾਲੇ ਵਿਅਕਤੀ ਵਿਸ਼ੇਸ਼ ਅਤੇ ਪ੍ਰੋਗਰਾਮਾਂ ਦਾ ਨਿਰਮਾਣ ਕਰਕੇ ਇਸ ਜਨਸੰਖਿਆਤਮਕ ਵਿਕਾਸ ਨੂੰ ਸੰਬੋਧਿਤ ਕੀਤਾ ਜਾਂਦਾ ਹੈ।

ਵੌਕਆਉਟ ਦੇ ਸੰਸਥਾਪਕ ਅਤੇ ਸੀਈਓ ਦੇਵਲ ਡੇਲੀਵਾਲਾ ਨੇ ਕਿਹਾ, ÷ਐਚਡੀਐਫਸੀ ਬੈਂਕ ਦਾ ਨਿਵੇਸ਼ ਸਾਡੇ ਇਸ ਵਿਸ਼ਵਾਸ ਨੂੰ ਪੂਰਾ ਕਰਦਾ ਹੈ ਕਿ ਵਿਕਾਸਸ਼ੀਲਤਾ ਕੇਵਲ ਇੱਕ ਆਰਥਿਕ ਵਿਕਲਪ ਨਹੀਂ ਹੈ, ਅਸਲ ਵਿੱਚ ਇਹ ਇੱਕ ਆਰਥਿਕ ਅਤੇ ਸਮਾਜਿਕ ਜ਼ਰੂਰੀ ਹੈ ਉਹਨਾਂ ਦਾ ਸਹਿਯੋਗ ਹੈ, ਅਸੀਂ ਭਾਰਤ ਨੂੰ ਸਰਗਰਮ ਕਰਦੇ ਹਾਂ। ਕਮਿਊਨਿਟੀ ਦੀ ਬਿਹਤਰ ਸੇਵਾਵਾਂ ਲਈ ਆਪਣੇ ਪਲੇਟਫਾਰਮ ਅਤੇ ਅਨੁਭਵਾਂ ਨੂੰ ਬਿਹਤਰ ਬਣਾ ਸਕਦੇ ਹੋ। ਇਹ ਸਾਂਝਾ ਸਾਨੂੰ ਤੁਹਾਡੇ ਡਿਜੀਟਲ ਪੇਸ਼ਕਸ਼ਾਂ ਅਤੇ ਨਿੱਜੀ ਅਨੁਭਵਾਂ ਨੂੰ ਮਜ਼ਬੂਤ ਕਰਨ ਵਿੱਚ ਮਦਦ ਕਰੇਗਾ, ਜੋ ਕਿ ਅਸੀਂ ਬਜ਼ੁਰਗਾਂ ਲਈ ਇੱਕ ਵਿਆਪਕ ਤੀਜੇ ਸਥਾਨ ਦਾ ਨਿਰਮਾਣ ਜਾਰੀ ਰੱਖਦੇ ਹਾਂ। ਜੇ ਅਸੀਂ ਲੋਕ ਜਿਗਿਆਸੂ, ਲੋਕ ਅਤੇ ਸਿਹਤਮੰਦ ਰਹਿਣ ਵਿਚ ਮਦਦ ਕਰਦੇ ਹਨ, ਤਾਂ ਅਸੀਂ ਉਹਨਾਂ ਨੂੰ ਕਲਪਨਾ ਅਤੇ ਅਜ਼ਾਦੀ ਨਾਲ ਅੱਜ ਬਜ਼ੁਰਗਾਂ ਨੂੰ ਸਭ ਤੋਂ ਵਧੀਆ ਮੌਕਾ ਪ੍ਰਦਾਨ ਕਰਦੇ ਹਾਂ।

# ਕੇਂਦਰੀ ਖੇਤੀ ਮੰਤਰੀ ਸ਼ਿਵਰਾਜ ਚੌਹਾਨ ਅੱਜ ਆਉਣਗੇ ਪੰਜਾਬ

**ਚੰਡੀਗੜ੍ਹ, 14 ਅਕਤੂਬਰ -ਕੌਮੀ ਪੱਤ੍ਰਿਕਾ ਬਿਊਰੋ-**

ਕੇਂਦਰੀ ਖੇਤੀਬਾੜੀ ਮੰਤਰੀ ਸ਼ਿਵਰਾਜ ਚੌਹਾਨ ਮੰਗਲਵਾਰ ਨੂੰ ਪੰਜਾਬ ਦੀ ਇਕ ਰੋਜ਼ਾ ਫੇਰੀ 'ਤੇ ਆਉਣਗੇ। ਕੇਂਦਰੀ ਮੰਤਰੀ ਚੌਹਾਨ 14 ਅਕਤੂਬਰ ਨੂੰ ਲੁਧਿਆਣਾ ਵਿੱਚ 10 ਵਜੇ ਇੱਕ ਕੇਂਦਰੀ ਵਰਕਸ਼ਾਪ ਦਾ ਉਦਘਾਟਨ ਕਰਨਗੇ। ਇਸ ਮੌਕੇ ਉਹ ਮੱਕੀ ਕਾਸ਼ਤਕਾਰਾਂ ਨਾਲ ਗੱਲਬਾਤ ਵੀ ਕਰਨਗੇ।

# ਹਮਾਸ ਵੱਲੋਂ 'ਜੰਗਬੰਦੀ' ਸਮਝੌਤੇ ਤਹਿਤ ਸੱਤ ਇਜ਼ਰਾਇਲੀ ਬੰਧਕ ਰਿਹਾਅ

**ਕਾਹਿਰਾ, 14 ਅਕਤੂਬਰ -ਕੌਮੀ ਪੱਤ੍ਰਿਕਾ ਬਿਊਰੋ-**

ਇਜ਼ਰਾਈਲ ਨਾਲ ਹੋਏ ਜੰਗਬੰਦੀ ਸਮਝੌਤੇ ਤਹਿਤ ਹਮਾਸ ਨੇ ਸੋਮਵਾਰ ਨੂੰ ਸੱਤ ਬੰਧਕਾਂ ਨੂੰ ਰੈੱਡ ਕਰਾਸ ਹਵਾਲੇ ਕਰ ਦਿੱਤਾ। ਹਾਲਾਂਕਿ ਇਨ੍ਹਾਂ ਬੰਧਕਾਂ ਦੀ ਸਿਹਤ ਬਾਰੇ ਫੌਰੀ ਕੋਈ ਜਾਣਕਾਰੀ ਨਹੀਂ ਮਿਲ ਸਕੀ ਹੈ। ਹਮਾਸ ਨੇ ਕਿਹਾ ਹੈ ਕਿ ਉਹ ਇਜ਼ਰਾਈਲ ਵੱਲੋਂ ਕੈਦ ਕੀਤੇ 1,900 ਤੋਂ ਵੱਧ ਫਲਸਤੀਨੀ ਕੈਦੀਆਂ ਦੀ ਰਿਹਾਈ ਬਦਲੇ 20 ਜ਼ਿਊਂਦੇ ਬੰਧਕਾਂ ਨੂੰ ਰਿਹਾਅ ਕਰੇਗਾ। ਜਿਵੇਂ ਹੀ ਇਜ਼ਰਾਇਲੀ ਟੈਲੀਵਿਜ਼ਨ ਚੈਨਲਾਂ ਨੇ ਐਲਾਨ ਕੀਤਾ ਕਿ ਬੰਧਕ ਰੈੱਡ ਕਰਾਸ ਦੀ ਹਿਰਾਸਤ ਵਿੱਚ ਹਨ, ਬੰਧਕਾਂ ਦੇ ਪਰਿਵਾਰਾਂ ਅਤੇ ਦੋਸਤਾਂ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ ਅਤੇ ਲੋਕਾਂ ਨੇ ਉਤਸ਼ਾਹ ਨਾਲ ਖੁਸ਼ੀ ਮਨਾਈ। ਦੇਸ਼ ਭਰ ਵਿੱਚ ਹਜ਼ਾਰਾਂ ਇਜ਼ਰਾਇਲੀ ਬੰਧਕਾਂ ਦੀ ਅਦਲੀ ਬਦਲੀ ਦੇ ਇਸ ਅਮਲ ਨੂੰ ਜਨਤਕ ਥਾਵਾਂ 'ਤੇ ਲਾਈਆਂ ਸਕਰੀਨਾਂ ਰਾਹੀਂ ਦੇਖ ਰਹੇ ਹਨ। ਅਜਿਹਾ ਹੀ ਇਕ ਸਭ ਤੋਂ ਵੱਡਾ ਸਮਾਗਮ ਰਾਜਧਾਨੀ ਤਲ ਅਵੀਵ ਵਿੱਚ ਹੋ ਰਿਹਾ ਹੈ। ਇਸ ਤੋਂ ਪਹਿਲਾਂ ਇਜ਼ਰਾਈਲ ਨੇ ਐਤਵਾਰ ਨੂੰ ਕਿਹਾ ਸੀ ਕਿ ਉਸ ਨੂੰ ਉਮੀਦ ਹੈ ਕਿ ਹਮਾਸ ਨਾਲ ਹੋਏ ਜੰਗਬੰਦੀ ਸਮਝੌਤੇ ਤਹਿਤ ਗਾਜ਼ਾ ਵਿਚ ਬੰਦੀ ਬਣਾਏ ਗਏ ਸਾਰੇ ਜਿਊਂਦੇ ਬੰਧਕਾਂ ਨੂੰ ਸੋਮਵਾਰ ਨੂੰ ਰਿਹਾਅ ਕਰ ਦਿੱਤਾ ਜਾਵੇਗਾ। ਉਧਰ ਫ਼ਲਸਤੀਨੀ ਇਜ਼ਰਾਈਲ ਵਿਚ ਬੰਧਕ ਬਣਾਏ ਗਏ ਸੈਂਕੜੇ ਕੈਦੀਆਂ ਦੀ ਰਿਹਾਈ ਤੇ ਮਾਨਵੀ ਸਹਾਇਤਾ ਵਿਚ ਵਾਧੇ ਦੀ ਉਡੀਕ ਵਿਚ ਹਨ।

# ਸਿੱਖਿਆ ਮੰਤਰੀ ਬੈਂਸ ਵੱਲੋਂ ਵਿੱਦਿਆ ਦਾ ਲੰਗਰ ਲਾਉਣ ਵਾਲੇ ਅਧਿਆਪਕਾਂ ਦਾ ਵਿਸ਼ੇਸ਼ ਸਨਮਾਨ

**ਲੁਧਿਆਣਾ, 14 ਅਕਤੂਬਰ -ਕੌਮੀ ਪੱਤ੍ਰਿਕਾ ਬਿਊਰੋ-**

ਅਧਿਆਪਕ ਦਿਵਸ ਨੂੰ ਸਮਰਪਿਤ, ਜ਼ਿਲ੍ਹਾ ਪੱਧਰੀ ਮੈਗਾ ਸਮਾਗਮ ਮੌਕੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਵੱਲੋਂ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ ਜਿੱਥੇ ਹਲਕਾ ਲੁਧਿਆਣਾ ਪੂਰਬੀ ਦੇ ਸਰਕਾਰੀ ਅਤੇ ਨਿੱਜੀ ਸਕੂਲਾਂ ਦੇ 4 ਹਜ਼ਾਰ ਤੋਂ ਵੱਧ ਅਧਿਆਪਕਾਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ।

ਸਥਾਨਕ ਮਲਹੋਤਰਾ ਰਿਜ਼ੋਰਟ, ਜਲੰਧਰ ਬਾਈਪਾਸ ਵਿਖੇ ਰੱਖੇ ਵਿਸ਼ਾਲ ਸਮਾਰੋਹ ਦੌਰਾਨ ਕੈਬਨਿਟ ਮੰਤਰੀ ਬੈਂਸ ਨੇ ਅਧਿਆਪਕਾਂ ਨੂੰ ਵਿੱਦਿਆ ਦਾ ਲੰਗਰ ਲਾਉਣ ਵਾਲੇ ਦਾਨੀ ਦੱਸਦਿਆਂ ਕਿਹਾ ਕਿ ਇਹ ਸਾਡੇ ਰਾਸ਼ਟਰ ਨਿਰਮਾਤਾ ਹਨ। ਉਨ੍ਹਾਂ ਦੱਸਿਆ ਕਿ ਚੰਗੇ ਅਧਿਆਪਨ ਰਾਹੀਂ ਜਿੱਥੇ ਬੱਚੇ ਡਾਕਟਰ, ਇੰਜੀਨੀਅਰ, ਵਕੀਲ ਤੇ ਹੋਰ ਵੱਖ-ਵੱਖ ਖੇਤਰਾਂ ਵਿੱਚ ਵੱਡੀਆਂ ਮੱਲਾਂ ਮਾਰਦੇ ਹਨ ਉੱਥੇ ਉਨ੍ਹਾਂ ਅਧਿਆਪਕਾਂ ਨੂੰ ਮੁਬਾਰਕਬਾਦ ਦਿੰਦਿਆਂ ਕਿਹਾ ਕਿ ਤੁਹਾਡੀ ਚੰਗੇਰੀ ਸਿੱਖਿਆ ਸਦਕਾ ਹੀ ਬਹੁਤ ਸਾਰੇ ਘਰਾਂ ਦੇ ਚੁੱਲ੍ਹੇ ਬਲਦੇ ਹਨ।

ਇਸ ਮੌਕੇ ਵਿਧਾਨ ਸਭਾ ਹਲਕਾ ਲੁਧਿਆਣਾ ਪੂਰਬੀ ਤੋਂ ਵਿਧਾਇਕ



ਦਲਜੀਤ ਸਿੰਘ ਭੋਲਾ ਗਰੇਵਾਲ, ਵਿਧਾਇਕ ਚੌਧਰੀ ਮਦਨ ਲਾਲ ਬੱਗਾ, ਵਿਧਾਇਕ ਕੁਲਵੰਤ ਸਿੰਘ ਸਿੱਧੂ, ਪੰਜਾਬ ਮੀਡੀਅਮ ਇੰਡਸਟਰੀਜ਼ ਡਿਵੈਲਪਮੈਂਟ ਬੋਰਡ ਦੇ ਸੀਨੀਅਰ ਵਾਈਸ ਚੇਅਰਮੈਨ ਸ਼ਰਨਪਾਲ ਸਿੰਘ ਮੱਕੜ, ਚੇਅਰਮੈਨ ਗੁਰਜੀਤ ਸਿੰਘ ਗਿੱਲ, ਨਗਰ ਨਿਗਮ ਮੇਅਰ ਪ੍ਰਿੰਸੀਪਲ ਇੰਦਰਜੀਤ ਕੌਰ, ਵੱਖ ਵੱਖ ਵਾਰਡਾਂ ਦੇ ਕੌਂਸਲਰ ਸਹਿਬਾਨ, ਵਧੀਕ ਡਿਪਟੀ ਕਮਿਸ਼ਨਰ ਰੁਪਿੰਦਰਪਾਲ ਸਿੰਘ, ਐਸ.ਡੀ.ਐਮ. ਜਸਲੀਨ ਕੌਰ ਭੁੱਲਰ, ਜ਼ਿਲ੍ਹਾ ਸਿੱਖਿਆ ਅਫ਼ਸਰ ਡਿੰਪਲ ਮਦਾਨ ਵੀ ਮੌਜੂਦ ਸਨ।

ਅਧਿਆਪਕ ਦਿਵਸ ਦੀ ਮਹੱਤਤਾ 'ਤੇ ਚਾਨਣ ਪਾਉਂਦਿਆਂ ਸਿੱਖਿਆ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਅਧਿਆਪਕ ਇੱਕ ਲਾਈਟ ਹਾਊਸ ਦੀ ਤਰ੍ਹਾਂ ਹੁੰਦੇ ਹਨ ਜੋ ਵਿਦਿਆਰਥੀਆਂ ਨੂੰ ਜ਼ਿੰਮੇਵਾਰ ਨਾਗਰਿਕ ਬਣਾਉਣ ਦੇ ਨਾਲ-ਨਾਲ ਚੰਗੇ ਸੰਸਕਾਰ ਭਰਨ ਲਈ ਮਹੱਤਵਪੂਰਨ ਯੋਗਦਾਨ ਪਾਉਂਦੇ ਹਨ। ਉਨ੍ਹਾਂ ਕਿਹਾ ਕਿ ਸਾਨੂੰ ਇੱਕ ਅਧਿਆਪਕਾਂ ਵੱਲੋਂ ਪਾਏ ਵਡਮੁੱਲੇ ਯੋਗਦਾਨ ਲਈ ਸਤਿਕਾਰ ਦੇਣਾ ਚਾਹੀਦਾ ਹੈ।

ਉਨ੍ਹਾਂ ਸਪੱਸ਼ਟ ਕੀਤਾ ਕਿ ਅਧਿਆਪਕ ਦਿਵਸ ਮਨਾਉਣਾ ਸਮੇਂ ਦੀ ਲੋੜ ਹੈ ਅਤੇ ਇਨ੍ਹਾਂ ਦੇ ਸਹਿਜੋਗ ਤੋਂ ਬਗੈਰ ਕੋਈ ਵੀ ਸਮਾਜ ਤਰੱਕੀ ਦੇ ਰਾਹ ਵੱਲ ਨਹੀਂ ਤੁਰ ਸਕਦਾ। ਉਨ੍ਹਾਂ ਕਿਹਾ ਕਿ ਅਧਿਆਪਕ ਮੋਮਬੱਤੀ ਵਾਂਗ ਹੁੰਦਾ ਹੈ ਜੋ ਕਿ ਦੂਜਿਆਂ ਲਈ ਰਸਤਾ ਰੋਸ਼ਨ ਕਰਨ ਲਈ ਆਪਣੇ-ਆਪ ਨੂੰ ਜਲਾਉਂਦਾ ਹੈ। ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਨੇ ਅੱਗੇ ਕਿਹਾ ਕਿ ਵਿਧਾਇਕ ਗਰੇਵਾਲ ਵੱਲੋਂ ਸਮੇਂ-ਸਮੇਂ 'ਤੇ ਸਿੱਖਿਆ ਸਬੰਧੀ ਆਪਣੇ ਹਲਕੇ ਦੀਆਂ ਰੱਖੀਆਂ ਮੰਗਾਂ ਨੂੰ ਪੂਰਾ ਕੀਤਾ ਗਿਆ ਹੈ ਅਤੇ ਜਲਦ ਵਿਧਾਨ ਸਭਾ ਹਲਕਾ ਲੁਧਿਆਣਾ ਪੂਰਬੀ ਲਈ ਇੱਕ ਆਈ.ਟੀ.ਆਈ. ਅਤੇ ਟਿੱਬਾ ਰੋਡ 'ਤੇ ਸਰਕਾਰੀ ਸਕੂਲ ਦਾ ਨਿਰਮਾਣ ਕਰਵਾਇਆ ਜਾਵੇਗਾ। ਉਨ੍ਹਾਂ ਵਿਧਾਇਕ ਭੋਲਾ ਗਰੇਵਾਲ ਵੱਲੋਂ ਸਾਲ 2011 ਤੋਂ ਅਧਿਆਪਕਾਂ ਦੇ ਸਨਮਾਨ ਲਈ ਉਲੀਕੇ ਜਾ ਰਹੇ ਸਮਾਗਮਾਂ ਦੀ ਸ਼ਲਾਘਾ ਕਰਦਿਆਂ ਸੁਚਾਰੂ ਤੇ ਸਫਲ ਆਯੋਜਨ ਲਈ ਵਧਾਈ ਦਿੱਤੀ।

ਇਸ ਮੌਕੇ ਵਿਧਾਇਕ ਦਲਜੀਤ ਸਿੰਘ ਭੋਲਾ ਗਰੇਵਾਲ ਵੱਲੋਂ ਸਿੱਖਿਆ ਮੰਤਰੀ ਹਰਜੋਤ ਬੈਂਸ ਦਾ ਧੰਨਵਾਦ ਕਰਦਿਆਂ ਨਿੱਘਾ ਸੁਆਗਤ ਕੀਤਾ ਗਿਆ। ਵੱਖ-ਵੱਖ ਨਿੱਜੀ ਸਕੂਲਾਂ ਦੀਆਂ ਐਸੋਸੀਏਸ਼ਨਾਂ ਵੱਲੋਂ ਵੀ ਕੈਬਨਿਟ ਮੰਤਰੀ ਦਾ ਸ਼ੁਕਰਾਨਾ ਕੀਤਾ ਗਿਆ ਅਤੇ ਉਨ੍ਹਾਂ ਇੱਕ ਸੁਰ ਵਿੱਚ ਕਿਹਾ ਕਿ ਉਨ੍ਹਾਂ ਦੀਆਂ ਮੁਸ਼ਕਿਲਾਂ ਦੇ ਤੁਰੰਤ ਨਿਪਟਾਰੇ ਲਈ ਉਹ ਸਿੱਖਿਆ ਮੰਤਰੀ ਬੈਂਸ ਦੇ ਹਮੇਸ਼ਾਂ ਰਿਣੀ ਰਹਿਣਗੇ।

# ਆਤਮ-ਨਿਰਭਰ ਭਾਰਤ ਦੇ ਸੁਪਨੇ ਨੂੰ ਪੂਰਾ ਕਰਨ ਲਈ ਸਵਦੇਸ਼ੀ ਨੂੰ ਅਪਣਾਉਣਾ ਜ਼ਰੂਰੀ ਹੈ : ਅਮਿਤਾਭ ਰੁੰਗਟ



**ਚੰਡੀਗੜ੍ਹ, 14 ਅਕਤੂਬਰ -ਕੌਮੀ ਪੱਤ੍ਰਿਕਾ ਬਿਊਰੋ-**

ਸਵਰਗੀ ਪੁਰਸ਼ੋਤਮ ਦਾਸ ਰੁੰਗਟਾ ਚੈਰੀਟੇਬਲ ਟਰੱਸਟ, ਸਰਕਾਰੀ ਕਾਲਜ ਫਾਰ ਵੂਮੈਨ, ਸੈਕਟਰ 14, ਮੁਕਤੀਨਾਥ ਵੇਦ ਵਿਦਿਆਸ਼ਰਮ (ਸੰਸਕ੍ਰਿਤ ਗੁਰੂਕੁਲ) ਨੇ ਇੱਕ ਸ਼ਾਨਦਾਰ 'ਸਵਦੇਸ਼ੀ ਅਪਣਾਓ' ਜਾਗਰੂਕਤਾ ਮੁਹਿੰਮ ਦਾ ਆਯੋਜਨ ਕੀਤਾ, ਜਿਸ ਵਿੱਚ ਵਿਦਿਆਰਥੀਆਂ ਅਤੇ ਸਮਾਜ ਦੇ ਹੋਰ ਮੈਂਬਰਾਂ ਦੁਆਰਾ ਇੱਕ ਪ੍ਰੇਰਨਾਦਾਇਕ ਸੈਰ ਸ਼ਾਮਲ ਸੀ। ਇਸ ਯਾਤਰਾ ਨੂੰ ਪੁਰਸ਼ੋਤਮ ਦਾਸ ਰੁੰਗਟਾ ਚੈਰੀਟੇਬਲ ਟਰੱਸਟ ਦੇ ਸੰਸਥਾਪਕ ਅਮਿਤਾਭ ਰੁੰਗਟਾ ਅਤੇ ਪ੍ਰਸਿੱਧ ਸਮਾਜ ਸੇਵੀ ਅਨੁਪਮਾ ਰੁੰਗਟਾ, ਸਤਿਕਾਰਯੋਗ ਬਾਬੂ ਮਹਿੰਦਰਾ ਜੀ (ਧਰਮ ਜਾਗਰਣ ਸੂਬਾ ਪ੍ਰਧਾਨ), ਸੁਰੇਸ਼ ਗੋਇਲ, ਸੁਰਿੰਦਰ ਸਿੰਗਲਾ, ਬੇਨੂ ਰਾਓ, ਰਾਜੀਵ ਜੀ, ਅਚਾਰੀਆ ਗੁਰੂਕੁਲ ਸਵਾਮੀ ਛੰਦੂ ਪ੍ਰਸਾਦ, ਪ੍ਰੋ. ਯਾਦਵ, ਅਲਕਾ ਸ਼ਰਮਾ ਅਤੇ ਸ਼ਿਵਾਨੀ ਡਾ. ਕੌਸ਼ਿਕ .ਸੈਰ ਦੌਰਾਨ ਮਾਹੌਲ ਭਾਰਤ ਮਾਤਾ ਕੀ ਜੈ ਦੇ ਨਾਅਰਿਆਂ ਨਾਲ ਗੂੰਜ ਉੱਠਿਆ, ਅਤੇ ਇਸ ਸੈਰ ਰਾਹੀਂ, ਬੱਚਿਆਂ ਨੇ ਸਵਦੇਸ਼ੀ ਅਪਣਾਉਣ ਦੀ ਮਹੱਤਤਾ ਨੂੰ ਉਜਾਗਰ ਕੀਤਾ। ਸਕੂਲ ਪ੍ਰਸ਼ਾਸਨ, ਗੁਰੂਕੁਲ ਅਧਿਆਪਕਾਂ, ਵਿਦਿਆਰਥੀਆਂ ਅਤੇ ਸਥਾਨਕ ਨਾਗਰਿਕਾਂ ਨੇ ਇਸ ਸਮਾਗਮ ਵਿੱਚ ਸਰਗਰਮੀ ਨਾਲ ਹਿੱਸਾ ਲਿਆ।

ਅਮਿਤਾਭ ਰੁੰਗਟਾ ਨੇ ਇਸ ਮੌਕੇ ਕਿਹਾ, ÷ਆਤਮ-ਨਿਰਭਰ ਭਾਰਤ ਦੇ ਸੁਪਨੇ ਨੂੰ ਪੂਰਾ ਕਰਨ ਲਈ ਸਵਦੇਸ਼ੀ ਨੂੰ ਅਪਣਾਉਣਾ ਜ਼ਰੂਰੀ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸਾਰੇ ਭਾਰਤੀਆਂ ਨੂੰ ਸਵਦੇਸ਼ੀ ਅਪਣਾਉਣ ਦੀ ਅਪੀਲ ਕੀਤੀ ਹੈ ਤਾਂ ਜੋ ਦੇਸ਼ ਨੂੰ ਦਰਾਮਦ ਦੀ ਘੱਟ ਤੋਂ ਘੱਟ ਲੋੜ ਪਵੇ। ਅਸੀਂ ਇਸ ਮੁਹਿੰਮ ਦਾ ਆਯੋਜਨ ਲੋਕਾਂ ਨੂੰ ਦੇਸ਼ ਪ੍ਰਤੀ ਆਪਣੇ ਫਰਜ਼ਾਂ ਤੋਂ ਜਾਣੂ ਕਰਵਾਉਣ ਲਈ ਕੀਤਾ ਹੈ। ਯਾਤਰਾ ਰਾਹੀਂ ਵਿਦਿਆਰਥੀਆਂ ਅਤੇ ਵਿਦਿਆਰਥਣਾਂ ਨੇ ਲੋਕਾਂ ਨੂੰ ਸਵਦੇਸ਼ੀ ਉਤਪਾਦਾਂ ਨੂੰ ਅਪਣਾਉਣ ਅਤੇ ਸਵੈ-ਨਿਰਭਰ ਭਾਰਤ ਬਣਾਉਣ ਵਿੱਚ ਆਪਣੀ ਭੂਮਿਕਾ ਨਿਭਾਉਣ ਦਾ ਸੰਦੇਸ਼ ਦਿੱਤਾ।÷

ਲੋਕਾਂ ਨੂੰ ਦੇਸ਼ ਭਗਤੀ ਦੀ ਭਾਵਨਾ ਨਾਲ ਭਾਰਤ ਲਈ ਕੰਮ ਕਰਨ ਦੀ ਜ਼ਰੂਰਤ ਨੂੰ ਉਜਾਗਰ ਕਰਨ ਲਈ ਇੱਕ ਵਿਸ਼ਾਲ ਸਵਦੇਸ਼ੀ ਗੋਦ ਲੈਣ ਜਾਗਰੂਕਤਾ ਮੁਹਿੰਮ ਦਾ ਆਯੋਜਨ ਕੀਤਾ ਗਿਆ। 400 ਤੋਂ ਵੱਧ ਲੋਕਾਂ ਨੇ ਹਿੱਸਾ ਲਿਆ।

# ਦਿਲਾਵਰਪੁਰ ਛਿੰਝ ਵਿੱਚ ਝੰਡੀ ਦੀਆਂ ਕੁਸ਼ਤੀਆਂ ਵਿੱਚ ਜੱਸਾ ਪੱਟੀ, ਪ੍ਰਿਤਪਾਲ ਫਗਵਾੜਾ, ਭੁਪਿੰਦਰ ਅਜਨਾਲਾ ਤੇ ਰੂਬਲ ਖੰਨਾ ਜਿੱਤੇ

**ਮਾਛੀਵਾੜਾ ਸਾਹਿਬ, 14 ਅਕਤੂਬਰ -ਕੌਮੀ ਪੱਤ੍ਰਿਕਾ ਬਿਊਰੋ-**

ਰਾਹੋਂ ਨਜ਼ਦੀਕ ਪਿੰਡ ਦਿਲਾਵਰਪੁਰ ਦਾ ਸੰਸਾਰ ਪ੍ਰਸਿੱਧ ਦੰਗਲ ਮੇਲਾ ਬੀਤੇ ਕੱਲ੍ਹ ਕਰਵਾਇਆ ਗਿਆ ਜਿਸ ਸਬੰਧੀ ਜਾਣਕਾਰੀ ਦਿੰਦਿਆਂ ਸਰਪੰਚ ਹਰੀਪਾਲ ਮਹਿਮੀ ਲੰਬੜਦਾਰ, ਜੀਵਨ ਮਹਿਮੀ, ਦੀਪਾ ਮਹਿਮੀ ਨੇ ਦੱਸਿਆ ਕਿ ਪੰਜ ਪੀਰੀ ਦਰਬਾਰ ਦੇ ਮੁੱਖ ਸੇਵਾਦਾਰ ਭਗਤ ਪ੍ਰਕਾਸ਼ ਰਾਮ ਜੀ ਦੀ ਸੁਚੱਜੀ ਅਗਵਾਈ ਵਿੱਚ 56ਵਾਂ ਸਲਾਨਾ ਵਿਸ਼ਾਲ ਦੰਗਲ ਮੇਲਾ ਕਰਵਾਇਆ ਗਿਆ, ਜਿਸ ਵਿੱਚ 300 ਤੋਂ ਵਧੇਰੇ ਪਹਿਲਵਾਨਾਂ ਨੇ ਆਪਣੀਆਂ ਕੁਸ਼ਤੀਆਂ ਦੇ ਜੌਹਰ ਦਿਖਾਏ। ਦੰਗਲ ਮੇਲੇ ਦੀ ਸ਼ੁਰੂਆਤ ਤੋਂ ਪਹਿਲਾਂ ਵੱਖ-ਵੱਖ ਸੂਫੀ ਕਲਾਕਾਰਾਂ ਨੇ ਪੰਜ ਪੀਰ ਦਰਬਾਰ ਵਿਖੇ ਪੀਰਾਂ ਦਾ ਗੁਣਗਾਨ ਕਰਦਿਆਂ ਸੰਗਤਾਂ ਨੂੰ ਝੂੰਮਣ ਲਈ ਮਜਬੂਰ ਕਰ ਦਿੱਤਾ। ਪੰਜ ਸ੍ਰੀ ਦਰਬਾਰ ਕੀਤੀ ਗਈ ਰੰਗ ਬਰੰਗੀਆਂ ਲਾਈਟਾਂ ਦੀ ਸਜਾਵਟ ਨੇ ਦਰਸ਼ਕਾਂ ਦਾ ਮਨ ਮੋਹ ਲਿਆ। ਦੰਗਲ ਮੇਲੇ ਵਿੱਚ ਝੰਡੀ ਦੀ ਵੱਡੀ ਕੁਸ਼ਤੀ ਟਰੈਕਟਰ ਇਨਾਮ ਤੇ ਕਰਵਾਈ ਗਈ ਜਿਸ ਵਿੱਚ ਜੱਸਾ ਪੱਟੀ ਨੇ ਗੌਰਵ ਮਹਾਰਾਸ਼ਟਰ ਨੂੰ ਚਿੱਤ ਕੀਤਾ ਅਤੇ ਭੁਪਿੰਦਰ ਅਜਨਾਲਾ ਨੇ ਮਿਰਚਾਂ ਇਰਾਨ ਨੂੰ ਪੁਆਇੰਟ ਦੇ ਅਧਾਰ ਤੇ ਹਰਾਇਆ। ਕਾਲੂ ਬਾਹੜੋਵਾਲ ਨੇ ਮਨਜੀਤ ਖੱਤਰੀ ਨੂੰ ਚਿੱਤ ਕਰਦਿਆਂ ਕਾਲਾ ਸਤਿਆਣਾ ਵੱਲੋਂ ਦਾਨ ਕੀਤਾ ਬੁੱਲਟ ਮੋਟਰਸਾਈਕਲ ਬੁੱਲਟ ਮੋਟਰਸਾਈਕਲ ਜਿੱਤਿਆ। ਤੀਰਥ ਫਗਵਾੜਾ ਨੇ ਵੀ ਸਪਲੈਂਡਰ ਮੋਟਰਸਾਈਕਲ ਇਨਾਮੀ ਕੁਸ਼ਤੀ ਜਿੱਤੀ। ਰੂਬਲਜੀਤ ਖੰਨਾ ਅਤੇ ਅਜੇ ਕੈਥਲ ਵਿਚਕਾਰ ਸੱਜਰ ਸੂਈ ਝੋਟੀ ਇਨਾਮੀ ਕੁਸ਼ਤੀ ਕਰਵਾਈ ਗਈ ,ਜਿਸ ਵਿੱਚ ਰੂਬਲਜੀਤ ਖੰਨਾ ਨੇ ਸ਼ਾਨਦਾਰ ਜਿੱਤ ਪ੍ਰਾਪਤ ਕੀਤੀ। ਅਗਲੀ ਕੁਸ਼ਤੀ ਵਿੱਚ ਪ੍ਰਿਤਪਾਲ ਫਗਵਾੜਾ ਨੇ ਸੋਨੂ ਕਾਂਗੜਾ ਨੂੰ ਮਿੰਟਾਂ ਵਿੱਚ ਹੀ ਚਿੱਤ ਕਰ ਦਿੱਤਾ, ਜਦਕਿ ਹੋਦੀ ਇਰਾਨ ਅਤੇ ਗੌਰਵ ਮਾਛੀਵਾੜਾ ਵਿਚਕਾਰ ਕੁਸ਼ਤੀ ਬਰਾਬਰ ਰਹੀ। ਇਸ ਦੰਗਲ ਮਿਲੇ ਦੀ ਕਮੈਂਟਰੀ ਇੰਟਰਨੈਸ਼ਨਲ ਕੁਮੈਂਟੇਟਰ ਮਨਜੀਤ ਸਿੰਘ ਕੰਗ ਰਾਹੋਂ ਵਾਲੇ ਅਤੇ ਕਰਮਦੀਨ ਨੇ ਆਪਣੇ ਸ਼ਾਇਰਾਨਾ ਅੰਦਾਜ਼ ਨਾਲ ਕੀਤੀ ,ਜਿਸ ਨੂੰ ਸੰਗਤਾਂ ਨੇ ਖੂਬ ਸਰਾਹਿਆ। ਇਸ ਦੰਗਲ ਮੇਲੇ ਵਿੱਚ ਮੁੱਖ ਮਹਿਮਾਨ ਵਜੋਂ ਸਾਬਕਾ ਵਿਧਾਇਕ ਅੰਗਦ ਸੈਣੀ, ਹਲਕਾ ਇੰਚਾਰਜ ਆਮ ਪਾਰਟੀ ਲਲਿਤ ਮੋਹਨ ਪਾਠਕ, ਸੋਸਾਇਟੀ ਪ੍ਰਧਾਨ ਜਗਦੀਤ ਸਿੰਘ, ਕਾਂਗਰਸੀ ਆਗੂ ਨਰਿੰਦਰ ਪਾਲ ਲੱਕੀ ਮਾਛੀਵਾੜਾ, ਹਿੰਮਤ ਕੁਮਾਰ ਬੌਬੀ ਸਾਬਕਾ ਪ੍ਰਧਾਨ ਰਾਹੋਂ ਨੇ ਸ਼ਿਰਕਤ ਕੀਤੀ ਅਤੇ ਜੇਤੂ ਪਹਿਲਵਾਨਾਂ ਨੂੰ ਇਨਾਮਾਂ ਦੀ ਵੰਡ ਕੀਤੀ। ਦੀਪਾ ਮਹਿਮੀ ਵੱਲੋਂ ਪਹਿਲਵਾਨਾ ਦੀਆਂ ਜੋੜਾਂ ਬੰਨੀਆਂ ਗਈਆਂ ਜਿਸ ਨੂੰ ਦਰਸ਼ਕਾਂ ਨੇ ਤਾੜੀਆਂ ਮਾਰ ਕੇ ਪ੍ਰਵਾਨ ਕੀਤਾ। ਇਸ ਦੰਗਲ ਮੇਲੇ ਦੀ ਸਫਲਤਾ ਲਈ ਸਰਪੰਚ ਹਰੀ ਪਾਲ ਲੰਬੜਦਾਰ, ਸਾਬਕਾ ਸਰਪੰਚ ਜਗਜੀਤ ਮਹਿਮੀ ,ਜੀਵਨ ਮਹਿਮੀ ,ਦੀਪਾ ਮਹਿਮੀ, ਅਮਰਜੀਤ ਮਹਿਮੀ,,ਆਦੇਸ਼ ਮਹਿਮੀ , ਸ਼ੁਭਦੀਪ ਮਹਿਮੀ, ਓਮਕਾਰ ਸਿੰਘ ਮਹਿੰਦੀਪੁਰ, ਪਾਲ ਰਾਮ ਬੰਗਾ, ਮੋਹਣ ਲਾਲ ਫਗਵਾੜਾ, ਰੋਹਿਤ ਮਹਿਮੀ,ਹਰਭਜਨ ਖਰੌੜ, ਜਸਵੰਤ ਯੂ.ਕੇ.,ਗੁਰਚਰਨ ਸਿੰਘ ਅਤੇ ਐਨ.ਆਰ.ਆਈ. ਵੀਰਾਂ ਦਾ ਵਿਸ਼ੇਸ਼ ਯੋਗਦਾਨ ਰਿਹਾ।

# ਪਾਣੀ ਦੇ ਬਿੱਲਾਂ ਵਿੱਚ ਦੇਰੀ ਨਾਲ ਭੁਗਤਾਨ ਸਰਚਾਰਜ ਦੀ 100% ਛੋਟ: ਮੁੱਖ ਮੰਤਰੀ ਰੇਖਾ ਗੁਪਤਾ

ਕੌਮੀ ਪਤ੍ਰਿਕਾ

ਨਵੀਂ ਦਿੱਲੀ, 14 ਅਕਤੂਬਰ। ਦਿੱਲੀ ਦੀ ਮੁੱਖ ਮੰਤਰੀ ਰੇਖਾ ਗੁਪਤਾ ਨੇ ਬਕਾਇਆ ਪਾਣੀ ਦੇ ਬਿੱਲਾਂ ਅਤੇ ਅਣਅਧਿਕਾਰਤ ਪੀਣ ਵਾਲੇ ਪਾਣੀ ਅਤੇ ਸੀਵਰੇਜ ਕੁਨੈਕਸ਼ਨਾਂ ਲਈ ਮਹੱਤਵਪੂਰਨ ਰਾਹਤ ਦਾ ਐਲਾਨ ਕੀਤਾ ਹੈ। ਮੁੱਖ ਮੰਤਰੀ ਦੇ ਅਨੁਸਾਰ, ਜੇਕਰ ਲੋਕ ਅਗਲੇ ਸਾਲ 31 ਜਨਵਰੀ ਤੱਕ ਆਪਣੇ ਪੁਰਾਣੇ ਪਾਣੀ ਦੇ ਬਿੱਲਾਂ ਦਾ ਭੁਗਤਾਨ ਕਰਦੇ ਹਨ, ਤਾਂ ਉਨ੍ਹਾਂ ਨੂੰ ਦੇਰੀ ਨਾਲ ਭੁਗਤਾਨ ਕਰਨ ਵਾਲੇ ਖਰਚਿਆਂ 'ਤੇ 100% ਛੋਟ ਮਿਲੇਗੀ। ਇਸ ਤੋਂ ਇਲਾਵਾ, ਗੈਰ-ਕਾਨੂੰਨੀ ਕੁਨੈਕਸ਼ਨਾਂ ਲਈ ਜੁਰਮਾਨੇ 'ਤੇ ਵੀ ਮਹੱਤਵਪੂਰਨ ਛੋਟਾਂ ਦਿੱਤੀਆਂ ਜਾ ਰਹੀਆਂ ਹਨ। ਮੁੱਖ ਮੰਤਰੀ ਨੇ ਕਿਹਾ ਕਿ ਇਸ ਸਰਕਾਰੀ ਯੋਜਨਾ ਤਹਿਤ ਲਗਭਗ 11,000 ਕਰੋੜ ਰੁਪਏ ਦੇ ਸਰਚਾਰਜ ਮੁਆਫ਼ ਕੀਤੇ ਜਾਣਗੇ। ਜਲ ਮੰਤਰੀ ਪਰਵੇਸ਼ ਸਾਹਿਬ ਸਿੰਘ ਨੇ ਇਹ ਵੀ ਕਿਹਾ ਕਿ ਇਹ ਦਿੱਲੀ ਦੇ ਲੋਕਾਂ ਲਈ ਦੀਵਾਲੀ ਦਾ ਤੋਹਫ਼ਾ ਹੈ। ਉਨ੍ਹਾਂ ਅੱਗੇ ਕਿਹਾ ਕਿ ਇਹ ਪਹਿਲ ਜਨਤਕ ਹਿੱਤ ਵਿੱਚ ਹੈ। ਉਨ੍ਹਾਂ ਦੀ ਸਰਕਾਰ ਦਾ ਉਦੇਸ਼ ਜਲ ਬੋਰਡ ਦੇ ਕੰਮਕਾਜ ਨੂੰ ਬਿਹਤਰ ਅਤੇ ਬਿਹਤਰ ਬਣਾਉਣਾ ਹੈ। ਮੁੱਖ ਮੰਤਰੀ ਰੇਖਾ ਗੁਪਤਾ ਦੇ ਅਨੁਸਾਰ, ਸਾਡੀ ਸਰਕਾਰ ਚਾਹੁੰਦੀ ਹੈ ਕਿ ਕੋਈ ਵੀ ਖਪਤਕਾਰ ਪਿਛਲੇ ਬਕਾਏ ਜਾਂ ਤਕਨੀਕੀ ਖਾਮੀਆਂ ਕਾਰਨ ਪੀਣ ਵਾਲੇ ਪਾਣੀ ਤੋਂ ਵਾਂਝਾ ਨਾ ਰਹੇ। ਉਨ੍ਹਾਂ ਦੱਸਿਆ ਕਿ ਪਾਣੀ ਦੀ ਖਪਤ ਦੇ ਬਿੱਲ ਦੋ ਮਹੀਨਿਆਂ ਦੀ ਮਿਆਦ ਲਈ ਚਾਰਜਾਂ 'ਤੇ ਅਧਾਰਤ ਹੁੰਦੇ ਹਨ, ਅਤੇ ਜੇਕਰ ਖਪਤਕਾਰ ਸਮੇਂ ਸਿਰ ਇਸ ਫੀਸ ਦਾ ਭੁਗਤਾਨ ਕਰਨ ਵਿੱਚ ਅਸਫਲ ਰਹਿੰਦੇ ਹਨ, ਤਾਂ ਲੇਟ ਪੇਮੈਂਟ ਸਰਚਾਰਜ ਲਗਾਇਆ ਜਾਂਦਾ ਹੈ, ਜੋ ਕਿ ਮਿਸ਼ਰਿਤ ਵਿਆਜ ਦਰ 'ਤੇ ਵਧਦਾ ਹੈ। ਇਸ ਨਾਲ ਬਾਅਦ ਵਿੱਚ ਖਪਤਕਾਰਾਂ ਨੂੰ ਅਸੁਵਿਧਾ ਹੁੰਦੀ ਹੈ, ਅਤੇ ਉਨ੍ਹਾਂ ਦੇ




ਕੁਨੈਕਸ਼ਨ ਅਕਸਰ ਕੱਟ ਦਿੱਤੇ ਜਾਂਦੇ ਹਨ। ਇਸ ਸਮੱਸਿਆ ਨੂੰ ਧਿਆਨ ਵਿੱਚ ਰੱਖਦੇ ਹੋਏ, ਲੇਟ ਪੇਮੈਂਟ ਸਰਚਾਰਜ ਛੋਟ ਸਕੀਮ ਲਾਗੂ ਕੀਤੀ ਗਈ ਹੈ। ਇਸ ਸਕੀਮ ਦੇ ਤਹਿਤ, ਜੇਕਰ ਲੋਕ 31 ਜਨਵਰੀ, 2026 ਤੱਕ ਆਪਣੇ ਬਕਾਇਆ ਬਿੱਲਾਂ ਦਾ ਭੁਗਤਾਨ ਕਰਦੇ ਹਨ, ਤਾਂ ਉਨ੍ਹਾਂ ਦਾ ਲੇਟ ਪੇਮੈਂਟ ਸਰਚਾਰਜ 100% ਮੁਆਫ਼ ਕਰ ਦਿੱਤਾ ਜਾਵੇਗਾ। ਇਹ ਭੁਗਤਾਨ ਇੱਕਮੁਸ਼ਤ ਜਾਂ ਕਿਸ਼ਤਾਂ ਵਿੱਚ ਕੀਤਾ ਜਾ ਸਕਦਾ ਹੈ। ਇਸ ਸਕੀਮ ਦੇ ਲਾਭ ਸਿਰਫ਼ ਤਾਂ ਹੀ ਉਪਲਬਧ ਹੋਣਗੇ ਜੇਕਰ ਮੂਲ ਰਕਮ ਪੂਰੀ ਤਰ੍ਹਾਂ ਅਦਾ ਕੀਤੀ ਗਈ ਹੋਵੇ। ਇਸ ਤੋਂ ਬਾਅਦ, 1 ਫਰਵਰੀ, 2026 ਤੋਂ 31 ਮਾਰਚ, 2026 ਤੱਕ ਇਸ ਯੋਜਨਾ ਦੇ ਤਹਿਤ 70 ਪ੍ਰਤੀਸ਼ਤ ਦੇਰੀ ਨਾਲ ਭੁਗਤਾਨ ਸਰਚਾਰਜ ਛੋਟ ਦਿੱਤੀ ਜਾਵੇਗੀ। ਮੁੱਖ ਮੰਤਰੀ ਨੇ ਕਿਹਾ ਕਿ ਜੇਕਰ ਸਾਰੇ ਖਪਤਕਾਰ ਇਸ ਯੋਜਨਾ ਦਾ ਲਾਭ ਲੈਂਦੇ ਹਨ, ਤਾਂ ਲਗਭਗ 11,000 ਕਰੋੜ ਰੁਪਏ ਦੇਰੀ ਨਾਲ ਭੁਗਤਾਨ ਸਰਚਾਰਜ ਮੁਆਫ਼ ਕੀਤੇ ਜਾਣਗੇ। ਉਨ੍ਹਾਂ ਸਪੱਸ਼ਟ ਕੀਤਾ ਕਿ ਇਹ ਇੱਕ ਸੀਮਤ-ਮਿਆਦ ਦੀ ਯੋਜਨਾ ਹੈ ਜੋ ਸਮੇਂ ਸਿਰ ਬਿੱਲਾਂ ਦਾ ਭੁਗਤਾਨ ਕਰਨ ਦੀ ਆਦਤ ਨੂੰ ਉਤਸ਼ਾਹਿਤ ਕਰਨ ਲਈ ਬਣਾਈ ਗਈ ਹੈ। ਮੁੱਖ ਮੰਤਰੀ ਨੇ ਦੂਜੀ ਯੋਜਨਾ ਬਾਰੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਹ ਉਨ੍ਹਾਂ ਖਪਤਕਾਰਾਂ ਲਈ ਹੈ ਜਿਨ੍ਹਾਂ ਕੋਲ ਅਣਅਧਿਕਾਰਤ ਪਾਣੀ ਜਾਂ ਸੀਵਰ ਕੁਨੈਕਸ਼ਨ ਹਨ। ਇਹ ਅਣਅਧਿਕਾਰਤ ਪਾਣੀ ਅਤੇ ਸੀਵਰ ਕੁਨੈਕਸ਼ਨ ਰੈਗੂਲਰਾਈਜ਼ੇਸ਼ਨ ਸਕੀਮ 31 ਜਨਵਰੀ, 2026 ਤੱਕ ਲਾਗੂ ਰਹੇਗੀ। ਇਸ ਯੋਜਨਾ ਦੇ ਤਹਿਤ, ਅਣਅਧਿਕਾਰਤ ਕੁਨੈਕਸ਼ਨਾਂ ਲਈ ਜੁਰਮਾਨੇ ਵਿੱਚ ਕਾਫ਼ੀ ਕਮੀ ਕੀਤੀ ਗਈ ਹੈ। ਘਰੇਲੂ ਕੁਨੈਕਸ਼ਨ ਨੂੰ ਨਿਯਮਤ ਕਰਨ ਲਈ ਲਗਭਗ 25 ਹਜ਼ਾਰ ਰੁਪਏ ਦੀ ਬਜਾਏ ਸਿਰਫ ਇੱਕ ਹਜ਼ਾਰ ਰੁਪਏ ਦਾ ਟੋਕਨ ਜੁਰਮਾਨਾ ਲਗਾਉਣਾ ਪਵੇਗਾ, ਜਦੋਂ ਕਿ ਗੈਰ-ਘਰੇਲੂ ਕੁਨੈਕਸ਼ਨਾਂ ਲਈ, 61 ਹਜ਼ਾਰ ਰੁਪਏ ਦੀ ਬਜਾਏ ਸਿਰਫ ਪੰਜ ਹਜ਼ਾਰ ਰੁਪਏ ਦਾ ਭੁਗਤਾਨ ਕੀਤਾ ਜਾਵੇਗਾ। ਮੁੱਖ ਮੰਤਰੀ ਨੇ ਕਿਹਾ ਕਿ ਦਿੱਲੀ ਵਿੱਚ ਵੱਡੀ ਗਿਣਤੀ ਵਿੱਚ ਪਰਿਵਾਰ ਜਾਗਰੂਕਤਾ ਦੀ ਘਾਟ ਜਾਂ ਨਿਯਮਤ ਫੀਸ ਦਾ ਭੁਗਤਾਨ ਕਰਨ ਵਿੱਚ ਅਸਮਰੱਥਾ ਕਾਰਨ ਬਿਨਾਂ ਇਜਾਜ਼ਤ ਦੇ ਪਾਣੀ ਜਾਂ ਸੀਵਰ ਕੁਨੈਕਸ਼ਨਾਂ ਦੀ ਵਰਤੋਂ ਕਰ ਰਹੇ ਹਨ। ਇਸ ਯੋਜਨਾ ਦੇ ਤਹਿਤ ਛੋਟ ਸਿਰਫ ਜੁਰਮਾਨੇ ਦੀ ਰਕਮ 'ਤੇ ਲਾਗੂ ਹੋਵੇਗੀ, ਜਦੋਂ ਕਿ ਆਮ ਪਾਣੀ ਅਤੇ ਸੀਵਰ ਕੁਨੈਕਸ਼ਨ ਫੀਸ ਅਤੇ ਬੁਨਿਆਦੀ ਢਾਂਚੇ ਦੇ ਖਰਚੇ ਨਿਯਮਾਂ ਅਨੁਸਾਰ ਅਦਾ ਕਰਨੇ ਪੈਣਗੇ। ਉਨ੍ਹਾਂ ਕਿਹਾ ਕਿ ਇਹ ਅਜਿਹੀ ਆਖਰੀ ਯੋਜਨਾ ਹੋਵੇਗੀ, ਅਤੇ ਜੇਕਰ ਕੋਈ ਖਪਤਕਾਰ ਇਸ ਤੋਂ ਬਾਅਦ ਆਪਣਾ ਕੁਨੈਕਸ਼ਨ ਰੈਗੂਲਰ ਨਹੀਂ ਕਰਦਾ ਹੈ, ਤਾਂ ਉਸਦਾ ਕੁਨੈਕਸ਼ਨ ਕੱਟ ਦਿੱਤਾ ਜਾਵੇਗਾ। ਮੁੱਖ ਮੰਤਰੀ ਨੇ ਇਹ ਵੀ ਮਹੱਤਵਪੂਰਨ ਜਾਣਕਾਰੀ ਦਿੱਤੀ: ਦਿੱਲੀ ਜਲ ਬੋਰਡ ਨੇ ਲੇਟ ਪੇਮੈਂਟ ਸਰਚਾਰਜ ਸਕੀਮ ਲਾਗੂ ਕਰਨ ਤੋਂ ਪਹਿਲਾਂ ਸਾਰੇ ਤਕਨੀਕੀ ਮੁੱਦਿਆਂ ਨੂੰ ਹੱਲ ਕੀਤਾ ਹੈ। ਪਿਛਲੀ ਸਰਕਾਰ ਦੇ ਕਾਰਜਕਾਲ ਦੌਰਾਨ, ਮਾਲੀਆ ਪ੍ਰਬੰਧਨ ਪ੍ਰਣਾਲੀ ਸਾਫਟਵੇਅਰ ਦਾ ਲਾਇਸੈਂਸ ਅਤੇ ਰੱਖ-ਰਖਾਅ ਬੁਰੀ ਤਰ੍ਹਾਂ ਪ੍ਰਭਾਵਿਤ ਹੋਇਆ ਸੀ, ਜਿਸਦੇ ਨਤੀਜੇ ਵਜੋਂ ਬਿਲਿੰਗ ਪ੍ਰਣਾਲੀ ਵਿੱਚ ਵਿਘਨ ਪਿਆ ਅਤੇ ਨਵੇਂ ਖਪਤਕਾਰਾਂ ਨੂੰ ਜੋੜਨ ਵਿੱਚ ਅਸਮਰੱਥਾ ਪੈਦਾ ਹੋਈ। ਦਿੱਲੀ ਜਲ ਬੋਰਡ ਦੇ ਯਤਨਾਂ ਸਦਕਾ, ਸਿਸਟਮ ਹੁਣ ਸੁਚਾਰੂ ਢੰਗ ਨਾਲ ਕੰਮ ਕਰ ਰਿਹਾ ਹੈ ਅਤੇ ਨਵੇਂ ਖਪਤਕਾਰ ਸ਼ਾਮਲ ਕੀਤੇ ਜਾ ਰਹੇ ਹਨ। ਇਸ ਮੌਕੇ ਜਲ ਮੰਤਰੀ ਪਰਵੇਸ਼ ਸਾਹਿਬ ਸਿੰਘ ਨੇ ਕਿਹਾ ਕਿ ਅਸੀਂ ਇਹ ਕਦਮ ਜਨਤਕ ਹਿੱਤ ਵਿੱਚ ਚੁੱਕਿਆ ਹੈ, ਤਾਂ ਜੋ ਲੋਕ ਕਾਨੂੰਨੀ ਕੁਨੈਕਸ਼ਨ ਪ੍ਰਾਪਤ ਕਰ ਸਕਣ। ਉਨ੍ਹਾਂ ਕਿਹਾ ਕਿ ਸਰਕਾਰ ਦੇ ਇਸ ਫੈਸਲੇ ਕਾਰਨ ਜਲ ਬੋਰਡ ਨੂੰ ਵਿੱਤੀ ਨੁਕਸਾਨ ਤਾਂ ਸਹਿਣਾ ਪਵੇਗਾ, ਪਰ ਇਸ ਨਾਲ ਆਮ ਲੋਕਾਂ ਨੂੰ ਫਾਇਦਾ ਹੋਵੇਗਾ। ਸਾਡੀ ਸਰਕਾਰ ਨੇ ਦਿੱਲੀ ਦੇ ਲੋਕਾਂ ਨੂੰ ਦੀਵਾਲੀ ਦਾ ਤੋਹਫ਼ਾ ਦਿੱਤਾ ਹੈ। ਸਿੰਘ ਨੇ ਕਿਹਾ ਕਿ ਅਸੀਂ ਜਲ ਬੋਰਡ ਦੇ ਸਿਸਟਮ ਨੂੰ ਪੂਰੀ ਤਰ੍ਹਾਂ ਸਹੀ ਅਤੇ ਪ੍ਰਭਾਵਸ਼ਾਲੀ ਬਣਾਉਣਾ ਚਾਹੁੰਦੇ ਹਾਂ। ਅਸੀਂ ਪਾਣੀ ਦੇ ਖਪਤਕਾਰਾਂ ਦੀ ਗਿਣਤੀ ਵਧਾਉਣ ਲਈ ਵੀ ਠੋਸ ਉਪਾਅ ਕਰ ਰਹੇ ਹਾਂ। ਇਸ ਤੋਂ ਇਲਾਵਾ, ਅਸੀਂ ਜਨਤਾ ਨੂੰ ਹੋਰ ਸਹੂਲਤਾਂ ਪ੍ਰਦਾਨ ਕਰਨ ਲਈ ਸੀਵਰੇਜ ਸਿਸਟਮ ਨੂੰ ਮਜ਼ਬੂਤ ??ਕਰ ਰਹੇ ਹਾਂ। ਇਸ ਤੋਂ ਇਲਾਵਾ, ਯਮੁਨਾ ਨਦੀ ਨੂੰ ਸ਼ੁੱਧ ਅਤੇ ਸਾਫ਼ ਬਣਾਉਣ ਲਈ ਵੱਡੀਆਂ ਯੋਜਨਾਵਾਂ ਵੀ ਲਾਗੂ ਕੀਤੀਆਂ ਜਾ ਰਹੀਆਂ ਹਨ।

## ਮਣੀਪੁਰ 'ਚ ਇਸ ਸਾਲ 2,332 ਡੇਂਗੂ ਦੇ ਮਾਮਲੇ ਸਾਹਮਣੇ ਆਏ; ਇੱਕ ਮੌਤ

ਨੈਸ਼ਨਲ ਡੈਸਕ 14 ਅਕਤੂਬਰ। ਮਣੀਪੁਰ ਵਿੱਚ ਇਸ ਸਾਲ ਹੁਣ ਤੱਕ ਕੁੱਲ 2,332 ਡੇਂਗੂ ਦੇ ਮਾਮਲੇ ਸਾਹਮਣੇ ਆਏ ਹਨ, ਅਤੇ ਇੱਕ ਮੌਤ ਮੱਛਰ ਤੋਂ ਹੋਣ ਵਾਲੀ ਬਿਮਾਰੀ ਕਾਰਨ ਹੋਈ ਹੈ, ਇੱਕ ਅਧਿਕਾਰਤ ਰਿਪੋਰਟ ਦੇ ਅਨੁਸਾਰ। ਰਿਪੋਰਟ ਦੇ ਅਨੁਸਾਰ, 1 ਜਨਵਰੀ ਤੋਂ 11 ਅਕਤੂਬਰ ਦੇ ਵਿਚਕਾਰ ਰਾਜ ਵਿੱਚ 5,613 ਲੋਕਾਂ ਦੇ ਡੇਂਗੂ ਲਈ ਟੈਸਟ ਕੀਤੇ ਗਏ, ਜਿਨ੍ਹਾਂ ਵਿੱਚੋਂ 2,332 ਲੋਕਾਂ ਦੇ ਇਸ ਬਿਮਾਰੀ



ਤੋਂ ਪੀੜਤ ਹੋਣ ਦੀ ਪੁਸ਼ਟੀ ਹੋਈ। ਇਹ ਪਿਛਲੇ ਸਾਲ ਦੇ ਮੁਕਾਬਲੇ 979 ਮਾਮਲਿਆਂ ਦਾ ਵਾਧਾ ਦਰਸਾਉਂਦਾ ਹੈ। 2024 ਵਿੱਚ ਇਸੇ ਸਮੇਂ ਦੌਰਾਨ, ਰਾਜ ਵਿੱਚ 1,353 ਡੇਂਗੂ ਦੇ ਮਾਮਲੇ ਸਾਹਮਣੇ ਆਏ ਸਨ। ਇਸ ਸਾਲ, ਸਭ ਤੋਂ ਵੱਧ ਮਾਮਲੇ ਇੰਫਾਲ ਪੱਛਮੀ ਜ਼ਿਲ੍ਹੇ ਵਿੱਚ ਸਾਹਮਣੇ ਆਏ, ਜਿੱਥੇ 1,679 ਲੋਕ ਸੰਕਰਮਿਤ ਪਾਏ ਗਏ। ਇਸ ਤੋਂ ਬਾਅਦ ਇੰਫਾਲ ਪੂਰਬ ਵਿੱਚ 363 ਮਾਮਲੇ ਸਾਹਮਣੇ ਆਏ। ਬਿਸ਼ਨੂਪੁਰ ਜ਼ਿਲ੍ਹੇ ਵਿੱਚ 68 ਮਾਮਲੇ ਅਤੇ ਥੌਬਲ ਵਿੱਚ 63 ਮਾਮਲੇ ਸਾਹਮਣੇ ਆਏ, ਜਦੋਂ ਕਿ ਡੇਂਗੂ ਦੀ ਇੱਕੋ ਇੱਕ ਮੌਤ ਬਿਸ਼ਨੂਪੁਰ ਵਿੱਚ ਹੋਈ। ਰਾਜ ਦੇ ਪਹਾੜੀ ਜ਼ਿਲ੍ਹਿਆਂ ਵਿੱਚੋਂ ਸੈਨਾਪਤੀ ਵਿੱਚ ਡੇਂਗੂ ਦੇ ਸਭ ਤੋਂ ਵੱਧ 45 ਮਾਮਲੇ ਸਾਹਮਣੇ ਆਏ। ਉਖਰੁਲ ਵਿੱਚ 23, ਚੁਰਾਚੰਦਪੁਰ ਵਿੱਚ ਤਿੰਨ ਅਤੇ ਕਾਂਗਪੋਕਪੀ ਵਿੱਚ ਦੋ ਮਾਮਲੇ ਸਾਹਮਣੇ ਆਏ।

## ਕਿਸਾਨਾਂ ਨੂੰ ਲੁੱਟਣ ਵਾਲੇ ਡਿਸਟਰੀਬਿਊਟਰਾਂ ਖਿਲਾਫ ਹੋਵੇਗੀ ਵੱਡੀ ਕਾਰਵਾਈ : ਦਿਨੇਸ਼ ਚੱਢਾ

ਰੂਪਨਗਰ, 14 ਅਕਤੂਬਰ। ਅੱਜ ਰੂਪਨਗਰ ਦੇ ਵਿਧਾਇਕ ਐਡਵੋਕੇਟ ਦਿਨੇਸ਼ ਚੱਢਾ ਵੱਲੋਂ ਅਨਾਜ ਮੰਡੀ ਰੋਪੜ ਦਾ ਦੌਰਾ ਕੀਤਾ ਗਿਆ। ਇਸ ਮੌਕੇ ਉਨ੍ਹਾਂ ਮੰਡੀ ਵਿੱਚ ਉਪਲਬੱਧ ਸਹੂਲਤਾਂ ਦਾ ਜਾਇਜ਼ਾ ਲਿਆ ਅਤੇ ਮੌਕੇ 'ਤੇ ਕਿਸਾਨਾਂ ਅਤੇ ਆੜ੍ਹਤੀਆਂ ਨਾਲ ਮੁਲਾਕਾਤ ਕਰਕੇ ਉਨ੍ਹਾਂ ਦੀਆਂ ਸਮੱਸਿਆਵਾਂ ਵੀ ਸੁਣੀਆਂ। ਇਸ ਤੋਂ ਇਲਾਵਾ ਉਨ੍ਹਾਂ ਵੱਲੋਂ ਐਗਰੀਕਲਚਰ ਵਿਭਾਗ ਦੇ ਅਧਿਕਾਰੀਆਂ ਅਤੇ ਰਿਟੇਲਰਾਂ ਨਾਲ ਮੀਟਿੰਗ ਕੀਤੀ ਗਈ ਜਿਸ ਵਿਚ ਰੋਪੜ ਜ਼ਿਲ੍ਹੇ ਵਿੱਚ ਸਰਕਾਰੀ ਸਬਸਿਡੀ ਵਾਲੀ ਡੀ.ਏ.ਪੀ. ਅਤੇ ਯੂਰੀਆ ਖਾਦ ਦੇ ਨਾਲ ਸਲਫਰ, ਪੋਲਿਹਲਾਈਡ ਅਤੇ



ਪੀ.ਡੀ.ਐਮ ਵਰਗੇ ਹੋਰ ਉਤਪਾਦ ਜ਼ਬਰਦਸਤੀ ਵਿਕਰੀ ਕਰਨ ਵਾਲੇ ਵੱਡੇ ਡਿਸਟ?ਗੀਬਿਊਟਰਾਂ ਖਿਲਾਫ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸਖ਼ਤ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ। ਇਸ ਹਦਾਇਤ ਅਨੁਸਾਰ ਕਿਸੇ ਵੀ ਡਿਸਟ?ਗੀਬਿਊਟਰ ਵੱਲੋਂ ਕਿਸਾਨਾਂ ਨੂੰ ਧੋਖਾ ਦੇਣ ਜਾਂ ਮਜ਼ਬੂਰ ਕਰਨ ਦੀ ਸੂਰਤ ਵਿੱਚ ਫੌਜਦਾਰੀ ਕਾਰਵਾਈ ਕੀਤੀ ਜਾਵੇਗੀ ਅਤੇ ਉਨ੍ਹਾਂ ਖਿਲਾਫ ਤੁਰੰਤ ਪਰਚਾ ਦਰਜ ਕੀਤਾ ਜਾਵੇਗਾ। ਅਧਿਕਾਰੀਆਂ ਨੇ ਕਿਹਾ ਕਿ ਰੋਪੜ ਸਮੇਤ ਆਲੇ ਦੁਆਲੇ ਦੇ ਖੇਤਰਾਂ ਵਿੱਚ ਖਾਦਾਂ ਦੀ ਖਰੀਦ ਸਮੇਂ ਕਿਸਾਨਾਂ ਨਾਲ ਇਹ ਵਿਵਹਾਰ ਕਈ ਵਾਰੀ ਹੋਇਆ ਹੈ ਜਿਸ ਨਾਲ ਕਿਸਾਨਾਂ ਨੂੰ ਜ਼ਬਰਦਸਤੀ ਹੋਰ ਉਤਪਾਦ ਵੀ ਖਰੀਦਣੇ ਪੈਂਦੇ ਹਨ। ਇਸ ਚਾਲ ਤੋਂ ਕਿਸਾਨਾਂ ਦੀ ਲੁੱਟ ਹੋਣ ਦੇ ਨਾਲ-ਨਾਲ ਸਰਕਾਰੀ ਖਾਦਾਂ ਦੀ ਨਿਆਂਪੂਰਕ ਵੰਡ 'ਤੇ ਵੀ ਸਵਾਲ ਉਠ ਰਹੇ ਹਨ।

## ਵਿਦੇਸ਼ ਜਾਣ ਵਾਲੇ ਭਾਰਤੀਆਂ ਦੀ ਸੁਰੱਖਿਆ ਲਈ ਵੱਡਾ ਕਦਮ, ਇਸ ਐਕਟ 'ਚ ਬਦਲਾਅ ਕਰਨ ਜਾ ਰਹੀ ਸਰਕਾਰ

ਕੌਮੀ ਪਤ੍ਰਿਕਾ

ਨੈਸ਼ਨਲ ਡੈਸਕ 14 ਅਕਤੂਬਰ। ਕੇਂਦਰ ਸਰਕਾਰ ਨੇ ਭਾਰਤੀ ਪ੍ਰਵਾਸੀਆਂ ਦੀ ਸੁਰੱਖਿਆ, ਭਲਾਈ ਅਤੇ ਰੁਜ਼ਗਾਰ ਦੇ ਮੌਕਿਆਂ ਨੂੰ ਸੁਚਾਰੂ ਬਣਾਉਣ ਲਈ ਇੱਕ ਵੱਡਾ ਕਦਮ ਚੁੱਕਿਆ ਹੈ। ਸਰਕਾਰ ਨੇ ਓਵਰਸੀਜ਼ ਮੋਬਿਲਿਟੀ ਬਿੱਲ, 2025 ਨੂੰ ਸੰਸਦ ਵਿੱਚ ਪੇਸ਼ ਕਰਨ ਦੀਆਂ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਹਨ। ਇਹ ਬਿੱਲ ਇਮੀਗ੍ਰੇਸ਼ਨ ਐਕਟ, 1983 ਦੀ ਥਾਂ ਲਵੇਗਾ। ਭਾਰਤ ਸਰਕਾਰ ਹੁਣ ਵਿਦੇਸ਼ ਯਾਤਰਾ ਕਰਨ ਵਾਲੇ ਭਾਰਤੀ ਨਾਗਰਿਕਾਂ ਦੀ ਸੁਰੱਖਿਆ ਅਤੇ ਭਲਾਈ ਨੂੰ ਯਕੀਨੀ ਬਣਾਉਣ ਲਈ ਇੱਕ ਨਵਾਂ ਕਾਨੂੰਨ ਪੇਸ਼ ਕਰਨ ਜਾ ਰਹੀ ਹੈ। ਵਿਦੇਸ਼ ਮੰਤਰਾਲੇ ($51) ਨੇ ਓਵਰਸੀਜ਼ ਮੋਬਿਲਿਟੀ ਬਿੱਲ, 2025 ਦਾ ਖਰੜਾ ਤਿਆਰ ਕੀਤਾ ਹੈ, ਜਿਸਨੂੰ ਸੰਸਦ ਵਿੱਚ ਪੇਸ਼ ਕੀਤਾ ਜਾਵੇਗਾ। ਇਹ ਕਾਨੂੰਨ ਪੁਰਾਣੇ ਇਮੀਗ੍ਰੇਸ਼ਨ ਐਕਟ, 1983 ਦੀ ਥਾਂ ਲਵੇਗਾ। ਮੰਤਰਾਲੇ ਨੇ ਕਿਹਾ ਹੈ ਕਿ ਇਹ ਬਿੱਲ ਭਾਰਤ ਤੋਂ ਸੁਰੱਖਿਅਤ, ਵਿਵਸਥਿਤ ਅਤੇ ਪਾਰਦਰਸ਼ੀ ਪ੍ਰਵਾਸ ਨੂੰ ਯਕੀਨੀ ਬਣਾਉਣ ਲਈ ਇੱਕ ਆਧੁਨਿਕ ਢਾਂਚਾ ਤਿਆਰ ਕਰੇਗਾ। ਇਹ ਵਿਦੇਸ਼ਾਂ ਵਿੱਚ ਕੰਮ ਕਰਨ ਵਾਲੇ ਭਾਰਤੀਆਂ ਦੀ ਭਲਾਈ ਲਈ ਨੀਤੀਆਂ, ਯੋਜਨਾਵਾਂ ਅਤੇ ਸੁਰੱਖਿਆ ਨੂੰ ਵੀ ਮਜ਼ਬੂਤ ??ਕਰੇਗਾ। ਇੱਕ




ਓਵਰਸੀਜ਼ ਮੋਬਿਲਿਟੀ ਅਤੇ ਵੈਲਫੇਅਰ ਕੌਂਸਲ ਦੀ ਸਥਾਪਨਾ: ਇਹ ਨਵੀਂ ਕੌਂਸਲ ਭਾਰਤੀ ਡਾਇਸਪੋਰਾ ਨਾਲ ਸਬੰਧਤ ਨੀਤੀਆਂ ਵਿੱਚ ਇਕਸਾਰਤਾ ਨੂੰ ਯਕੀਨੀ ਬਣਾਉਣ ਲਈ ਵੱਖ-ਵੱਖ ਮੰਤਰਾਲਿਆਂ ਵਿੱਚ ਬਿਹਤਰ ਤਾਲਮੇਲ ਦੀ ਸਹੂਲਤ ਦੇਵੇਗੀ। ਸੰਤੁਲਿਤ ਪਹੁੰਚ: ਇਹ ਬਿੱਲ ਵਿਦੇਸ਼ੀ ਰੁਜ਼ਗਾਰ ਦੇ ਮੌਕਿਆਂ ਨੂੰ ਉਤਸ਼ਾਹਿਤ ਕਰੇਗਾ ਜਦੋਂ ਕਿ ਕਮਜ਼ੋਰ ਸਮੂਹਾਂ ਦੇ ਹਿੱਤਾਂ ਦੀ ਰੱਖਿਆ ਅਤੇ ਸੁਰੱਖਿਆ ਲਈ ਇੱਕ ਰੈਗੂਲੇਟਰੀ ਢਾਂਚਾ ਸਥਾਪਤ ਕਰੇਗਾ। ਅੰਤਰਰਾਸ਼ਟਰੀ ਸਮਝੌਤਿਆਂ ਦੀ ਨਿਗਰਾਨੀ: ਇਹ ਕਾਨੂੰਨ ਪ੍ਰਵਾਸ ਅਤੇ ਗਤੀਸ਼ੀਲਤਾ ਨਾਲ ਸਬੰਧਤ ਅੰਤਰਰਾਸ਼ਟਰੀ ਸਮਝੌਤਿਆਂ ਨੂੰ ਲਾਗੂ ਕਰਨ ਅਤੇ ਨਿਗਰਾਨੀ ਕਰਨ ਦੀ ਵਿਵਸਥਾ ਕਰਦਾ ਹੈ। ਡਾਟਾ-ਅਧਾਰਿਤ ਨੀਤੀ ਨਿਰਮਾਣ: ਪ੍ਰਵਾਸ ਡੇਟਾ ਅਤੇ ਕਿਰਤ ਅਧਿਐਨਾਂ ਦੇ ਆਧਾਰ 'ਤੇ ਨੀਤੀ ਨਿਰਮਾਣ ਅਤੇ ਅੰਤਰ-ਵਿਭਾਗੀ ਤਾਲਮੇਲ ਨੂੰ ਮਜ਼ਬੂਤ ??ਕੀਤਾ ਜਾਵੇਗਾ। ਹਰ ਸਾਲ ਲੱਖਾਂ ਭਾਰਤੀ ਨਾਗਰਿਕ ਖਾੜੀ ਦੇਸ਼ਾਂ, ਯੂਰਪ ਅਤੇ ਏਸ਼ੀਆ ਦੇ ਹੋਰ ਹਿੱਸਿਆਂ ਵਿੱਚ ਰੁਜ਼ਗਾਰ ਲਈ ਪ੍ਰਵਾਸ ਕਰਦੇ ਹਨ। ਮੌਜੂਦਾ ਇਮੀਗ੍ਰੇਸ਼ਨ ਐਕਟ, 1983 ਨੂੰ ਪੁਰਾਣਾ ਮੰਨਿਆ ਜਾਂਦਾ ਸੀ ਕਿਉਂਕਿ ਵਿਸ਼ਵਵਿਆਪੀ ਪ੍ਰਵਾਸ ਨਿਯਮ, ਤਕਨਾਲੋਜੀ ਅਤੇ ਰੁਜ਼ਗਾਰ ਪੈਟਰਨ ਬਦਲ ਗਏ ਹਨ। ਨਵਾਂ ਬਿੱਲ ਇੱਕ ਆਧੁਨਿਕ, ਡਿਜੀਟਲ ਅਤੇ ਮਨੁੱਖ-ਕੇਂਦ੍ਰਿਤ ਪ੍ਰਵਾਸ ਨੀਤੀ ਪੇਸ਼ ਕਰਨ ਦੀ ਕੋਸ਼ਿਸ਼ ਕਰਦਾ ਹੈ ਜੋ ਇਹਨਾਂ ਤਬਦੀਲੀਆਂ ਨੂੰ ਧਿਆਨ ਵਿੱਚ ਰੱਖਦੀ ਹੈ।

## 16 ਸਾਲ ਦੇ ਮੁੰਡੇ ਨੂੰ ਭੱਜਾ ਕੇ ਲੈ ਗਈ ਦੋ ਬੱਚਿਆਂ ਦੀ ਮਾਂ !

ਨੈਸ਼ਨਲ ਡੈਸਕ 14 ਅਕਤੂਬਰ। ਉੱਤਰ ਪ੍ਰਦੇਸ਼ ਦੇ ਗੋਰਖਪੁਰ ਤੋਂ ਇੱਕ ਸਨਸਨੀਖੇਜ਼ ਮਾਮਲਾ ਸਾਹਮਣੇ ਆਇਆ ਹੈ, ਜਿੱਥੇ ਦੋ ਬੱਚਿਆਂ ਵਾਲੀ ਇੱਕ ਵਿਧਵਾ ਔਰਤ ਅਚਾਨਕ 16 ਸਾਲ ਦੇ ਮੁੰਡੇ ਨਾਲ ਗਾਇਬ ਹੋ ਗਈ। ਮੁੰਡੇ ਦੀ ਮਾਂ ਨੇ ਤਿਵਾਰੀਪੁਰ ਪੁਲਸ ਸਟੇਸ਼ਨ ਵਿੱਚ ਸ਼ਿਕਾਇਤ ਦਰਜ ਕਰਵਾਈ ਹੈ, ਜਿਸ 'ਚ ਉਸਦੇ ਪੁੱਤਰ ਦੀ ਸੁਰੱਖਿਅਤ ਬਰਾਮਦਗੀ ਦੀ ਮੰਗ ਕੀਤੀ ਗਈ ਹੈ। ਪੁਲਸ ਨੇ ਮਾਮਲਾ ਦਰਜ ਕਰ ਕੇ ਉਨ੍ਹਾਂ ਦੀ ਭਾਲ ਸ਼ੁਰੂ ਕਰ ਦਿੱਤੀ ਹੈ। ਪੀੜਤ ਦੀ ਮਾਂ ਬਬੀਤਾ ਨੇ ਦੱਸਿਆ ਕਿ ਉਸਦਾ 16 ਸਾਲ ਦਾ ਪੁੱਤਰ ਨਨਾਣ ਦੀ ਭਰਜਾਈ ਦੇ ਸੰਪਰਕ ਵਿੱਚ ਸੀ। ਉਹ ਸੋਸ਼ਲ ਮੀਡੀਆ ਪਲੇਟਫਾਰਮ ਇੰਸਟਾਗ੍ਰਾਮ ਰਾਹੀਂ ਮਿਲੇ ਸਨ ਅਤੇ ਲੰਬੇ ਸਮੇਂ ਤੋਂ ਗੱਲਬਾਤ ਕਰ ਰਹੇ ਸਨ। ਔਰਤ, ਜੋ ਕਿ ਬਿਊਟੀ ਪਾਰਲਰ ਚਲਾਉਂਦੀ ਹੈ, ਅਕਸਰ ਗਿਦਾ ਖੇਤਰ ਵਿੱਚ ਆਪਣੀ ਭੈਣ ਦੇ ਘਰ ਜਾਂਦੀ ਸੀ ਅਤੇ ਉੱਥੇ ਮੁੰਡੇ ਨੂੰ ਮਿਲਦੀ ਸੀ। ਬਬੀਤਾ ਨੇ ਕਿਹਾ ਕਿ ਉਸਨੂੰ ਕਈ ਵਾਰ ਸ਼ੱਕ ਹੋਇਆ ਅਤੇ ਉਸਨੇ ਆਪਣੇ ਪੁੱਤਰ ਨਾਲ ਸਾਹਮਣਾ ਕੀਤਾ, ਪਰ ਉਸਨੇ ਇਸਨੂੰ ਹਲਕੇ ਵਿੱਚ ਲਿਆ। ਕੁਝ ਦਿਨ ਪਹਿਲਾਂ, ਔਰਤ ਅਚਾਨਕ ਮੁੰਡੇ ਨਾਲ ਘਰੋਂ ਗਾਇਬ ਹੋ ਗਈ। ਉਦੋਂ ਤੋਂ, ਦੋਵਾਂ ਦਾ ਕੋਈ ਸੁਰਾਗ ਨਹੀਂ ਮਿਲਿਆ ਹੈ, ਅਤੇ ਉਨ੍ਹਾਂ ਦੇ ਮੋਬਾਈਲ ਫੋਨ ਬੰਦ ਹਨ। ਬਬੀਤਾ ਨੇ ਦੋਸ਼ ਲਗਾਇਆ ਕਿ ਔਰਤ ਦੀ ਮਾਸੀ ਅਤੇ ਹੋਰ ਪਰਿਵਾਰਕ ਮੈਂਬਰ ਵੀ ਇਸ ਘਟਨਾ ਵਿੱਚ ਸ਼ਾਮਲ ਹੋ ਸਕਦੇ ਹਨ। ਚਿੰਤਾ ਪ੍ਰਗਟ ਕਰਦੇ ਹੋਏ ਉਸਨੇ ਕਿਹਾ, ਮੇਰੇ ਬੱਚੇ ਨਾਲ ਕੁਝ ਅਣਸੁਖਾਵਾਂ ਵਾਪਰ ਸਕਦਾ ਹੈ। ਗੋਰਖਪੁਰ ਪੁਲਸ ਨੇ ਇਸ ਮਾਮਲੇ ਵਿੱਚ ਤੁਰੰਤ ਕਾਰਵਾਈ ਕੀਤੀ। ਐਸਪੀ ਸਿਟੀ ਅਭਿਨਵ ਤਿਆਗੀ ਨੇ ਕਿਹਾ ਕਿ ਕਿਸ਼ੋਰ ਦੀ ਮਾਂ ਦੀ ਸ਼ਿਕਾਇਤ ਦੇ ਆਧਾਰ 'ਤੇ ਸਬੰਧਤ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ। ਜਾਂਚ ਸ਼ੁਰੂ ਕਰ ਦਿੱਤੀ ਗਈ ਹੈ, ਅਤੇ ਦੋਵਾਂ ਦੀ ਭਾਲ ਲਈ ਟੀਮਾਂ ਤਾਇਨਾਤ ਕੀਤੀਆਂ ਗਈਆਂ ਹਨ। ਅਧਿਕਾਰੀ ਨੇ ਕਿਹਾ, ਅਸੀਂ ਸੋਸ਼ਲ ਮੀਡੀਆ ਗਤੀਵਿਧੀ, ਸੀਸੀਟੀਵੀ ਫੁਟੇਜ ਅਤੇ ਸੰਭਾਵਿਤ ਸਥਾਨਾਂ ਦੀ ਨਿਗਰਾਨੀ ਕਰ ਰਹੇ ਹਾਂ। ਦੋਵੇਂ ਜਲਦੀ ਹੀ ਲੱਭ ਲਏ ਜਾਣਗੇ।

## ਐਸ.ਡੀ. ਕਾਲਜ ਦੇ ਵਿਹੜੇ ਖੇਤਰੀ ਯੁਵਕ ਮੇਲੇ ਦੇ ਤੀਜਾ ਦਿਨ ਰਿਹਾ ਰੌਣਕ ਭਰਪੂਰ ਥੀਏਟਰ ਅਤੇ ਮਿਊਜ਼ਿਕ ਆਈਟਮਾਂ ਨੇ ਸਭ ਦਾ ਮਨ ਮੋਹਿਆ

ਬਰਨਾਲਾ, 14 ਅਕਤੂਬਰ। ਐਸ.ਡੀ ਕਾਲਜ ਬਰਨਾਲਾ ਵਿਖੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਲੋਂ ਕਰਵਾਏ ਜਾ ਰਹੇ ਖੇਤਰੀ ਯੁਵਕ ਅਤੇ ਲੋਕ ਮੇਲੇ ਦਾ ਤੀਜਾ ਦਿਨ ਵੀ ਪੂਰਾ ਰੌਣਕ ਭਰਪੂਰ ਰਿਹਾ। ਤੀਜੇ ਦਿਨ ਥੀਏਟਰ ਅਤੇ ਮਿਊਜ਼ਿਕ ਦੀਆਂ ਪੇਸ਼ਕਾਰੀਆਂ ਨੇ ਸਭ ਦਾ ਮਨ ਮੋਹਿਆ। ਕਾਲਜ ਦੇ ਪੀ.ਆਰ.ਓ ਪ੍ਰੋ. ਸ਼ੋਇਬ ਜ਼ਫ਼ਰ ਨੇ ਦੱਸਿਆ ਕਿ ਤੀਜੇ ਦਿਨ ਲੋਕ ਨਾਲ ਇਕਾਂਗੀ ਨਾਟਕ, ਮਿਮਿਕਰੀ, ਲੋਕ ਸਾਜ, ਲੋਕ ਗੀਤ, ਫੋਕ ਆਰਕੈਸਟਰਾ, ਵਾਦ ਵਿਵਾਦ, ਭਾਸ਼ਣ ਕਲਾ ਅਤੇ ਕਾਵਿ ਉਚਾਰਣ ਦੇ ਮੁਕਾਬਲੇ ਹੋਏ। ਇਹਨਾਂ ਮੁਕਾਬਲਿਆਂ ਵਿੱਚ ਵਿਦਿਆਰਥੀਆਂ ਨੇ ਪੂਰੇ ਉਤਸ਼ਾਹ ਨਾਲ ਭਾਗ ਲਿਆ। ਇਸ ਮੌਕੇ ਡਾ.ਪ੍ਰਤਾਪ ਸਿੰਘ, ਕਲੋਨਾਈਜ਼ਰ ਤੇ ਸਮਾਜ ਸੇਵੀ ਅਸ਼ੋਕ ਕੁਮਾਰ ਗਰਗ, ਰਿਟਾ.ਆਈਜੀ ਜਗਦੀਸ਼ ਮਿੱਤਲ ਅਤੇ ਪ੍ਰੋ. ਅਸ਼ੋਕ ਕੁਮਾਰ ਵਿਸ਼ੇਸ਼ ਤੌਰ 'ਤੇ ਪਹੁੰਚੇ। ਉਹਨਾਂ ਪੰਜਾਬੀ ਯੂਨੀਵਰਸਿਟੀਪ ਪਟਿਆਲਾ ਅਤੇ ਐਸਡੀ ਕਾਲਜ ਮੈਨੇਜਮੈਂਟ ਦੇ ਖੇਤਰੀ ਯੁਵਕ ਮੇਲੇ ਦੇ ਉਪਰਾਲੇ ਦੀ ਸ਼ਾਲਾਘਾ ਕਰਦਿਆਂ ਕਿਹਾ ਕਿ ਇਹ ਗਤੀਵਿਧੀਆਂ ਬੱਚਿਆਂ ਨੂੰ ਜ਼ਿੰਦਗੀ ਵਿੱਚ ਅੱਗੇ ਵੱਧਣ ਲਈ ਚੰਗਾ ਪਲੇਟਫ਼ਾਰਮ ਦੇ ਰਹੇ ਹਨ। ਇਸ ਨਾਲ ਬੱਚੇ ਪੜ੍ਹਾਈ ਦੇ ਨਾਲ-ਨਾਲ ਹੋਰ ਗਤੀਵਿਧੀਆਂ ਵਿੱਚ ਵੀ ਭਾਗ ਲੈਂਦੇ ਹਨ ਅਤੇ ਵੱਖ-ਵੱਖ ਕਲਾਵਾਂ ਨਾਲ ਜੁੜਦੇ ਹਨ। ਉਹਨਾਂ ਕਿਹਾ ਕਿ ਐਸਡੀ ਕਾਲਜ ਹਮੇਸ਼ਾ ਹੀ ਸਾਡੇ ਇਲਾਕੇ ਦੇ ਬੱਚਿਆਂ ਨੂੰ ਅੱਗੇ ਵੱਧਣ ਦੇ ਮੌਕੇ ਦਿੰਦਾ ਰਿਹਾ ਹੈ। ਇਸ ਮੌਕੇ ਐਸ.ਡੀ. ਕਾਲਜ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਨਰੇਸ਼ ਸਿੰਗਲਾ, ਜਨਰਲ ਸਕੱਤਰ ਜਤਿੰਦਰ ਨਾਥ ਸ਼ਰਮਾ, ਵਿੱਤ ਸਕੱਤਰ ਡਾ. ਮੁਕੰਦ ਲਾਲ ਬਾਂਸਲ, ਡਾਇਰੈਕਟਰ ਹਰਦਿਆਲ ਸਿੰਘ ਅੱਤਰੀ, ਡਾ.ਰਾਹੁਲ ਗਾਰਗੀ ਅਤੇ ਰਾਹੁਲ ਅੱਤਰੀ ਵਲੋਂ ਆਏ ਮਹਿਮਾਨਾਂ ਦੇ ਸਵਾਗਤ ਅਤੇ ਧੰਨਵਾਦ ਕੀਤੇ ਗਏ

## ਸ਼ਰੋਮਣੀ ਕਮੇਟੀ ਪ੍ਰਧਾਨ ਨੇ ਹੜ੍ਹ ਪੀੜਤਾਂ ਲਈ ਰਾਹਤ ਸਮੱਗਰੀ ਦੇ ਤਿੰਨ ਟਰੱਕ ਕੀਤੇ ਰਵਾਨਾ

ਕੌਮੀ ਪਤ੍ਰਿਕਾ

ਅੰਮ੍ਰਿਤਸਰ, 13 ਅਕਤੂਬਰ: ਸ਼?ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਨੇ ਅੱਜ ਸਥਾਨਕ ਭਾਈ ਗੁਰਦਾਸ ਹਾਲ ਤੋਂ ਹੜ੍ਹ ਪੀੜਤਾਂ ਲਈ ਰਾਹਤ ਸਮੱਗਰੀ ਦੇ ਤਿੰਨ ਟਰੱਕ ਰਵਾਨਾ ਕੀਤੇ। ਭੇਜੀ ਗਈ ਰਾਹਤ ਸਮੱਗਰੀ ਵਿਚ ਰੋਜ਼ਮਰਾ ਦੇ ਸਮਾਨ ਦੇ ਨਾਲ-ਨਾਲ ਸਰਦੀਆਂ ਲਈ ਕੰਬਲ, ਗੱਦੇ, ਮੱਛਰਦਾਨੀਆਂ ਅਤੇ ਹੋਰ ਲੋੜੀਂਦਾ ਸਮਾਨ ਸ਼ਾਮਲ ਹੈ। ਇਸ ਮੌਕੇ ਸ਼?ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਦੱਸਿਆ ਕਿ ਹੜ੍ਹ ਪੀੜਤਾਂ ਦੀ ਸਹਾਇਤਾ ਲਈ ਪੀੜਤਾਂ ਦੀ ਮੰਗ ਅਨੁਸਾਰ ਸ਼?ਰੋਮਣੀ ਕਮੇਟੀ ਵੱਲੋਂ ਸਮੇਂ-ਸਮੇਂ 'ਤੇ ਹਰ ਸੰਭਵ ਮੱਦਦ ਭੇਜੀ ਜਾ ਰਹੀ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਹੁਣ ਸਰਦੀਆਂ ਦਾ ਮੌਸਮ ਆ ਰਿਹਾ ਹੋਣ ਕਰਕੇ ਹਾਲਾਤ ਨੂੰ ਮੁੱਖ ਰੱਖਦਿਆਂ ਲੋੜ ਅਨੁਸਾਰ ਕੰਬਲ, ਗੱਦੇ ਅਤੇ ਹੋਰ ਲੋੜੀਂਦਾ ਸਮਾਨ ਭੇਜਿਆ ਗਿਆ ਹੈ। ਉਨ੍ਹਾਂ ਕਿਹਾ ਕਿ ਜਿਥੇ ਸ਼?ਰੋਮਣੀ ਕਮੇਟੀ ਆਪਣੇ ਵੱਲੋਂ ਹੜ੍ਹ ਪੀੜਤਾਂ ਲਈ ਲੋੜ ਅਨੁਸਾਰ ਸਮਾਨ ਖਰੀਦ ਰਹੀ ਹੈ, ਉਥੇ ਹੀ ਸੰਗਤਾਂ ਵੀ ਵੱਡਾ ਸਹਿਯੋਗ ਦੇ ਰਹੀਆਂ ਹਨ। ਉਨ੍ਹਾਂ ਕਿਹਾ ਕਿ ਸਿੱਖ ਸੰਸਥਾ ਗੁਰੂ ਸਾਹਿਬ ਦੇ ਉਪਦੇਸ਼ਾਂ ਅਨੁਸਾਰ ਹਰ ਵੇਲੇ ਲੋੜਵੰਦਾਂ ਦੀ ਸਹਾਇਤਾ ਲਈ ਯਤਨਸ਼ੀਲ ਹੈ ਅਤੇ ਹਾਲਾਤ



ਪਹਿਲੇ ਵਰਗੇ ਹੋਣ ਤੱਕ ਨਿਰੰਤਰ ਸੇਵਾਵਾਂ ਕਰਦੀ ਰਹੇਗੀ। ਇਸ ਮੌਕੇ ਸ਼?ਰੋਮਣੀ ਕਮੇਟੀ ਦੇ ਮੁੱਖ ਸਕੱਤਰ ਸ. ਕੁਲਵੰਤ ਸਿੰਘ ਮੰਨਣ, ਓਐਸਡੀ ਸ. ਸਤਬੀਰ ਸਿੰਘ ਧਾਮੀ, ਸਕੱਤਰ ਸ. ਪ੍ਰਤਾਪ ਸਿੰਘ, ਸ. ਬਲਵਿੰਦਰ ਸਿੰਘ ਕਾਹਲਵਾਂ, ਨਿੱਜੀ ਸਕੱਤਰ ਸ. ਸਾਹਬਾਜ਼ ਸਿੰਘ, ਸ੍ਰੀ ਦਰਬਾਰ ਸਾਹਿਬ ਦੇ ਜਨਰਲ ਮੈਨੇਜਰ ਸ. ਭਗਵੰਤ ਸਿੰਘ ਧੰਗੇੜਾ, ਮੀਤ ਸਕੱਤਰ ਸ. ਹਰਭਜਨ ਸਿੰਘ ਵਕਤਾ, ਮੈਨੇਜਰ ਸ. ਸਤਨਾਮ ਸਿੰਘ ਰਿਆੜ, ਸ. ਰਾਜਿੰਦਰ ਸਿੰਘ ਰੂਬੀ ਅਤੇ ਹੋਰ ਮੌਜੂਦ ਸਨ।

## ਪੰਜਾਬ ਖ਼ਿਲਾਫ਼ ਪਾਕਿਸਤਾਨ ਦੀ ਵੱਡੀ ਸਾਜ਼ਿਸ਼ !

ਤਰਨਤਾਰਨ 14 ਅਕਤੂਬਰ। ਭਾਰਤ ਪਾਕਿਸਤਾਨ ਸਰਹੱਦ ਨੇੜੇ ਪੈਂਦੇ ਪਿੰਡ ਮਹਿੰਦੀਪੁਰ ਵਿਖੇ ਬੀ.ਐੱਸ.ਐੱਫ. ਅਤੇ ਐੱਸ.ਐੱਸ.ਓ.ਸੀ. ਦੇ ਸਾਂਝੇ ਆਪਰੇਸ਼ਨ ਦੌਰਾਨ 2 ਏ.ਕੇ-47 ਰਾਈਫਲਾਂ, 1 ਪਿਸਤੌਲ ਅਤੇ 10 ਜਿੰਦਾ ਰੋਂਦ ਬਰਾਮਦ ਕਰਨ ਵਿਚ ਵੱਡੀ ਸਫਲਤਾ ਹਾਸਲ ਕੀਤੀ ਗਈ ਹੈ। ਪੰਜਾਬ ਨੂੰ ਦਹਿਲਾਉਣ ਲਈ ਇਹ ਹਥਿਆਰ ਕਦੋਂ ਅਤੇ ਕਿਸ ਵੱਲੋਂ ਮੰਗਵਾਏ ਗਏ ਸਨ, ਇਸ ਦੀ ਜਾਂਚ ਐੱਸ.ਐੱਸ.ਓ.ਸੀ. ਵੱਲੋਂ ਸ਼ੁਰੂ ਕਰ ਦਿੱਤੀ ਗਈ ਹੈ। ਪ੍ਰਾਪਤ ਜਾਣਕਾਰੀ ਦੇ ਅਨੁਸਾਰ ਜਿਲਾ ਤਰਨਤਾਰਨ ਅਧੀਨ ਆਉਂਦੀ ਭਾਰਤ ਪਾਕਿਸਤਾਨ ਸਰਹੱਦ ਨੇੜੇ ਮੌਜੂਦ ਪਿੰਡ ਮਹਿੰਦੀਪੁਰ ਵਿਖੇ ਬੀ.ਐੱਸ.ਐੱਫ. ਅਤੇ ਐੱਸ.ਐੱਸ.ਓ.ਸੀ. ਨੂੰ ਗੁਪਤ ਸੂਚਨਾ ਪ੍ਰਾਪਤ ਹੋਈ ਸੀ ਕਿ ਡਰੋਨ ਦੀ ਮਦਦ ਨਾਲ ਗੁਆਂਢੀ ਦੇਸ਼ ਪਾਕਿਸਤਾਨ ਵੱਲੋਂ ਹਥਿਆਰਾਂ ਦੀ ਖੇਪ ਪੁੱਜ ਚੁੱਕੀ ਹੈ। ਇਸ ਸਬੰਧੀ ਸੋਮਵਾਰ ਸਵੇਰੇ ਦੋਵਾਂ ਵੱਲੋਂ ਚਲਾਏ ਗਏ ਸਾਂਝੇ ਤਲਾਸ਼ੀ ਅਭਿਆਨ ਦੌਰਾਨ ਸਾਰੇ ਇਲਾਕੇ ਵਿਚ ਬਰੀਕੀ ਨਾਲ ਜਾਂਚ ਕੀਤੀ ਗਈ। ਇਸ ਦੌਰਾਨ ਸਾਂਝੀ ਟੀਮ ਨੂੰ ਉਸ ਵੇਲੇ ਵੱਡੀ ਸਫਲਤਾ ਪ੍ਰਾਪਤ ਹੋਈ ਜਦੋਂ ਖੇਤਾਂ ਵਿਚੋਂ 2 ਏ.ਕੇ-47 ਰਾਈਫਲਾਂ,2 ਮੈਗਜ਼ੀਨ, 1 ਪਿਸਤੌਲ 10 ਰੌਂਦ ਬਰਾਮਦ ਕੀਤੇ ਗਏ। ਬਰਾਮਦ ਕੀਤੇ ਗਏ ਇਹ ਹਥਿਆਰ ਪਾਕਿਸਤਾਨ ਵੱਲੋਂ ਡਰੋਨ ਦੀ ਮਦਦ ਨਾਲ ਭਾਰਤੀ ਖੇਤਰ ਵਿਚ ਪੁੱਜੇ ਹੋ ਸਕਦੇ ਹਨ, ਜਿਸ ਦੀ ਬਰੀਕੀ ਨਾਲ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ। ਇੱਥੇ ਦੱਸਣ ਯੋਗ ਹੈ ਕਿ ਡਰੋਨ ਦੀ ਮਦਦ ਨਾਲ ਆਏ ਦਿਨ ਜਿੱਥੇ ਨਸ਼ੇ ਦੀਆਂ ਖੇਪਾਂ ਭਾਰਤੀ ਖੇਤਰ ਵਿਚ ਪੁੱਜ ਰਹੀਆਂ ਹਨ, ਉੱਥੇ ਹੀ ਡਰੋਨ ਦੀ ਮਦਦ ਨਾਲ ਵੱਖ-ਵੱਖ ਕਿਸਮਾਂ ਦੇ ਹਥਿਆਰਾਂ ਦੀਆਂ ਖੇਪਾਂ ਵੀ ਭਾਰਤ ਦੇ ਮਾਹੌਲ ਨੂੰ ਖਰਾਬ ਕਰਨ ਦੀ ਨੀਅਤ ਨਾਲ ਭੇਜੇ ਜਾ ਰਹੇ ਹਨ। ਫਿਲਹਾਲ ਐੱਸ.ਐੱਸ.ਓ.ਸੀ. ਅੰਮ੍ਰਿਤਸਰ ਦੀ ਟੀਮ ਵੱਲੋਂ ਇਨ੍ਹਾਂ ਬਰਾਮਦ ਕੀਤੇ ਗਏ ਹਥਿਆਰਾਂ ਨੂੰ ਆਪਣੇ ਕਬਜ਼ੇ ਵਿਚ ਲੈਂਦੇ ਹੋਏ ਅੱਗੇ ਦੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ।

## ਐਸਡੀਆਰਐਫ ਦੇ ਨਿਰਦੇਸ਼ਾਂ ਨੂੰ ਅਣਗੌਲਿਆ ਕਰਨ ਦੀ ਬਦੌਲਤ ਆਏ ਭਾਰੀ ਹੜ੍ਹ : ਦੂੱਲਟ

ਏਜੰਸੀਆਂ

ਸੰਗਰੂਰ, 14 ਅਕਤੂਬਰ। ਸੰਗਰੂਰ,ਪੰਜਾਬ ਵਿੱਚ ਹੜ੍ਹਾਂ ਦੇ ਮਸਲੇ ਨੂੰ ਲੈ ਕੇ ਅੱਜ ਭਾਜਪਾ ਦੇ ਕੋਰ ਕਮੇਟੀ ਮੈਂਬਰ ਸੀਨੀਅਰ ਭਾਜਪਾ ਜੀਵਨ ਗੁਪਤਾ ਅਤੇ ਜ਼ਿਲਾ ਪ੍ਰਧਾਨ ਧਰਮਿੰਦਰ ਸਿੰਘ ਦੁੱਲਟ ਵੱਲੋਂ ਸਾਂਝੇ ਤੌਰ ਤੇ ਪ੍ਰੈਸ ਕਾਨਫਰੰਸ ਕੀਤੀ ਗਈ। ਦੋਵੇਂ ਆਗੂਆਂ ਨੇ ਖੁਲਾਸਾ ਕਰਦਿਆਂ ਮੀਡੀਆ ਨੂੰ ਦੱਸਿਆ ਕਿ ਐਸਡੀਆਰਐਫ ਦੇ ਦਿਸ਼ਾ ਨਿਰਦੇਸ਼ਾਂ ਨੂੰ ਅਣਗੌਲਿਆ ਕਰਨ ਦੇ ਚਲਦਿਆਂ ਪੰਜਾਬ ਵਿੱਚ ਭਾਰੀ ਹੜ੍ਹਾਂ ਨਾਲ ਤਬਾਹੀ ਮਚੀ, ਆਗੂਆਂ ਨੇ ਕਿਹਾ ਕਿ ਇਸ ਤਬਾਹੀ ਲਈ ਸਿੱਧੇ ਤੌਰ 'ਤੇ ਪੰਜਾਬ ਸਰਕਾਰ ਜਿੰਮੇਵਾਰ ਹੈ। ਦੋਵੇਂ ਆਗੂਆਂ ਨੇ ਕਿਹਾ ਕਿ ਐਸਡੀਆਰਐਫ ਵੱਲੋਂ ਹੜ੍ਹਾਂ ਤੋਂ ਪਹਿਲਾਂ ਪੰਜਾਬ ਸਰਕਾਰ ਨੂੰ ਅਗਾਹੂ ਪ੍ਰਬੰਧ ਕਰਨ ਲਈ ਬਹੁਤ ਸਾਰੇ ਦਿਸ਼ਾ ਨਿਰਦੇਸ਼ ਦਿੱਤੇ ਸਨ ਜਿਨਾਂ ਤੇ ਆਪ ਸਰਕਾਰ ਵੱਲੋਂ ਕੋਈ ਕਾਰਵਾਈ ਨਹੀਂ ਹੋਈ । ਉਹਨਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਹੜ੍ਹਾਂ ਤੋਂ ਪਹਿਲਾਂ ਕੋਈ ਵਿਉਂਤਬੰਦੀ ਅਤੇ ਕਿਸੇ ਕਿਸਮ ਦੀ ਮੋਕ ਡਰਿੱਲ ਨਹੀਂ ਕੀਤੀ ਗਈ । ਬੰਨਾਂ ਦੀ ਮਜਬੂਤੀ ਨਦੀਆਂ ਅਤੇ ਨਿਕਾਸੀ ਨਾਲਿਆਂ ਦੀ ਸਫਾਈ ਨੂੰ ਗੰਭੀਰਤਾ ਨਾਲ ਨਹੀਂ ਲਿਆ ਗਿਆ ਇਸ ਤੋਂ ਇਲਾਵਾ ਡੈਮਾਂ ਦੇ ਪ੍ਰਬੰਧਨ ਅਤੇ ਪਾਣੀ ਨੂੰ ਲੈ ਕੇ ਰੱਜ ਕੇ ਰਾਜਨੀਤੀ ਕੀਤੀ ਗਈ ਅਤੇ ਉਸੇ ਰਾਜਨੀਤੀ ਦੀ ਭੇਂਟ ਪੰਜਾਬ ਚੜ ਗਿਆ। ਇਸ ਤੋਂ ਇਲਾਵਾ ਦਰਿਆਵਾਂ ਦੇ ਕੰਢਿਆਂ ਤੇ ਸਰਕਾਰੀ ਮਿਲੀ ਭੁਗਤ ਨਾਲ ਮਾਈਨਿੰਗ ਵੀ ਜ਼ੋਰਾਂ ਤੇ ਹੋਈ ਜਿਸ ਕਾਰਨ ਦਰਿਆਵਾਂ ਦੇ ਬੰਨ ਕਮਜ਼ੋਰ ਹੋਏ। ਭਾਜਪਾ ਆਗੂਆਂ ਨੇ ਦੋਸ਼ ਲਗਾਏ ਕਿ ਜਦੋਂ ਹੜ੍ਹਾਂ ਦੇ ਅਗਾਹੂ ਪ੍ਰਬੰਧ ਕਰਨੇ ਸੀ ਉਦੋਂ ਮੁੱਖ ਮੰਤਰੀ ਸਮੇਤ ਪੰਜਾਬ ਵਿੱਚ ਸਾਰੀ ਲੀਡਰਸ਼ਿਪ ਦਿੱਲੀ ਚੋਣਾਂ ਵਿੱਚ ਆਪਣੀ ਆਕਾ ਕੇਜਰੀਵਾਲ ਲਈ ਚੋਣ ਪ੍ਰਚਾਰ ਵਿੱਚ ਰੁੱਝੀ ਹੋਈ ਸੀ। ਆਗੂਆਂ ਨੇ ਕਿਹਾ ਧੁੱਸੀ ਬੰਨ ਦੀ ਮਜ਼ਬੂਤੀ ਲਈ ਕੇਂਦਰ ਵੱਲੋਂ ਐਸਡੀਆਰਐਫ ਰਾਹੀਂ 240 ਕਰੋੜ ਰੁਪਏ ਭੇਜੇ ਗਏ ਪਰ ਪੰਜਾਬ ਸਰਕਾਰ ਇਸ ਫੰਡ ਨੂੰ ਪੂਰੀ ਤਰਹਾਂ ਵਰਤਨ ਵਿੱਚ ਨਾਕਾਮ ਰਹੀ। ਆਮ ਆਦਮੀ ਪਾਰਟੀ ਦੀ ਸਰਕਾਰ ਦੁਆਰਾ ਰਣਜੀਤ ਸਾਗਰ ਡੈਮ ਦੇ ਗਲਤ ਪ੍ਰਬੰਧਨ ਕਾਰਨ ਪਠਾਨਕੋਟ ਗੁਰਦਾਸਪੁਰ ਅਤੇ ਅੰਮ੍ਰਿਤਸਰ ਵਿੱਚ ਭਾਰੀ ਤਬਾਹੀ ਹੋਈ। ਭਾਰੀ ਬਾਰਿਸ਼ ਦੀਆਂ ਸ਼ੁਰੂਆਤੀ ਚੇਤਾਵਨੀਆਂ ਦੇ ਬਾਵਜੂਦ, 24 ਅਗਸਤ 2025 ਤੱਕ ਭੰਡਾਰ ਵਿੱਚ ਕੋਈ ਸਟੋਰੇਜ ਸਮਰੱਥਾ ਨਹੀਂ ਬਣਾਈ ਗਈ ਸੀ, ਜਦੋਂ , ਜਦੋਂ ਪਾਣੀ ਦੀ ਆਮਦ 1,70,000 ਕਿਊਸਿਕ ਤੋਂ ਵੱਧ ਗਈ। 25-27 ਅਗਸਤ 2025 ਨੂੰ ਹੀ 2,50,000 ਕਿਊਸਿਕ ਤੱਕ ਪਾਣੀ ਛੱਡਿਆ ਗਿਆ, ਜਿਸ ਨਾਲ ਪਿੰਡਾਂ, ਕਰਤਾਰਪੁਰ ਕਾਰੀਡੋਰ, ਡੇਰਾ ਬਾਬਾ ਨਾਨਕ, ਅਜਨਾਲਾ ਵਿੱਚ ਹੜ੍ਹ ਆ ਗਏ ਅਤੇ ਮਾਧੋਪੁਰ ਹੈੱਡਵਰਕਸ ਨੂੰ ਨੁਕਸਾਨ ਪਹੁੰਚਿਆ।

## ਪੰਜਾਬ 'ਚ ਹੁਣ ਦਸਤਾਵੇਜ਼ ਜਮਹਾ ਕਰਵਾਉਣ ਦਾ ਝੰਜਟ ਖ਼ਤਮ !

ਕੌਮੀ ਪਤ੍ਰਿਕਾ

ਚੰਡੀਗੜ੍ਹ/ਜਲੰਧਰ 14 ਅਕਤੂਬਰ। ਪੰਜਾਬ ਦੇ ਸੁਚੱਜਾ ਪ੍ਰਸ਼ਾਸਨ ਅਤੇ ਸੂਚਨਾ ਤੇ ਤਕਨੀਕ ਮੰਤਰੀ ਅਮਨ ਅਰੋੜਾ ਨੇ ਦੱਸਿਆ ਕਿ ਪੰਜਾਬ ਨੂੰ ਡਿਜੀਟਲ ਤੌਰ 'ਤੇ ਸਮਰੱਥ ਬਣਾਉਣ ਅਤੇ ਲੋਕਾਂ ਨੂੰ ਪਾਰਦਰਸ਼ੀ ਅਤੇ ਭ੍ਰਿਸ਼ਟਾਚਾਰ-ਮੁਕਤ ਸੇਵਾਵਾਂ ਪ੍ਰਦਾਨ ਕਰਨ ਦੀ ਦਿਸ਼ਾ 'ਚ ਅਹਿਮ ਕਦਮ ਚੁੱਕਦਿਆਂ ਪੰਜਾਬ 'ਯੂਨੀਫਾਈਡ ਸਿਟੀਜ਼ਨ ਪੋਰਟਲ' ਨੂੰ ਸ਼ੁਰੂ ਕਰਨ ਵਾਲਾ ਮੋਹਰੀ ਸੂਬਾ ਬਣਨ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਇਸ ਸਿੰਗਲ-ਵਿੰਡੋ ਪਲੇਟਫਾਰਮ ਯਾਨੀ ਕਿ 'ਯੂਨੀਫਾਈਡ ਸਿਟੀਜ਼ਨ ਪੋਰਟਲ' ਰਾਹੀਂ ਸੂਬੇ ਦੇ ਲੋਕਾਂ ਦੀ ਵੱਖ-ਵੱਖ ਵਿਭਾਗਾਂ ਦੀਆਂ ਸਰਕਾਰੀ ਸੇਵਾਵਾਂ ਤੱਕ ਨਿਰਵਿਘਨ ਪਹੁੰਚ ਯਕੀਨੀ ਬਣੇਗੀ। ਪੰਜਾਬ ਭਵਨ ਵਿਖੇ ਪ੍ਰੈਸ ਕਾਨਫ਼ਰੰਸ ਨੂੰ ਸੰਬੋਧਨ ਕਰਦਿਆਂ ਅਮਨ ਅਰੋੜਾ ਨੇ ਦੱਸਿਆ ਕਿ ਸੁਚੱਜਾ ਪ੍ਰਸ਼ਾਸਨ ਅਤੇ ਸੂਚਨਾ ਅਤੇ ਤਕਨੀਕ ਵਿਭਾਗ ਨੇ ਇਸ ਨਵੇਂ ਸਿਟੀਜ਼ਨ ਪੋਰਟਲ ਦੀ ਵਿਆਪਕ ਡਿਜ਼ਾਈਨਿੰਗ, ਵਿਕਾਸ, ਲਾਗੂ ਕਰਨ ਅਤੇ ਰੱਖ-ਰਖਾਅ ਲਈ ਈ-ਕਨੈਕਟ ਸਾਲਿਊਸ਼ਨਜ਼ ਪ੍ਰਾਈਵੇਟ ਲਿਮਟਿਡ ਨਾਲ 13 ਕਰੋੜ ਰੁਪਏ ਦਾ ਸਮਝੌਤਾ ਸਹੀਬੱਧ ਕੀਤਾ ਹੈ। ਉਨ੍ਹਾਂ ਦੱਸਿਆ ਕਿ ਇਹ ਪੋਰਟਲ ਛੇ ਮਹੀਨਿਆਂ ਅੰਦਰ ਤਿਆਰ ਕਰਕੇ ਸ਼ੁਰੂ ਕਰ ਦਿੱਤਾ ਜਾਵੇਗਾ, ਜਿਸ ਨਾਲ ਸਰਕਾਰੀ ਸੇਵਾਵਾਂ ਤੱਕ ਲੋਕਾਂ ਦੀ ਵਧੇਰੇ ਆਸਾਨ ਪਹੁੰਚ ਯਕੀਨੀ ਬਣੇਗੀ ਅਤੇ ਲੋਕਾਂ ਨੂੰ ਕੁਸ਼ਲ ਅਤੇ ਜਵਾਬਦੇਹੀ ਪ੍ਰਣਾਲੀ ਤਹਿਤ ਸੇਵਾਵਾਂ ਮਿਲਣਗੀਆਂ। ਉਨ੍ਹਾਂ ਦੱਸਿਆ ਕਿ ਸੇਵਾ ਕੇਂਦਰਾਂ ਤੋਂ ਇਲਾਵਾ ਨਾਗਰਿਕ ਹੁਣ ਸਿਟੀਜ਼ਨ ਪੋਰਟਲ ਪਹਿਲ ਤਹਿਤ ਘਰ ਬੈਠੇ ਹੀ ਵੈਬ, ਮੋਬਾਈਲ ਐਪ ਅਤੇ ਵ?ਹਟਸਐਪ ਰਾਹੀਂ ਸੇਵਾਵਾਂ ਲੈ ਸਕਣਗੇ। ਉਨ੍ਹਾਂ ਕਿਹਾ ਕਿ ਨਵਾਂ ਸਿਟੀਜ਼ਨ ਪੋਰਟਲ ਸਾਰੀਆਂ



ਸਰਕਾਰੀ ਸੇਵਾਵਾਂ ਲਈ ਇਕ ਸਿੰਗਲ, ਏਕੀਕ੍ਰਿਤ ਡਿਜੀਟਲ ਗੇਟਵੇ ਹੋਵੇਗਾ, ਜੋ ਨਾਗਰਿਕਾਂ ਨੂੰ ਵਧੇਰੇ ਆਸਾਨ ਢੰਗ ਨਾਲ ਸੇਵਾਵਾਂ ਪ੍ਰਦਾਨ ਕਰੇਗਾ। ਉਨ੍ਹਾਂ ਦੱਸਿਆ ਕਿ ਇਸ ਪ੍ਰਣਾਲੀ ਦੀ ਮੁੱਖ ਵਿਸ਼ੇਸ਼ਤਾ ਇਹ ਹੋਵੇਗੀ ਕਿ ਲੋਕਾਂ ਨੂੰ ਸੇਵਾਵਾਂ ਲੈਣ ਲਈ ਵਾਰ-ਵਾਰ ਦਸਤਾਵੇਜ਼ ਜ਼ਮ?ਹਾ ਕਰਾਉਣ ਦੇ ਝੰਜਟ ਤੋਂ ਛੁਟਕਾਰਾ ਮਿਲੇਗਾ ਕਿਉਂਕਿ ਇਸ ਪ੍ਰਣਾਲੀ ਤਹਿਤ ਸਬੰਧਤ ਬਿਨੈਕਾਰ ਵੱਲੋਂ ਕਿਸੇ ਵੀ ਸੇਵਾ ਲਈ ਪਹਿਲਾਂ ਜਮ?ਹਾ ਕਰਵਾਏ ਗਏ ਲੋੜੀਂਦੇ ਦਸਤਾਵੇਜ਼ ਨੂੰ ਇਹ ਸਿਸਟਮ ਆਟੋ-ਫੈੱਚ (ਆਪਣੇ-ਆਪ ਹਾਸਲ) ਕਰੇਗਾ। ਉਨ੍ਹਾਂ ਦੱਸਿਆ ਕਿ ਇਕ ਵਾਰ ਜਦੋਂ ਕੋਈ ਨਾਗਰਿਕ ਕਿਸੇ ਵੀ ਕਿਸਮ ਦੀ ਸੇਵਾ ਲਈ ਦਸਤਾਵੇਜ਼ ਅਪਲੋਡ ਕਰਦਾ ਹੈ ਤਾਂ ਭਵਿੱਖ 'ਚ ਕਿਸੇ ਵੀ ਐਪਲੀਕੇਸ਼ਨ ਲਈ ਇਹ ਖੁਦ ਹੀ ਆਟੋ-ਫੈਚ ਹੋ ਜਾਣਗੇ। ਕੈਬਨਿਟ ਮੰਤਰੀ ਨੇ ਕਿਹਾ ਕਿ ਏਕੀਕ੍ਰਿਤ ਸਿਟੀਜ਼ਨ ਪੋਰਟਲ ਸਾਰੀਆਂ ਸਰਕਾਰੀ ਸੇਵਾਵਾਂ ਲਈ ਵਨ-ਸਟਾਪ ਸਾਲਿਊਸ਼ਨ ਪੇਸ਼ ਕਰੇਗਾ, ਜਿਸ ਨਾਲ ਨਾਗਿਰਕਾਂ ਨੂੰ ਵੱਖ-ਵੱਖ ਵੈੱਬਸਾਈਟਾਂ 'ਤੇ ਵਿਜ਼ਟ ਕਰਨ ਦੀ ਜ਼ਰੂਰਤ ਨਹੀਂ ਹੋਵੇਗੀ। ਏ. ਆਈ. ਆਧਾਰਤ ਵਰਕਫਲੋਅ ਪ੍ਰਣਾਲੀ ਤੁਰੰਤ ਫ਼ੈਸਲੇ ਲੈਣ ਅਤੇ ਸੇਵਾ ਪ੍ਰਦਾਨ ਕਰਨ ਦੇ ਸਮੇਂ ਨੂੰ ਘਟਾਉਣਾ ਯਕੀਨੀ ਬਣਾਏਗੀ। ਅਮਨ ਅਰੋੜਾ ਨੇ ਦੱਸਿਆ ਕਿ ਇਸ ਪਹਿਲਕਦਮੀ ਨਾਲ ਪੰਜਾਬ ਸਰਕਾਰ ਲਗਭਗ 600 ਆਫਲਾਈਨ ਸੇਵਾਵਾਂ ਨੂੰ ਆਨਲਾਈਨ ਪਲੇਟਫਾਰਮਾਂ 'ਤੇ ਸ਼ੁਰੂ ਕਰਕੇ ਡਿਜੀਟਲ ਸ਼ਾਸਨ ਵਿੱਚ ਕ੍ਰਾਂਤੀ ਲਿਆਉਣ ਲਈ ਪੂਰੀ ਤਰ੍ਹਾਂ ਤਿਆਰ ਹੈ। ਪੰਜਾਬ ਜਨਤਕ ਸੇਵਾਵਾਂ ਦੀ ਡਿਲੀਵਰੀ ਵਿਚ ਪਾਰਦਰਸ਼ਤਾ ਅਤੇ ਜਵਾਬਦੇਹੀ ਐਕਟ 2018 ਤਹਿਤ 848 ਸੇਵਾਵਾਂ ਨੂੰ ਨੋਟੀਫ਼ਾਈ ਕੀਤਾ ਗਿਆ ਹੈ ਅਤੇ 236 ਸੇਵਾਵਾਂ ਪਹਿਲਾਂ ਹੀ ਕਨੈਕਟ ਪੋਰਟਲ 'ਤੇ ਉਪਲਬਧ ਹਨ। ਇਸ ਪਹਿਲਕਦਮੀ ਨਾਲ ਸਾਲਾਨਾ ਲਗਭਗ ਇਕ ਕਰੋੜ ਬਿਨੈਕਾਰਾਂ ਨੂੰ ਲਾਭ ਹੋਵੇਗਾ।